# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 241 | Tuesday, December 17, 2019 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com


## ਗੁਰਦੁਆਰਾ ਰੂੜੀ ਸਾਹਿਬ, ਜਾਹਮਣ ਲਾਹੌਰ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਦੀ ਇਤਿਹਾਸਿਕ ਤਸਵੀਰ ਗੁਰਦੁਆਰਾ ਰੂੜੀ ਸਾਹਿਬ, ਜਾਹਮਣ ਲਾਹੌਰ ਦੀ ਹੈ।

..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

# ਟਾਈਗਰਜੀਤ ਸਿੰਘ ਫਾਊਂਡੇਸ਼ਨ 18 ਦਸੰਬਰ ਨੂੰ ਕਰੇਗੀ ਖਿਡੌਣਿਆਂ ਦੀ ਪਹਿਲੀ ਡਲਿਵਰੀ

ਬਰੈਂਪਟਨ, 16 ਦਸੰਬਰ (ਪੋਸਟ ਬਿਊਰੋ) : ਟਾਈਗਰਜੀਤ ਸਿੰਘ ਫਾਊਂਡੇਸ਼ਨ (ਟੀਜੇਐਸਐਫ) ਵੱਲੋਂ ਬਰੈਂਪਟਨ ਦੀ ਮੇਨ ਸਟਰੀਟ ਉੱਤੇ ਲੋੜਵੰਦ ਪਰਿਵਾਰਾਂ ਦੇ ਬੱਚਿਆਂ ਲਈ ਤਿੰਨ ਟਰੱਕ ਭਰ ਕੇ ਖਿਡੌਣਿਆਂ ਦੇ ਵੰਡਣ ਲਈ ਲਿਆਂਦੇ ਗਏ ਹਨ। ਇਹ ਉਨ੍ਹਾਂ ਪਰਿਵਾਰਾਂ ਲਈ ਸਨ ਜਿਹੜੇ ਛੁੱਟੀਆਂ ਦੇ ਇਸ ਸੀਜ਼ਨ ਵਿੱਚ ਆਪਣੇ ਬੱਚਿਆਂ ਨੂੰ ਖਿਡੌਣੇ ਤਾਂ ਦੇਣਾ ਚਾਹੁੰਦੇ ਹਨ ਪਰ ਦੇ ਨਹੀਂ ਸਕਦੇ।

ਇਨ੍ਹਾਂ ਖਿਡੌਣਿਆਂ ਦੀ ਪਹਿਲੀ ਡਲਿਵਰੀ ਬੁੱਧਵਾਰ 18 ਦਸੰਬਰ ਨੂੰ ਦੁਪਹਿਰੇ 3:00 ਵਜੇ ਐਰਿਨ ਓਕਸ ਸੈਂਟਰ ਫੌਰ ਟਰੀਟਮੈਂਟ ਐਂਡ ਡਿਵੈਲਪਮੈਂਟ, ਜੋ ਕਿ ਬਰੈਂਪਟਨ ਵਿੱਚ 10145 ਮੈਕੀਅਨ ਡਰਾਈਵ ਉੱਤੇ ਸਥਿਤ ਹੈ, ਵਿਖੇ ਕੀਤੀ ਜਾਵੇਗੀ। ਬਰੈਂਪਟਨ ਵਿੱਖ ਖਿਡੌਣਿਆਂ ਦੀ ਇਸ ਡਲਿਵਰੀ ਸਮੇਂ ਟਾਈਗਰਜੀਤ ਸਿੰਘ ਆਪ ਤੇ ਉਨ੍ਹਾਂ ਦੇ ਬੇਟੇ ਟਾਈਗਰ ਅਲੀ ਸਿੰਘ ਤੋਂ ਇਲਾਵਾ ਮੇਅਰ ਪੈਟ੍ਰਿਕ ਬ੍ਰਾਊਨ

...ਬਾਕੀ ਪੰਨਾ 6 'ਤੇ



## ਟਰਾਂਸਪੋਰਟ ਕੈਨੇਡਾ ਵਿੱਚ ਹੋ ਰਹੇ ਪੱਖਪਾਤ ਬਾਰੇ ਡਬਲਿਊਐਸਓ ਨੇ ਗਾਰਨਿਊ ਨੂੰ ਲਿਖੀ ਚਿੱਠੀ

ਓਟਵਾ, 16 ਦਸੰਬਰ (ਪੋਸਟ ਬਿਊਰੋ) : ਸੀਬੀਸੀ ਵੱਲੋਂ ਜਾਰੀ ਕੀਤੀ ਗਈ ਰਿਪੋਰਟ, ਜਿਸ ਦਾ ਸਿਰਲੇਖ ਸੀ-ਨੋ ਫਲਾਇ ਲਿਸਟ ਸਬੰਧੀ ਦਸ ਸਾਲ ਬਾਅਦ ਟਰਾਂਸਪੋਰਟ ਕੈਨੇਡਾ ਨੇ ਜਾਂਚਿਆਂ ਨਸਲੀ ਗਾਣਾ, ਤੋਂ ਬਾਅਦ ਵਰਲਡ ਸਿੱਖ ਆਰਗੇਨਾਈਜ਼ੇਸ਼ਨ (ਡਬਲਿਊਐਸਓ) ਨੇ ਟਰਾਂਸਪੋਰਟ ਮੰਤਰੀ ਮਾਰਕ ਗਾਰਨਿਊ ਨੂੰ ਚਿੱਠੀ ਲਿਖ ਕੇ ਉਸ ਗੱਲ ਉੱਤੇ ਚਿੰਤਾ ਪ੍ਰਗਟਾਈ ਹੈ, ਜਿਸ ਤਰ੍ਹਾਂ ਇਸ ਮੁੱਦੇ ਨਾਲ ਨਜਿੱਠਿਆ ਗਿਆ ਹੈ।

WORLD SIKH ORGANIZATION OF CANADA

ਇਸ ਰਿਪੋਰਟ ਮੁਤਾਬਕ ਅਜੇ ਪਿਛਲੇ ਸਾਲ ਟਰਾਂਸਪਰੋਟ ਕੈਨੇਡਾ ਦੇ ਇੱਕ ਅਧਿਕਾਰੀ ਨੇ ਇਸ ਮਸਲੇ ਵਿੱਚ ਝਾਤੀ ਮਾਰਨ ਦੀ ਕੋਸ਼ਿਸ਼ ਕੀਤੀ ਜਿਹੜਾ ਨਸਲੀ ਵਿਤਕਰੇ ਦੇ ਸਬੰਧ ਵਿੱਚ ਅਸਲ ਵਿੱਚ 2008 ਵਿੱਚ ਸਾਂਝਾ ਕੀਤਾ ਗਿਆ ਸੀ। ਇਸ ਨਾਲ ਟਰਾਂਸਪੋਰਟ ਕੈਨੇਡਾ ਦੇ ਨੋ ਫਲਾਇ ਲਿਸਟ ਪ੍ਰੋਗਰਾਮ ਦੀ ਕਮਜ਼ੋਰੀ ਸਾਫ ਝਲਕਦੀ ਹੈ। ਉਸ ਸਮੇਂ ਟਰਾਂਸਪੋਰਟ ਕੈਨੇਡਾ ਨੂੰ ਭੇਜੀ ਗਈ ਈਮੇਲ ਵਿੱਚ

...ਬਾਕੀ ਪੰਨਾ 6 'ਤੇ

## ਲੇਕ ਓਨਟਾਰੀਓ ਵਿੱਚੋਂ ਮਿਲੀ ਪੰਜਾਬੀ ਕੁੜੀ ਦੀ ਲਾਸ਼!

ਬਰੈਂਪਟਨ, 16 ਦਸੰਬਰ (ਪੋਸਟ ਬਿਊਰੋ) : ਸ਼ਨਿੱਚਰਵਾਰ ਦੇਰ ਰਾਤ ਪੋਰਟ ਕ੍ਰੈਡਿਟ ਵਿੱਚ ਲੇਕ ਓਨਟਾਰੀਓ ਤੋਂ ਇੱਕ 21 ਸਾਲਾ ਲੜਕੀ ਦੀ ਲਾਸ਼ ਮਿਲੀ ਹੈ। ਇਹ ਪਤਾ ਲੱਗਿਆ ਹੈ ਕਿ ਇਹ ਲਾਸ਼ ਓਨਟਾਰੀਓ ਦੇ ਮਿਸੀਸਾਗਾ ਸ਼ਹਿਰ ਵਿੱਚ ਰਹਿਣ ਵਾਲੀ ਪੰਜਾਬੀ ਮੂਲ ਦੀ 21 ਸਾਲਾ ਵਿਦਿਆਰਥਣ ਦੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਤੀਂ 11:00 ਵਜੇ ਫੋਨ ਕਾਲ ਆਈ ਤੇ ਇੱਕ ਵਿਅਕਤੀ ਨੇ ਉਨ੍ਹਾਂ ਨੂੰ ਦੱਸਿਆ ਕਿ ਉਸ ਦੀ ਜਾਣਪਛਾਣ ਵਾਲੀ ਇੱਕ ਲੜਕੀ ਨੇ ਲੇਕ ਓਨਟਾਰੀਓ ਵਿੱਚ ਛਾਲ ਮਾਰ ਦਿੱਤੀ ਹੈ। ਉਸ ਨੇ ਦੱਸਿਆ ਕਿ ਇਹ ਘਟਨਾ ਸਟੇਵਬੈਂਕ ਤੇ ਲੇਕਸ਼ੋਰ ਰੋਡਜ਼ ਦੀ ਹੈ। ਥੋੜ੍ਹੀ ਦੇਰ ਬਾਅਦ ਹੀ ਮੌਕੇ ਉੱਤੇ ਪਹੁੰਚੇ ਐਮਰਜੰਸੀ ਅਮਲੇ ਨੇ ਮਹਿਲਾ ਨੂੰ ਪਾਣੀ ਵਿੱਚੋਂ ਤਾਂ ਬਾਹਰ ਕੱਢ ਲਿਆ ਪਰ ਉਸ ਦਾ ਸਾਹ ਸਤ ਨਹੀਂ ਸੀ ਚੱਲ ਰਿਹਾ। ਉਸ ਨੂੰ ਹਸਪਤਾਲ ਲਿਜਾਇਆ ਗਿਆ ਪਰ ਬਾਅਦ ਵਿੱਚ ਉੱਥੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਪੁਲਿਸ ਵੱਲੋਂ ਅਜੇ ਮ੍ਰਿਤਕਾ ਦੀ ਪਛਾਣ ਜ਼ਾਹਿਰ ਨਹੀਂ ਕੀਤੀ ਗਈ ਹੈ। ਇਹ ਵੀ ਪਤਾ ਲੱਗਿਆ ਹੈ ਕਿ ਇਹ ਲੜਕੀ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੀ ਹੈ। ਜਾਂਚਕਾਰਾਂ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
• Life Insurance • Super Visa Insurance
• Critical illness Ins • Mortgage Insurance
• Travel & Visitor Ins • Disability Insurance
• RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

ਰੈਨੋਵੇਸ਼ਨ, ਡਿਜ਼ਾਇਨ ਜਾਂ ਕੰਸਟ੍ਰੱਕਸ਼ਨ ਲਈ
ANGLECON CONSTRUCTION
Fully Insured | Team of licensed trades | Quality work & on-time insured
RESIDENTIAL: ਕਸਟਮ ਮੇਡ ਘਰ, ਘਰਾਂ ਦੀ ਪੂਰੀ ਤਸਲੀਬਖ਼ਸ਼ ਰੈਨੋਵੇਸ਼ਨ, ਲੀਗਲ ਬੇਸਮੈਂਟ
COMMERCIAL: New store design & build, Lease hold Improvements, Medical, offices, retail, restaurants & salon
FAST TRACK PERMIT & CONSTRUCTION 437.219.5009 info@anglecon.ca
BRAMPTON • MISSISSAUGA • ETOBICOKE • OAKVILLE
ਬਰੈਂਪਟਨ • ਮਿਸੀਸਾਗਾ • ਇਟੋਬੀਕੋਕ • ਓਕਵਿਲ

HELPING YOUR PLAN TODAY......FOR TOMORROW
• Supervisa / Visitor Insurance
• Life / Mortgage / Funeral Insurance
• Disability Insurance
• Critical Illness Insurance
• RESP / RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton, ON, L6X0T9

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ? ਗਾਰਨਿਸ਼ਮੈਂਟ? ਬੈਂਕ ਵਲੋਂ ਪੈਸੇ ਦੀ ਮੰਗ? ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks / Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax: 905-216-0392

SNOW PLOWING & SALTING SERVICES
WE SERVICE ALL KINDS OF PROPERTIES
- Truck & Trailer parking yards
- Plazas & Industrial buildings
- Banquet halls & restaurants
- Gas stations & repair shops
- Offices & Clinics
We are Professional, Reliable & Experienced
AAA LANDSCAPING CO. LTD | 647-784-1213

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

• Super Visa Insurance
• Visitor Visa Insurance
• Travel Insurance
• Student Insurance
• New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc.
647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
ਅਮਨ ਟਰੈਵਲ
Gaurav Gupta
905.796.3535
SPECIAL FARES TO DELHI & AMRITSAR | LAST MINUTE DEALS AVAILABLE
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਮੋਦੀ ਦੂਜਿਆਂ ’ਤੇ ਲਾਉਂਦਾ ਦੋਸ਼ ਜਦ ਵੀ,
ਜਾਂਦਾ ਏ ਸਾਰੀਆਂ ਹੱਦਾਂ ਫਿਰ ਟੱਪ ਮੀਆਂ।
ਜਿਹੜੀ ਗੱਲ ਵਿਸ਼ਵਾਸ ਦੇ ਯੋਗ ਵੀ ਨਹੀਂ,
ਮਾਰੀ ਜਾਂਦਾ ਫਿਰ ਏਹੋ ਜਿਹੀ ਗੱਪ ਮੀਆਂ।
ਬੜਾ ਈ ਨਹਿਰੂ ਪਰਵਾਰ ਦੇ ਪਿਆ ਪਿੱਛੇ,
ਜਿੱਧਰ ਵੀ ਬੋਲਦਾ, ਦੇਂਦਾ ਹੈ ਠੱਪ ਮੀਆਂ।
ਅੰਕੜੇ ਠੀਕ ਨਹੀਂ ਕਦੀ ਵੀ ਪੇਸ਼ ਕਰਦਾ,
ਚੁਣ ਕੇ ਟੋਟਕੇ ਪਾਉਂਦਾ ਉਹ ਲੱਪ ਮੀਆਂ।
ਲੱਗ ਪਓ ਫੋਲਣ ਜਾਂ ਮੋਦੀ ਦੇ ਭਾਸ਼ਣਾਂ ਨੂੰ,
ਮਿਲਦੀ ਸੁਰ ਨਾ ਕਦੀ ਕੋਈ ਤਾਨ ਮੀਆਂ।
ਟੁੱਟਦੀ ਤਾੜੀਆਂ ਦੀ ਤਦ ਵੀ ਲੜੀ ਹੈਨਾ,
ਖੜਕਦਾ ਸੰਘ ਪਰਵਾਰੀਆ ਭਾਨ ਮੀਆਂ।

**ਤੀਸ ਮਾਰ ਖਾਂ**

# ਕਾਰਬਨ ਟੈਕਸ ਵਿਵਾਦ : ਅਲਬਰਟਾ, ਓਟਵਾ ਅਪੀਲ ਕੋਰਟ ਪਹੁੰਚੇ

ਐਡਮੰਟਨ, 16 ਦਸੰਬਰ (ਪੋਸਟ ਬਿਊਰੋ) : ਇੱਕ ਸਾਲ ਪਹਿਲਾਂ ਅਲਬਰਟਾ ਦੇ ਯੂਨਾਇਟਿਡ ਕੰਜ਼ਰਵੇਟਿਵ ਪਾਰਟੀ ਆਗੂ ਨੇ 1500 ਸਮਰਥਕਾਂ ਅੱਗੇ ਖੜ੍ਹੇ ਹੋ ਕੇ ਇਹ ਆਖਿਆ ਸੀ ਕਿ ਫੈਡਰਲ ਸਰਕਾਰ ਵੱਲੋਂ ਲਾਇਆ ਗਿਆ ਕਾਰਬਨ ਟੈਕਸ ਅਜਿਹਾ ਆਰਥਿਕ ਨਾਸੂਰ ਹੈ ਜਿਹੜਾ ਹਮੇਸ਼ਾਂ ਸਾਲਦਾ ਰਹੇਗਾ। ਉਨ੍ਹਾਂ ਆਖਿਆ ਸੀ ਕਿ ਪ੍ਰੀਮੀਅਰ ਚੁਣੇ ਜਾਣ ਤੋਂ ਬਾਅਦ ਉਹ ਹਰ ਉਹ ਹੀਲਾ ਵਰਤਣਗੇ ਜਿਹੜਾ ਉਨ੍ਹਾਂ ਦੇ ਹੱਥ ਵੱਸ ਹੋਵੇਗਾ।

ਬੀਤੀ ਬਹਾਰ ਵਿੱਚ ਜੇਸਨ ਕੇਨੀ ਚੋਣਾਂ ਵਿੱਚ ਜਿੱਤ ਹਾਸਲ ਕਰਨ ਵਿੱਚ ਕਾਮਯਾਬ ਰਹੇ ਤੇ ਸਰਕਾਰੀ ਵਕੀਲਾਂ ਵੱਲੋਂ ਅਲਬਰਟਾ ਦੇ ਅਪੀਲ ਕੋਰਟ ਸਾਹਮਣੇ ਇਹ ਤਰਕ ਪੇਸ਼ ਕੀਤਾ ਜਾ ਰਿਹਾ ਹੈ ਕਿ ਇਸ ਤੋਂ ਭਾਵ ਇਹ ਹੈ ਕਿ ਉਹ ਆਪਣੀ ਟੈਕਸ ਸਬੰਧੀ ਲੜਾਈ ਵੀ ਜਿੱਤ ਗਏ ਹਨ। ਅਲਬਰਟਾ ਦਾ ਕਹਿਣਾ ਹੈ ਕਿ ਇਹ ਪ੍ਰੋਵਿੰਸ ਦੇ ਅਧਿਕਾਰ ਖੇਤਰ ਵਿੱਚ ਗੈਰਸਿਧਾਂਤਕ ਦਖਲ ਹੈ ਤੇ ਇਹ ਸਾਡੇ ਸੰਵਿਧਾਨਕ ਪ੍ਰਬੰਧ ਦੇ ਮੂਲ ਢਾਂਚੇ ਨੂੰ ਕਮਜ਼ੋਰ ਵੀ ਕਰੇਗਾ।

ਦੋ ਹੋਰ ਪ੍ਰੋਵਿੰਸ਼ੀਅਲ ਅਪੀਲ ਕੋਰਟ ਇਸ ਨਾਲੋਂ ਵੱਖਰੀ ਸੋਚ ਰੱਖਦੇ ਹਨ। ਓਨਟਾਰੀਓ ਤੇ ਸਸਕੈਚਵਨ ਕਾਰਬਨ ਉੱਤੇ ਲਾਏ ਗਏ ਫੈਡਰਲ ਟੈਕਸ



ਸਬੰਧੀ ਆਪਣੀ ਚੁਣੌਤੀ ਹਾਰ ਬੈਠੇ। ਯੂਨੀਵਰਸਿਟੀ ਆਫ ਅਲਬਰਟਾ ਦੇ ਲਾਅ ਪ੍ਰੋਫੈਸਰ ਐਰਿਕ ਐਡਮਜ਼ ਦਾ ਕਹਿਣਾ ਹੈ ਕਿ ਸੋਮਵਾਰ ਨੂੰ ਵੀ ਕੋਈ ਨਵੇਂ ਤਰਕ ਨਹੀਂ ਸੁਣਾਈ ਦੇਣ ਵਾਲੇ। ਤਰਕ ਇਹ ਹੈ ਕਿ ਲੋਕਲ ਲੈਵਲ ਉੱਤੇ ਕੀਤੇ ਜਾਣ ਵਾਲੇ ਇਨਸਾਫ ਲਈ ਅਜਿਹੇ ਜੱਜ ਚਾਹੀਦੇ ਹਨ ਜਿਹੜੇ ਸਬੰਧਤ ਖੇਤਰ ਵਿੱਚ ਰਹਿੰਦੇ ਹੋਣ ਤੇ ਉੱਥੋਂ ਦੇ ਲੋਕਾਂ ਦੀਆਂ ਚਿੰਤਾਵਾਂ ਤੇ ਦਿੱਕਤਾਂ ਨੂੰ ਸਮਝਦੇ ਹੋਣ। ਕਈ ਵਾਰੀ ਸੰਵਿਧਾਨਕ ਤਰਕ, ਜਿਹੜਾ ਕਿਸੇ ਖਾਸ ਥਾਂ ਉੱਤੇ ਦਿੱਤਾ ਜਾਂਦਾ ਹੈ ਤਾਂ ਉਸ ਥਾਂ ਦਾ ਅਲੱਗ ਹੀ ਅੰਦਾਜ਼ ਹੁੰਦਾ ਹੈ।

ਐਡਮਸ ਦਾ ਕਹਿਣਾ ਹੈ ਕਿ ਉਸ ਦਾ ਮੰਨਣਾ ਹੈ ਕਿ ਅਲਬਰਟਾ ਸ਼ਾਇਦ ਹੀ ਜਿੱਤੇ। ਪਰ ਜੇ ਉਹ ਨਹੀਂ ਜਿੱਤਦੇ ਤਾਂ ਉਹ ਜੱਜਾਂ ਤੋਂ ਉਨ੍ਹਾਂ ਦੇ ਮਸਲੇ ਵਿੱਚ ਵਜ਼ਨ ਪਾਉਣ ਤੇ ਭਰੋਸਾ ਪ੍ਰਗਟਾਉਣ ਦੀ ਆਸ ਕਰਨਗੇ। ਓਟਵਾ ਦਾ ਕਹਿਣਾ ਹੈ ਕਿ ਸੰਵਿਧਾਨ ਦਾ ਪੀਸ, ਆਰਡਰ ਐਂਡ ਗੁੱਡ ਗਵਰਮੈਂਟ ਕਲਾਜ਼ ਕੌਮੀ ਚਿੰਤਾ ਵਾਲੇ ਵਿਸ਼ਿਆਂ ਉੱਤੇ ਬਿੱਲ ਪਾਸ ਕਰਨ ਦੀ ਸ਼ਕਤੀ ਸਰਕਾਰ ਨੂੰ ਦਿੰਦਾ ਹੈ। ਸਰਕਾਰ ਦਾ ਇਹ ਵੀ ਕਹਿਣਾ ਹੈ ਕਿ ਇਹ ਮੁੱਦਾ ਕੌਮੀ ਚਿੰਤਾ ਦਾ ਵਿਸ਼ਾ ਹੈ ਇਸ ਲਈ ਇਸ ਨੂੰ ਹੱਲ ਕੀਤਾ ਜਾਣਾ ਵੀ ਪਾਰਲੀਆਮੈਂਟ ਦੇ ਹੱਥ ਵਿੱਚ ਹੀ ਹੈ।

ਅਲਬਰਟਾ ਦਾ ਕਹਿਣਾ ਹੈ ਕਿ ਇਹ ਕਲਾਜ਼ ਫੈਡਰਲ ਸਰਕਾਰ ਦੀਆਂ ਸ਼ਕਤੀਆਂ ਦਾ ਖਾਹਮਖਾਹ ਪਸਾਰ ਹੈ। ਸਸਕੈਚਵਨ ਦੇ ਪੰਜ ਵਿੱਚੋਂ ਤਿੰਨ ਅਤੇ ਓਨਟਾਰੀਓ ਦੇ ਪੰਜਾਂ ਵਿੱਚੋਂ ਚਾਰ ਵਕੀਲ ਓਟਵਾ ਨਾਲ ਸਹਿਮਤ ਹਨ। ਪਿਛਲੇ ਫੈਸਲਿਆਂ ਵਿੱਚ ਵੀ ਵਾਤਾਵਰਣ ਨੂੰ ਸਾਂਝੇ ਅਧਿਕਾਰ ਖੇਤਰ ਦਾ ਮੁੱਦਾ ਮੰਨਿਆ ਗਿਆ ਹੈ।

## ਐੱਨ ਓ ਸੀ ਦੇ ਬਿਨਾਂ ਨਾਜਾਇਜ਼ ਕਲੋਨੀਆਂ ਦੇ ਪਲਾਟ ਜਾਂ ਘਰ ਦੀ ਰਜਿਸਟਰੀ ਨਹੀਂ ਹੋਵੇਗੀ

ਜਲੰਧਰ, 16 ਦਸੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਨਾਜਾਇਜ਼ ਕਲੋਨੀਆਂ ਵਿੱਚ ਰਿਹਾਇਸ਼ੀ ਅਤੇ ਕਾਰੋਬਾਰੀ ਜਾਇਦਾਦਾਂ ਦੀ ਐੱਨ ਓ ਸੀ (ਨੋ ਆਬਜੈਕਸ਼ਨ ਸਰਟੀਫਿਕੇਟ) ਦੇ ਬਿਨਾਂ ਰਜਿਸਟਰੀ/ ਟਰਾਂਸਫਰ ਡੀਡ ਕਰਨ ਉਤੇ ਪਾਬੰਦੀ ਲਾ ਦਿੱਤੀ ਹੈ। ਕੱਲ੍ਹ ਪੰਜਾਬ ਦੇ ਮਾਲ ਅਤੇ ਡਿਜ਼ਾਸਟਰ ਮੈਨੇਜਮੈਂਟ ਵਿਭਾਗ ਦੇ ਸਪੈਸ਼ਲ ਸੈਕਟਰੀ ਨੇ ਰਾਜ ਦੇ ਸਾਰੇ ਰਜਿਸਟਰਾਰ, ਸਬ ਰਜਿਸਟਰਾਰ ਅਤੇ ਸਹਿ ਰਜਿਸਟਰਾਰ ਨੂੰ ਹੁਕਮ ਜਾਰੀ ਕੀਤੇ ਹਨ ਕਿ ਉਹ ਐਨ ਓ ਸੀ ਦੇ ਬਿਨਾਂ ਕਿਸੇ ਪ੍ਰਾਪਰਟੀ ਦੀ ਵਿਕਰੀ ਜਾਂ ਟਰਾਂਸਫਰ ਨਾ ਕਰਨ, ਪਰ ਰਜਿਸਟਰੀ ਤੋਂ ਮਨ੍ਹਾ ਨਾ ਕੀਤਾ ਜਾਵੇ ਅਤੇ ਜਦ ਤੱਕ ਸੰਬੰਧਤ ਵਿਭਾਗ ਤੋਂ ਜਾਰੀ ਐਨ ਓ ਸੀ ਪੇਸ਼ ਨਹੀਂ ਕੀਤੀ ਜਾਂਦੀ, ਤਦ ਤੱਕ ਵਸੀਕੇ ਨੂੰ ਰਜਿਸਟਰੇਸ਼ਨ ਲਈ ਪੈਂਡਿੰਗ ਕੇਸਾਂ ਵਾਲੀ ਫਾਈਲ ਦਾ ਹਿੱਸਾ ਬਣਾਈ ਰੱਖਿਆ ਜਾਵੇ।

ਸਪੈਸ਼ਲ ਸੈਕਟਰੀ ਨੇ ਦੱਸਿਆ ਕਿ ਪੰਜਾਬ ਅਪਾਰਟਮੈਂਟ ਅਤੇ ਰੈਗੂਲੇਸ਼ਨ ਐਕਟ 1995 ਦੀ ਧਾਰਾ 29 ਅਤੇ ਧਾਰਾ 20 (3) ਵਿੱਚ ਕੀਤੀ ਸੋਧ ਦੇ ਅਨੁਸਾਰ ਸਬ ਰਜਿਸਟਰਾਰ/ ਸਹਿ ਰਜਿਸਟਰਾਰ ਇਹ ਤਸੱਲੀ ਕਰਨ ਪਿੱਛੋਂ ਹੀ ਨਾਜਾਇਜ਼ ਕਲੋਨੀਆਂ ਵਿੱਚ ਰਜਿਸਟਰੀ ਕਰਨਗੇ ਕਿ ਸੰਬੰਧਤ ਵਿਭਾਗ ਨੇ ਉਸ ਪ੍ਰਾਪਰਟੀ ਦੇ ਲਈ ਐਨ ਓ ਸੀ ਜਾਰੀ ਕੀਤੀ ਹੈ ਜਾਂ ਨਹੀਂ? ਉਨ੍ਹਾਂ ਦੱਸਿਆ ਕਿ ਇਹ ਕੇਸ ਕਾਨੂੰਨੀ ਵਿਭਾਗ ਨੂੰ ਰਾਏ ਦੇਣ ਲਈ ਰੈਫਰ ਕੀਤਾ ਸੀ ਕਿ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ ਐਕਟ 1995 ਵਿੱਚ ਇਸ ਸੋਧ ਦੇ ਨੋਟੀਫਿਕੇਸ਼ਨ ਮੁਤਾਬਕ ਸਬ ਰਜਿਸਟਰਾਰ/ ਜਾਇੰਟ ਸਬ ਰਜਿਸਟਰਾਰ ਆਦਿ ਰਜਿਸਟਰੇਸ਼ਨ ਐਕਟ 1908 ਦੀਆਂ ਧਾਰਾਵਾਂ ਹੇਠ ਕੰਮ ਕਰਨ ਦੇ ਪਾਬੰਦ ਹਨ ਜਾਂ ਨਹੀਂ? ਵਿਭਾਗ ਨੇ ਰਾਏ ਦਿੱਤੀ ਹੈ ਕਿ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਪੰਜਾਬ ਅਪਾਰਟਮੈਂਟ ਤੇ ਪ੍ਰਾਪਰਟੀ ਰੈਗੂਲੇਸ਼ਨ ਐਕਟ 1995, ਜੋ ਸਟੇਟ ਐਕਟ ਹੈ, ਦੇ ਕਾਰਨ ਰਜਿਸਟਰਾਰ, ਸਬ ਰਜਿਸਟਰਾਰ ਸੈਂਟਰਲ ਐਕਟ ਦੀ ਧਾਰਾ ਹੇਠ ਕੰਮ ਕਰਨ ਦੇ ਪਾਬੰਦ ਨਹੀਂ।

## ਕਪੂਰਥਲਾ ਜੇਲ੍ਹ ਵਿੱਚ ਬੰਦ ਨਸ਼ਿਆਂ ਦੇ ਦੋਸ਼ੀ ਨੌਜਵਾਨ ਦੀ ਮੌਤ

ਆਦਮਪੁਰ, 16 ਦਸੰਬਰ (ਪੋਸਟ ਬਿਊਰੋ)- ਚੂਰਾ ਪੋਸਤ ਦੀ ਤਸਕਰੀ ਦੇ ਲਈ ਫੜੇ ਗਏ ਦੋਸ਼ੀ ਦੀ ਮੌਤ ਦੇ ਬਾਅਦ ਪਰਵਾਰ ਨੇ ਆਦਮਪੁਰ ਪੁਲਸ 'ਤੇ ਤਸ਼ੱਦਦ ਦਾ ਦੋਸ਼ ਲਾ ਕੇ ਸੰਬੰਧਤ ਪੁਲਸ ਵਾਲਿਆਂ 'ਤੇ ਧਾਰਾ 302 ਦਾ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ, ਜਿਸ ਬਾਰੇ ਜਾਂਚ ਕੀਤੀ ਜਾ ਰਹੀ ਹੈ।

ਆਦਮਪੁਰ ਪੁਲਸ ਦੇ ਏ ਐੱਸ ਆਈ ਆਮਿਰ ਸਿੰਘ ਨੇ ਪਿੰਡ ਲੇਸੜੀਵਾਲ ਦੇ ਨਰੇਸ਼ ਪੁੱਤਰ ਫਤਿਹ ਚੰਦ ਨੂੰ ਪਿੰਡ ਚੂਹੜਵਾਲੀ ਤੋਂ ਬਾਈਕ 'ਤੇ ਚੂਰਾ ਪੋਸਤ ਸਮੇਤ ਗ੍ਰਿਫਤਾਰ ਕੀਤਾ ਅਤੇ 13 ਅਕਤੂਬਰ ਨੂੰ ਕੇਸ ਦਰਜ ਕਰ ਕੇ ਮਾਡਰਨ ਜੇਲ੍ਹ ਕਪੂਰਥਲਾ ਭੇਜ ਦਿੱਤਾ ਗਿਆ, ਜਿੱਥੇ ਉਸ ਦੀ ਤਬੀਅਤ ਜ਼ਿਆਦਾ ਖਰਾਬ ਹੋ ਗਈ। ਉਸ ਨੂੰ ਗੁਰੂ ਨਾਨਕ ਹਸਪਤਾਲ ਅੰਮ੍ਰਿਤਸਰ ਭਰਤੀ ਕਰਾਇਆ ਗਿਆ ਤਾਂ ਸਿਹਤ ਵਿਗੜਦੀ ਦੇਖ ਕੇ ਅਦਾਲਤ ਨੇ 10 ਦਸੰਬਰ ਨੂੰ ਉਸ ਨੂੰ ਜ਼ਮਾਨਤ 'ਤੇ ਛੱਡ ਦਿੱਤਾ ਸੀ। ਉਸ ਨੂੰ 11 ਦਸੰਬਰ ਦੀ ਰਾਤ ਆਦਮਪੁਰ ਸਰਕਾਰੀ ਹਸਪਤਾਲ ਲਿਆਂਦਾ ਗਿਆ, ਜਿੱਥੇ ਉਸ ਨੇ ਦਮ ਤੋੜ ਦਿੱਤਾ। ਇਸ ਬਾਰੇ ਮ੍ਰਿਤਕ ਨਰੇਸ਼ ਦੇ ਭਰਾ ਕਮਲ ਕੁਮਾਰ ਚੋਡਾ ਨੇ ਏ ਐੱਸ ਆਈ ਆਮਿਰ ਸਿੰਘ ਤੇ ਹੌਲਦਾਰ ਰੇਸ਼ਮ ਸਿੰਘ ਉੱਤੇ ਦੋਸ਼ ਲਾਇਆ ਕਿ ਉਨ੍ਹਾਂ ਨੇ ਨਰੇਸ਼ 'ਤੇ ਥਰਡ ਡਿਗਰੀ ਵਰਤੀ ਸੀ ਅਤੇ ਜਿਸ ਦਿਨ ਨਰੇਸ਼ ਫੜਿਆ ਗਿਆ, ਓਦੋਂ ਤੋਂ ਉਹ ਠੀਕ ਤਰ੍ਹਾਂ ਚਲ ਨਹੀਂ ਰਿਹਾ ਸੀ। ਜੇਲ੍ਹ ਵਿੱਚ ਉਸ ਨੂੰ ਸਹੀ ਇਲਾਜ ਨਹੀਂ ਮਿਲਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ।

## ਸਕਾਰਲੈੱਟ ਰੋਡ ਤੇ ਡੰਡਾਸ ਨੇੜੇ ਚਾਰ ਮਸ਼ਕੂਕਾਂ ਨੇ ਮਾਰਿਆ ਡਾਕਾ



ਟੋਰਾਂਟੋ, 16 ਦਸੰਬਰ (ਪੋਸਟ ਬਿਊਰੋ) : ਰਾਤ ਸਮੇਂ ਪਏ ਡਾਕੇ ਅਤੇ ਚੱਲੀ ਗੋਲੀ ਦੇ ਸਬੰਧ ਵਿੱਚ ਪੁਲਿਸ ਚਾਰ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ।

ਇਹ ਸੱਭ ਰਾਤੀਂ 1:45 ਉੱਤੇ ਸਕਾਰਲੈਟ ਰੋਡ ਤੇ ਡੰਡਾਸ ਸਟਰੀਟ ਇਲਾਕੇ ਵਿੱਚ ਵਾਪਰਿਆ। ਚਾਰ ਨਕਾਬਪੋਸ਼ ਵਿਅਕਤੀਆਂ ਨੇ ਕਥਿਤ ਤੌਰ ਉੱਤੇ ਇੱਕ ਵਿਅਕਤੀ ਦਾ ਪਿੱਛਾ ਗੈਰਾਜ ਤੱਕ ਕੀਤਾ। ਫਿਰ ਮਸ਼ਕੂਕਾਂ ਨੇ ਅਚਾਨਕ ਹਥਿਆਰ ਕੱਢ ਲਏ ਤੇ ਕਈ ਗੋਲੀਆਂ ਚਲਾਈਆਂ। ਬਾਅਦ ਵਿੱਚ ਇਸ ਗੱਲ ਦੀ ਪੁਸਟੀ ਕੀਤੀ ਗਈ ਕਿ ਇਸ ਦੌਰਾਨ ਫੋਕੇ ਫਾਇਰ ਕੀਤੇ ਗਏ। ਇਸ ਦੌਰਾਨ ਕਿਸੇ ਦੇ ਜਖਮੀ ਹੋਣ ਦੀ ਖਬਰ ਨਹੀਂ ਮਿਲੀ ਹੈ।

ਪੁਲਿਸ ਦਾ ਮੰਨਣਾ ਹੈ ਕਿ ਇਹੀ ਗਿਰੋਹ ਪਿਛਲੇ 24 ਘੰਟਿਆਂ ਦੌਰਾਨ ਤਿੰਨ ਹੋਰਨਾਂ ਥਾਂਵਾਂ ਉੱਤੇ ਇਹੋ ਜਿਹੇ ਹੀ ਡਾਕੇ ਮਾਰਨ ਲਈ ਜਿੰਮੇਵਾਰ ਹੈ। ਪਹਿਲਾ ਡਾਕਾ ਕਿਪਲਿੰਗ ਐਵਨਿਊ ਤੇ ਡਿਕਸਨ ਰੋਡ ਉੱਤੇ ਮਾਰਿਆ ਗਿਆ, ਇੱਕ ਹੋਰ ਇਸਲਿੰਗਟਨ ਐਵਨਿਊ ਤੇ ਹਾਈਵੇਅ 401 ਉੱਤੇ ਸਥਿਤ ਵਾਲਮਾਰਟ ਦੇ ਪਾਰਕਿੰਗ ਲੌਟ ਵਿੱਚ ਮਾਰਿਆ ਗਿਆ। ਮਸਕੂਕਾਂ ਨੂੰ ਸਿਆਹ ਰੰਗ ਦੀ ਬੀਐਮਡਬਲਿਊ ਵਿੱਚ ਵੇਖਿਆ ਗਿਆ।

## ਚਾਰ ਸਾਹਿਬਜ਼ਾਦਿਆਂ ਤੇ ਮਾਤਾ ਗੁਜਰ ਕੌਰ ਦੀ ਯਾਦ ਵਿਚ ਸ਼ਹੀਦੀ ਸਮਾਗ਼ਮ 23 ਤੋਂ 25 ਦਸੰਬਰ ਨੂੰ

ਮਿਸੀਸਾਗਾ, (ਡਾ. ਝੰਡ) - ਸਰਬੰਸਦਾਨੀ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪੂਜਨੀਕ ਮਾਤਾ ਜੀ ਗੁਜਰ ਕੌਰ ਅਤੇ ਚਾਰੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਜੀ ਦੀ ਲਾਸਾਨੀ ਸ਼ਹੀਦੀ ਜੋ ਰਹਿੰਦੀ ਦੁਨੀਆਂ ਤੀਕ ਯਾਦ ਰਹੇਗੀ, ਦੀ ਨਿੱਘੀ ਯਾਦ ਨੂੰ ਮਨਾਉਣ ਲਈ ਬਾਬਾ ਜ਼ੋਰਾਵਰ ਸਿੰਘ ਬਾਬਾ ਫ਼ਤਿਹ ਸਿੰਘ ਯਾਦਗਾਰੀ ਕਮੇਟੀ ਫ਼ਤਿਹਗੜ੍ਹ ਸਾਹਿਬ ਅਤੇ ਟੋਰਾਂਟੋ ਇਲਾਕਾ ਨਿਵਾਸੀ ਸੰਗਤਾਂ ਵੱਲੋਂ ਓਨਟਾਰੀਓ ਖਾਲਸਾ ਦਰਬਾਰ ਡਿਕਸੀ ਰੋਡ ਗੁਰ-ਦੁਆਰਾ ਸਾਹਿਬ ਦੇ ਹਾਲ ਨੰਬਰ 3 ਅਤੇ 4 ਵਿਚ ਸੋਮਵਾਰ ਮਿਤੀ 23 ਦਸੰਬਰ ਨੂੰ ਸਵੇਰੇ 10.00 ਵਜੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਖੰਡ ਪਾਠ ਅਰੰਭ ਹੋਣਗੇ ਜਿਨ੍ਹਾਂ ਦੇ ਭੋਗ 25 ਦਸੰਬਰ ਦਿਨ ਬੁੱਧਵਾਰ ਨੂੰ ਸਵੇਰੇ 10.30 ਵਜੇ ਪਾਏ ਜਾਣਗੇ। ਉਪਰੰਤ, ਰਾਗੀ ਸਿੰਘਾਂ ਵੱਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਹੋਵੇਗਾ, ਪ੍ਰਸਿੱਧ ਕਥਾਕਾਰ ਭਾਈ ਗੁਲਜ਼ਾਰ ਸਿੰਘ ਗੁਰੂ ਗੋਬਿੰਦ ਸਿੰਘ ਜੀ ਤੇ ਚਾਰ ਸਾਹਿਬਜ਼ਾਦਿਆਂ ਦੇ ਜੀਵਨ ਤੇ ਗੌਰਵਮਈ ਸਿੱਖ ਇਤਿਹਾਸ ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ ਅਤੇ ਢਾਡੀ-ਸਿੰਘਾਂ ਵੱਲੋਂ ਸੂਰਬੀਰਾਂ ਦੀਆਂ ਵਾਰਾਂ ਦਾ ਗਾਇਨ ਕੀਤਾ ਜਾਏਗਾ।

ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਪਰਿਵਾਰਾਂ ਸਮੇਤ ਇਸ ਸ਼ਹੀਦੀ ਸਮਾਗ਼ਮ ਵਿਚ ਪਹੁੰਚ ਕੇ ਕੌਮ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੋ ਅਤੇ ਕਥਾ-ਵਾਚਕਾਂ ਤੇ ਢਾਡੀ-ਸਿੰਘਾਂ ਦੇ ਵਿਚਾਰ ਸੁਣੋ, ਜੀ। ਇਸ ਸਮਾਗ਼ਮ ਸਬੰਧੀ ਹੋਰ ਜਾਣਕਾਰੀ ਲਈ ਫ਼ੋਨ ਨੰਬਰਾਂ 647-833-2748 ਜਾਂ 905-670-3311 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਉਨਾਵ ਬਲਾਤਕਾਰ ਕੇਸ

## ਭਾਜਪਾ ਦਾ ਵਿਧਾਇਕ ਕੁਲਦੀਪ ਸਿੰਘ ਸੇਂਗਰ ਅਦਾਲਤ ਵੱਲੋਂ ਦੋਸ਼ੀ ਕਰਾਰ

ਨਵੀਂ ਦਿਲ਼ੀ, 16 ਦਸੰਬਰ, (ਪੋਸਟ ਬਿਊਰੋ)- ਸਾਲ 2017 ਵਿੱਚ ਉੱਤਰ ਪ੍ਰਦੇਸ਼ ਦੇਉਨਾਵਵਿੱਚ ਹੋਏ ਬਹੁ-ਚਰਚਿਤਵਿੱਚ ਲੜਕੀ ਅਗਵਾ ਅਤੇ ਸਮੂਹਿਕ ਬਲਾਤਕਾਰ ਕੇਸ ਵਿੱਚ ਸੋਮਵਾਰ ਨੂੰ ਦਿੱਲੀ ਦੀ ਤੀਸ ਹਜ਼ਾਰੀ ਕੋਰਟ ਨੇ ਵਿਧਾਇਕ ਕੁਲਦੀਪ ਸਿੰਘ ਸੇਂਗਰ ਨੂੰ ਦੋਸ਼ੀ ਕਰਾਰ ਦੇ ਦਿੱਤਾ ਹੈ।

ਅਦਾਲਤ ਨੇ 10 ਦਸੰਬਰ ਨੂੰ ਸਾਰੀਆਂ ਧਿਰਾਂ ਨੂੰ ਸੁਣਨ ਪਿੱਛੋਂ ਫ਼ੈਸਲਾ 16 ਦਸੰਬਰ ਲਈ ਰਾਖਵਾਂ ਰੱਖ ਲਿਆ ਸੀ। ਇਸ ਦੌਰਾਨ ਭਾਜਪਾ ਵਿਧਾਇਕ ਕੁਲਦੀਪ ਸਿੰਘ ਸੇਂਗਰ ਦੇ ਵਕੀਲ ਤਨਵੀਰ ਅਹਿਮਦ ਮੀਰ ਨੇ ਅਦਾਲਤ ਵਿੱਚ ਕਿਹਾ ਕਿ ਅੱਜ ਹੀ ਸਜ਼ਾ ਉੱਤੇ ਬਹਿਸ ਹੋਵੇ, ਪਰ ਅਦਾਲਤ ਨੇ ਸਜ਼ਾ ਉੱਤੇ ਬਹਿਸ ਲਈ ਮੰਗਲਵਾਰ ਦਾ ਦਿਨ ਰੱਖਿਆ ਹੈ। ਉਨਾਵ ਬਲਾਤਕਾਰ ਕੇਸ ਵਿੱਚ ਵਿਧਾਇਕ ਦੀ ਸਾਥੀ ਅਤੇ ਮਹਿਲਾ ਦੋਸ਼ੀ ਸ਼ਸ਼ੀ ਸਿੰਘ ਨੂੰ ਅਦਾਲਤ ਨੇ ਸ਼ੱਕ ਦਾ ਲਾਭਦੇ ਕੇ ਬਰੀ ਕਰ ਦਿੱਤਾ ਹੈ। ਇਹ ਫੈਸਲਾ ਸੁਣਦਿਆਂ ਸਾਰ ਸ਼ਸ਼ੀ ਸਿੰਘ ਅਦਾਲਤ ਵਿੱਚ ਬੇਹੋਸ਼ ਹੋ ਗਈ।

ਅਦਾਲਤ ਨੇ ਸਾਮੂਹਿਕ ਬਲਾਤਕਾਰ ਕੇਸ ਦੀ ਪੀੜਤਾ ਨੂੰ ਨਾਬਾਲਿਗ ਮੰਨ ਲਿਆ



ਹੈ, ਜਿਸ ਕਾਰਨ ਕੁਲਦੀਪ ਸਿੰਘ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ, ਕਿਉਂਕਿ ਨਾਬਾਲਗ ਨਾਲ ਬਲਾਤਕਾਰ ਦੇ ਕੇਸ ਵਿੱਚ ਸਖ਼ਤ ਸਜ਼ਾ ਦੇਣ ਦਾ ਪ੍ਰਬੰਧ ਹੈ।

ਵਰਣਨ ਯੋਗ ਹੈ ਕਿ ਤੀਸ ਹਜ਼ਾਰੀ ਅਦਾਲਤ ਵਿੱਚ ਬੀਤੀ 5 ਅਗਸਤ ਨੂੰ ਇਸ ਕੇਸ ਦੀ ਸੁਣਵਾਈ ਸ਼ੁਰੂ ਹੋਈ ਸੀ ਤੇ 9 ਅਗਸਤ ਨੂੰ ਦੋਵੇਂ ਦੋਸ਼ੀਆਂ ਦੇ ਖਿਲਾਫ ਦੋਸ਼ ਤੈਅ ਹੋਏ ਸਨ। ਕਰੀਬ 5 ਮਹੀਨੇ ਤਕ ਇਸ ਦੇ ਸਾਰੇ ਪੱਖਾਂ ਬਾਰੇ ਨੂੰ ਤੀਸ ਹਜ਼ਾਰੀ ਅਦਾਲਤ ਵਿੱਚਸੁਣਿਆ ਗਿਆ। ਇਹ ਪਹਿਲਾ ਕੇਸ ਹੈ, ਜਿਸ ਵਿੱਚ ਅਦਾਲਤ ਦਾ ਫ਼ੈਸਲਾ ਆਇਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Air Brake Classes
Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਦੇ ਵਫ਼ਦ ਨੇ ਭਾਰਤੀ ਕੌਂਸਲੇਟ ਜਨਰਲ ਅਪੂਰਵਾ ਸ੍ਰੀਵਾਸਤਵਾ ਨਾਲ ਕਈ ਮਸਲੇ ਕੀਤੇ ਸਾਂਝੇ

ਟੋਰਾਂਟੋ, (ਡਾ. ਝੰਡ) – ਲੰਘੇ ਵੀਰਵਾਰ 12 ਦਸੰਬਰ ਨੂੰ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬ ਦੀ ਕਾਰਜਕਾਨੀ ਦੇ ਮੈਂਬਰਾਂ ਦਾ ਵਫ਼ਦ ਇਸ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਦੀ ਅਗਵਾਈ ਵਿਚ ਭਾਰਤੀ ਕੌਂਸਲੇਟ ਜਨਰਲ ਅਪੂਰਵਾ ਸ੍ਰੀਵਾਸਤਵਾ ਨੂੰ ਬਾਅਦ ਦੁਪਹਿਰ 2.30 ਵਜੇ ਉਨ੍ਹਾਂ ਦੇ ਦਫ਼ਤਰ ਵਿਚ ਮਿਲਿਆ ਅਤੇ ਉਨ੍ਹਾਂ ਕਈ ਦਰਪੇਸ਼ ਮਸਲਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਇਸ ਮੀਟਿੰਗ ਵਿਚ ਉਨ੍ਹਾਂ ਤੋਂ ਇਲਾਵਾ ਉਨ੍ਹਾਂ ਦੇ ਸਹਿਯੋਗੀ ਡਿਪਟੀ ਕੌਂਸਲੇਟ ਦਵਿੰਦਰਪਾਲ ਸਿੰਘ, ਹੋਤੀ ਲਾਲ ਅਤੇ ਅਜੈ ਸ਼ਰਮਾ ਵੀ ਸ਼ਾਮਲ ਸਨ।



ਇਹ ਮੀਟਿੰਗ ਲੱਗਭੱਗ ਡੇਢ ਘੰਟਾ ਚੱਲੀ ਅਤੇ ਇਸ ਵਿਚ ਬਹੁਤ ਹੀ ਮਹੱਤਵਪੂਰਨ ਮਸਲਿਆਂ ਉੱਪਰ ਵਿਚਾਰ-ਵਟਾਂਦਰਾ ਹੋਇਆ। ਵਫ਼ਦ ਦੇ ਮੈਂਬਰਾਂ ਵੱਲੋਂ ਕੌਂਸਲੇਟ ਜਨਰਲ ਨੂੰ ਬੀ.ਐੱਲ.ਐੱਸ. ਸੈਂਟਰ, ਬਰੈਂਪਟਨ ਦੇ ਕਸਟੋਮਰ-ਕੇਅਰ ਦੇ ਕਰਮਚਾਰੀਆਂ ਦੇ ਮਾੜੇ ਵਤੀਰੇ ਬਾਰੇ ਜਾਣੂੰ ਕਰਵਾਇਆ ਗਿਆ ਜਿਸ ਦੇ ਬਾਰੇ ਉਨ੍ਹਾਂ ਨੇ ਮੰਨਿਆਂ ਕਿ ਅਜਿਹੀਆਂ ਕੁਝ ਸ਼ਿਕਾਇਤਾਂ ਪਹਿਲਾਂ ਵੀ ਉਨ੍ਹਾਂ ਨੂੰ ਪ੍ਰਾਪਤ ਹੋਈਆਂ ਹਨ ਅਤੇ ਉਨ੍ਹਾਂ ਨੇ ਵਫ਼ਦ ਨੂੰ ਅੱਗੋਂ ਲਈ ਸਰਵਿਸ ਵਿਚ ਸੁਧਾਰ ਕਰਨ ਦਾ ਭਰੋਸਾ ਦਿਵਾਇਆ। ਵਫ਼ਦ ਵੱਲੋਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਤੋਂ ਬਾਅਦ ਭਾਰਤੀ ਪਾਸਪੋਰਟ ਨੂੰ ਨਿਸ਼ਚਤ ਸਮੇਂ ਵਿਚ ਵਾਪਸ (ਸਰੈਂਡਰ) ਕਰਨ ਜਾਂ ਇਸ ਨੂੰ ਕੈਂਸਲ ਕਰਾਉਣ ਲਈ ਨਿਰਧਾਰਤ ਫ਼ੀਸ ਇਸ ਸਮੇਂ 243 ਡਾਲਰ ਹੈ ਅਤੇ ਇਸ ਦੇ ਨਾਲ ਕੁਝ ਸਰਵਿਸ ਚਾਰਜਿਜ਼ ਲਏ ਜਾਂਦੇ ਹਨ। ਇਸ ਤੋਂ ਇਲਾਵਾ ਕੈਂਸਲ ਹੋਇਆਂ ਪਾਸਪੋਰਟ ਕੋਰੀਅਰ ਰਾਹੀਂ ਮੰਗਵਾਉਣ ਲਈ ਕੋਰੀਅਰ ਚਾਰਜਿਜ਼ ਵੱਖਰੇ ਲਏ ਜਾਂਦੇ ਹਨ ਜੋ ਕਿ ਆਪਸ਼ਨਲ ਹੈ, ਕਿਉਂਕਿ ਇਹ ਕੈਂਸਲਡ ਪਾਸਪੋਰਟ ਨਿੱਜੀ ਤੌਰ 'ਤੇ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ ਪਰ ਬੀ.ਐੱਲ.ਐੱਸ. ਵਾਲੇ ਹਰੇਕ ਕੋਲੋਂ ਹੀ 281 ਡਾਲਰ ਵਸੂਲ ਕਰ ਰਹੇ ਹਨ।

ਵਫ਼ਦ ਨੇ ਕੌਂਸਲੇਟ ਅਧਿਕਾਰੀਆਂ ਦੇ ਧਿਆਨ ਵਿਚ ਲਿਆਂਦਾ ਕਿ ਪਾਸਪੋਰਟ ਸਰੈਂਡਰ ਕਰਨ ਦੀ ਇਹ ਫ਼ੀਸ ਬਹੁਤ ਜ਼ਿਆਦਾ ਹੈ ਅਤੇ ਇਹ ਘੱਟ ਹੋਣੀ ਚਾਹੀਦੀ ਹੈ, ਕਿਉਂਕਿ ਪਾਸਪੋਰਟ ਬਨਾਉਣ ਜਾਂ ਨਵਿਆਉਣ ਦੀ ਫ਼ੀਸ ਕੇਵਲ 140 ਡਾਲਰ ਹੈ ਅਤੇ ਉਸ ਨੂੰ ਕੈਂਸਲ ਕਰਾਉਣ ਦੀ ਫ਼ੀਸ ਉਸ ਦੇ ਨਾਲੋਂ ਵਧੇਰੇ ਹੋਣ ਦੀ ਕੋਈ ਤੁੱਕ ਨਹੀਂ ਬਣਦੀ। ਇਸ ਉੱਪਰ ਕੌਂਸਲੇਟ ਜਨਰਲ ਦਾ ਕਹਿਣਾ ਸੀ ਕਿ ਪਾਸਪੋਰਟ ਕੈਂਸਲ ਕਰਾਉਣ ਲਈ ਜੇਕਰ ਇਹ ਫ਼ੀਸ 243 ਡਾਲਰ ਜਮ੍ਹਾ ਸਰਵਿਚ ਚਾਰਜਿਜ਼ ਤੋਂ ਵਧੇਰੇ ਲਈ ਜਾਂਦੀ ਹੈ ਤਾਂ ਇਹ ਉਨ੍ਹਾਂ ਦੇ ਨੋਟਿਸ ਵਿਚ ਲਿਆਂਦਾ ਜਾਵੇ ਅਤੇ ਉਹ ਪਾਸਪੋਰਟ ਕੈਂਸਲ ਕਰਾਉਣ ਦੀ ਫ਼ੀਸ ਘਟਾਉਣ ਬਾਰੇ ਵਿਚਾਰ ਕਰਨਗੇ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਬੀ.ਐੱਲ.ਐੱਸ. ਵੱਲੋਂ ਪਹਿਲਾਂ ਰਫ਼ਿਊਜੀ ਸਰਟੀਫ਼ੀਕੇਟ ਵੀ ਮੰਗਿਆ ਜਾਂਦਾ ਸੀ ਜਿਹੜਾ ਕਿ ਹੁਣ ਬੰਦ ਕਰ ਦਿੱਤਾ ਗਿਆ ਹੈ। ਜੇਕਰ ਹੁਣ ਵੀ ਇਸ ਸਰਟੀਫ਼ੀਕੇਟ ਦੀ ਮੰਗ ਕੀਤੀ ਜਾਂਦੀ ਹੈ ਤਾਂ ਇਹ ਮੰਗ ਗ਼ਲਤ ਹੋਵੇਗੀ।

ਅੰਤਰ-ਰਾਸਟਰੀ ਵਿਦਿਆਰਥੀਆਂ ਦੇ ਮੁੱਦੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਉਨ੍ਹਾਂ ਕਿਹਾ ਕਿ ਇਨ੍ਹਾਂ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਕੀਤੀ ਜਾਏਗੀ। ਇਸ ਦੌਰਾਨ ਐਸੋਸੀਏਸ਼ਨ ਵੱਲੋਂ ਕਾਲਜਾਂ ਦੀ ਸਥਿਤੀ/ਗਰੇਡੇਸ਼ਨ ਅਨੁਸਾਰ ਵਿਦਿਆਰਥੀਆਂ ਦੇ ਦਾਖ਼ਲੇ ਕਰਨ ਅਤੇ ਇਨ੍ਹਾਂ ਕਾਲਜਾਂ ਦੇ ਪ੍ਰਬੰਧ ਬਾਰੇ ਗੱਲ ਕਰਦਿਆਂ ਹੋਇਆਂ ਕੇਵਲ ਫ਼ੀਸਾਂ ਬਟੋਰਨ ਵਾਲੇ ਕਾਲਜਾਂ ਬਾਰੇ ਵੀ ਜ਼ਿਕਰ ਕੀਤਾ ਗਿਆ। ਇਹ ਵੀ ਮੰਗ ਕੀਤੀ ਗਈ ਕਿ ਕੈਨੇਡਾ ਦੀਆਂ ਸੁਥਰੀਆਂ ਕਦਰਾਂ-ਕੀਮਤਾਂ ਸਿੱਖਣ ਲਈ ਕੌਂਸਲੇਟ ਆਫ਼ਿਸ ਵੱਲੋਂ ਕੈਂਪਾਂ ਦਾ ਯੋਗ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਵਫ਼ਦ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਕੌਂਸਲੇਟ ਦੇ ਅਧਿਕਾਰੀ ਹਰ ਮਹੀਨੇ ਦੇ ਤੀਸਰੇ ਐਤਵਾਰ ਕਮਿਊਨਿਟੀ ਮੈਂਬਰਾਂ ਨੂੰ ਮਿਲਣਗੇ ਅਤੇ ਉਨ੍ਹਾਂ ਨਾਲ ਵਿਚਾਰ ਸਾਂਝੇ ਕਰਨਗੇ। ਐਸੋਸੀਏਸ਼ਨ ਵੱਲੋਂ ਵੀ ਭਰੋਸਾ ਦਿੱਤਾ ਗਿਆ ਕਿ ਉਹ ਅਧਿਕਾਰੀਆਂ ਨਾਲ ਹਰ ਤਰ੍ਹਾਂ ਦਾ ਸਹਿਯੋਗ ਕਰਨਗੇ। ਇਸ ਦੇ ਨਾਲ਼ ਹੀ ਦੱਸਿਆ ਗਿਆ ਕਿ ਈ-ਵੀਜ਼ਾ ਬਾਰੇ ਲਿਖਤੀ ਰੂਪ ਵਿਚ ਜਾਣਕਾਰੀ ਮਿਲ ਜਾਣ ਤੋਂ ਮਗਰੋਂ ਜਾਰੀ ਕੀਤੀ ਜਾਵੇਗੀ। ਬੀ.ਐੱਲ.ਐੱਸ. ਵਿਚ ਮੌਕੇ 'ਤੇ ਫ਼ੋਟੋ ਖਿੱਚਣ ਲਈ ਕੇਵਲ 15 ਡਾਲਰ ਲਏ ਜਾਣਗੇ। ਓ.ਸੀ.ਆਈ. ਲੈਣ ਵਾਲਿਆਂ ਨੂੰ ਉਹ ਪਾਸਪੋਰਟ ਜਿਸ ਉੱਤੇ ਇਹ ਸਰਟੀਫ਼ੀਕੇਟ ਲਿਆ ਗਿਆ ਹੈ, ਸਫ਼ਰ ਸਮੇਂ ਆਪਣੇ ਨਾਲ ਨਾਲ ਰੱਖਣਾ ਪਵੇਗਾ।

ਐਸੋਸੀਏਸ਼ਨ ਵੱਲੋਂ ਇਹ ਵੀ ਅਧਿਕਾਰੀਆਂ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਕਿ ਵੀਜ਼ਾ ਲੈਣ ਸਮੇਂ ਦਫ਼ਤਰ ਵੱਲੋਂ ਹਰੇਕ ਕੋਲੋਂ ਕੋਰੀਅਰ ਫ਼ੀਸ ਵਸੂਲ ਕੀਤੀ ਜਾਂਦੀ ਹੈ ਜਿਸ ਦੇ ਬਾਰੇ ਉਨ੍ਹਾਂ ਵੱਲੋਂ ਸਪੱਸ਼ਟ ਕੀਤਾ ਗਿਆ ਕਿ ਜੇਕਰ ਕੋਈ ਵਿਅੱਕਤੀ ਆਪਣਾ ਪਾਸਪੋਰਟ ਖ਼ੁਦ ਲੈਣ ਜਾਂਦਾ ਹੈ ਤਾਂ ਕੋਈ ਕੋਰੀਅਰ ਫ਼ੀਸ ਨਹੀਂ ਲੱਗੇਗੀ ਅਤੇ ਨਾਜਾਇਜ਼ ਲਈ ਗਈ ਇਹ ਕੋਰੀਅਰ ਫ਼ੀਸ ਵਾਪਸ ਲਈ ਜਾ ਸਕਦੀ ਹੈ।

ਇਨ੍ਹਾਂ ਮੁੱਦਿਆਂ ਬਾਰੇ ਜਾਂ ਹੋਰ ਕਿਸੇ ਵੀ ਕਿਸਮ ਦੀ ਜਾਣਕਾਰੀ ਲਈ ਇਨ੍ਹਾਂ ਸੱਜਣਾਂ ਨੂੰ ਉਨ੍ਹਾਂ ਦੇ ਸੈੱਲ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਜੰਗੀਰ ਸਿੰਘ ਸੈਂਹਬੀ (416-409-0126), ਨਿਰਮਲ ਸਿੰਘ ਧਾਰਨੀ (416-670-5874), ਬਲਵਿੰਦਰ ਸਿੰਘ ਬਰਾੜ (647-262-4026), ਕਰਤਾਰ ਸਿੰਘ ਚਾਹਲ (647-854-8746), ਦੇਵ ਸੂਦ (416-553-0722), ਪ੍ਰੀਤਮ ਸਿੰਘ ਸਰਾਂ (416-833-0567)।

# ਕੈਨੇਡੀਅਨਾਂ ਦੇ ਹਿੱਤਾਂ ਦਾ ਪੱਖ ਪੂਰਦੀ ਸਾਡੀ ਪਲੈਨ ਨੂੰ ਲਿਬਰਲਾਂ ਤੇ ਕਨਜ਼ਵੇਟਿਵਾਂ ਨੇ ਮਿਲ ਕੇ ਰੱਦ ਕੀਤਾ: ਜਗਮੀਤ ਸਿੰਘ

## *ਲਿਬਰਲ ਵਾਤਾਵਰਣ ਤਬਦੀਲੀਆਂ ਵਿਰੁੱਧ ਅਸਫ਼ਲ ਰਹਿਣ 'ਤੇ ਇਨ੍ਹਾਂ ਤੋਂ ਪਿੱਛੇ ਹੱਟ ਰਹੇ ਹਨ

ਔਟਵਾ, -ਬੀਤੇ ਹਫ਼ਤੇ ਪਾਰਲੀਮੈਂਟ ਦੇ ਪਲੇਠੇ ਸੈਸ਼ਨ ਵਿਚ ਐੱਨ.ਡੀ.ਪੀ. ਦੀ ਕੈਨੇਡਾ-ਵਾਸੀਆਂ ਦੇ ਹਿੱਤਾਂ ਨੂੰ ਪਹਿਲ ਦੇਣ ਵਾਲੀ ਯੋਜਨਾ ਤਹਿਤ ਪਾਰਟੀ ਵੱਲੋਂ ਪੇਸ਼ ਕੀਤੀਆਂ ਗਈਆਂ ਤਬਦੀਲੀਆਂ ਦੇ ਵਿਰੁੱਧ ਭੁਗਤਣ ਲਈ ਲਿਬਰਲਾਂ ਨੇ ਕਨਜ਼ਰਵੇਟਿਵਾਂ ਤੇ ਬਲਾਕ-ਕਿਊਬਿਕ ਨਾਲ ਭਿਆਲੀ ਪਾਈ।

ਇਸ ਦੇ ਬਾਰੇ ਆਪਣਾ ਪ੍ਰਤੀਕਰਮ ਜਾਰੀ ਕਰਦਿਆਂ ਐੱਨ.ਡੀ.ਪੀ. ਦੇ ਆਗੂ ਜਗਮੀਤ ਸਿੰਘ ਨੇ ਕਿਹਾ,"ਲਿਬਰਲ ਪਾਰਟੀ ਵੱਲੋਂ ਤਿਆਰ ਕੀਤੇ ਗਏ ਸਰਕਾਰੀ ਭਾਸ਼ਨ ਵਿਚ ਐੱਨ.ਡੀ.ਪੀ. ਵੱਲੋਂ ਦਿੱਤੀ ਗਈ ਯੋਜਨਾ ਜਿਸ ਵਿਚ ਕਈ ਤਬਦੀਲੀਆਂ ਬਾਰੇ ਸੁਝਾਅ ਦਿੱਤੇ ਗਏ ਸਨ ਅਤੇ ਜੋ ਕੈਨੇਡਾ-ਵਾਸੀਆਂ ਦੇ ਹਿੱਤਾਂ ਦੇ ਹੱਕ ਵਿਚ ਹੈ, ਨੂੰ ਰੱਦ ਕਰਨ ਲਈ ਲਿਬਰਲ, ਕਨਜ਼ਰਵੇਟਿਵ ਅਤੇ ਬਲਾਕ-ਕਿਊਬਿਕ ਨੇ ਇਸ ਦੇ ਵਿਰੋਧ ਵਿਚ ਭੁਗਤੇ।" ਉਨ੍ਹਾਂ ਹੋਰ ਕਿਹਾ,"ਕੈਨੇਡੀਅਨਾਂ ਨੇ ਇਹ ਪਾਰਲੀਮੈਂਟ ਫ਼ਾਰਮਾਕੇਅਰ ਅਤੇ ਹੈੱਲਥਕੇਅਰ ਵਰਗੇ ਮਸਲਿਆਂ ਹੱਲ ਕਰਨ ਲਈ ਚੁਣੀ ਹੈ ਅਤੇ ਇਹ ਬੜੇ ਅਫ਼ਸੋਸ ਵਾਲੀ ਗੱਲ ਹੈ ਕਿ ਲਿਬਰਲ ਸਰਕਾਰ ਇਨ੍ਹਾਂ ਮੁੱਦਿਆਂ ਤੋਂ ਪਿੱਛੇ ਹੱਟ ਰਹੀ ਹੈ ਅਤੇ ਲੋਕਾਂ ਨੂੰ ਨਿਰਾਸ਼ ਕਰ ਰਹੀ ਹੈ।"



ਐੱਨ.ਡੀ.ਪੀ. ਨੇ ਆਪਣੀ ਪਲੈਨ ਵਿਚ ਚੰਗੇਰੇ ਟੈਕਸ ਸਿਸਟਮ, ਅਫ਼ੋਰਡੇਬਲ ਹਾਊਸਿੰਗ, ਯੂਨੀਵਰਸਲ ਪਬਲਿਕ ਫ਼ਾਰਮਾਕੇਅਰ ਅਤੇ ਵਾਤਾਵਰਣ ਵਿਚ ਹੋ ਰਹੀਆਂ ਤਬਦੀਲੀਆਂ ਨੂੰ ਨਜਿੱਠਣ ਲਈ ਅਸਲੀ ਅਤੇ ਠੋਸ ਸੁਝਾਅ ਦਿੱਤੇ ਹਨ। ਇਹ ਤਬਦੀਲੀਆਂ ਪਾਰਲੀਮੈਂਟ ਦੇ 'ਸ਼ਾਹੀ-ਭਾਸ਼ਨ' (ਥਰੋਨ-ਸਪੀਚ) ਵਿਚ ਕਨਜ਼ਰਵੇਟਿਵਾਂ ਵੱਲੋਂ ਕੀਤੀਆਂ ਜਾਣ ਵਾਲੀਆਂ ਅਮੈਂਡਮੈਂਟਾਂ ਦੇ ਨਾਲ ਸਬ-ਅਮੈਂਡਮੈਂਟ ਦੇ ਇਕ ਭਾਗ ਵਜੋਂ ਪੇਸ਼ ਕੀਤੀਆਂ ਗਈਆਂ ਸਨ।

ਜਗਮੀਤ ਸਿੰਘ ਨੇ ਕਿਹਾ,"ਹੁਣ ਜਦੋਂ ਕਨਜ਼ਰਵੇਟਿਵ ਅਤੇ ਲਿਬਰਲ ਮਿਲ ਕੇ ਆਪਣੇ ਅਤੇ ਕਾਰਪੋਰੇਸ਼ਨਾਂ ਦੇ ਹਿੱਤਾਂ ਵਿਚ ਭੁਗਤ ਰਹੇ ਹਨ, ਅਸੀਂ ਕੈਨੇਡਾ-ਵਾਸੀਆਂ ਨੂੰ ਦਰਪੇਸ਼ ਚੁਣੌਤੀਆਂ ਦੇ ਵਿਰੁੱਧ ਲੜਾਈ ਜਾਰੀ ਰੱਖਾਂਗੇ।" ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਲਿਬਰਲ ਵਾਤਾਵਰਣ ਵਿਚ ਆ ਰਹੀਆਂ ਤਬਦੀਲੀਆਂ ਵਿਰੁੱਧ ਲੜਨ ਤੋਂ ਵੀ ਪਿੱਛੇ ਹੱਟ ਰਹੇ ਹਨ।

# ਬੇਸਮੈਂਟਾਂ ਦੇ ਭੱਖਦੇ ਮਸਲੇ 'ਤੇ ਸਿਟੀ ਹਾਲ ਦੇ ਅਧਿਕਾਰੀਆਂ ਨਾਲ ਬਰੈਂਪਟਨ ਦੇ ਸ਼ਹਿਰੀਆਂ ਦੀ ਹੋਈ ਪ੍ਰਭਾਵਸ਼ਾਲੀ ਮੀਟਿੰਗ

ਬਰੈਂਪਟਨ, (ਡਾ. ਝੰਡ) -ਕੁਲਦੀਪ ਬੋਪਾਰਾਏ ਤੋਂ ਪ੍ਰਾਪਤ ਸੂਚਨਾ ਅਨੁਸਾਰ ਲੰਘੇ ਸ਼ੁੱਕਰਵਾਰ 13 ਦਸੰਬਰ ਨੂੰ ਬਰੈਂਪਟਨ ਦੀਆਂ ਕੁਝ ਅਗਾਂਹ-ਵਧੂ ਸ਼ਖ਼ਸੀਅਤਾਂ ਦੀ ਸਿਟੀ-ਹਾਲ ਦੇ ਅਧਿਕਾਰੀਆਂ ਨਾਲ ਇਕ ਪ੍ਰਭਾਵਸ਼ਾਲੀ ਮੀਟਿੰਗ ਹੋਈ ਜਿਸ ਵਿਚ ਇਸ ਸਮੇਂ ਬਰੈਂਪਟਨ ਵਿਚ ਚੱਲ ਰਹੇ ਬੇਸਮੈਂਟਾਂ ਦੇ ਭੱਖਦੇ ਮਸਲੇ ਬਾਰੇ ਵਿਸਤ੍ਰਿਤ ਗੱਲਬਾਤ ਹੋਈ। ਮੀਟਿੰਗ ਵਿਚ ਸਿਟੀ ਵੱਲੋਂ ਮੇਅਰ ਪੈਟ੍ਰਿਕ ਬਰਾਊਨ ਦੇ ਸਟਾਫ਼ ਮੈਂਬਰ ਕੁਲਦੀਪ ਗੋਲੀ, ਸਿਟੀ ਕਾਊਂਸਲਰ ਹਰਕੀਰਤ ਸਿੰਘ ਤੇ ਰੀਜਨਲ ਕਾਊਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਦੇ ਸੈਕਟਰੀ ਜੋਬਨ ਚੱਠਾ ਅਤੇ ਬਿਲਡਿੰਗ ਕੋਡ ਡਾਇਰੈਕਟਰ ਮਿਸਿਜ਼ ਅਲੈੱਜ਼ਬਿਥ ਤੋਂ ਇਲਾਵਾ ਦੋ ਹੋਰ ਸਟਾਫ਼ ਮੈਂਬਰ ਅਤੇ ਦੂਸਰੇ ਪਾਸਿਉਂ ਕੁਲਦੀਪ ਬੋਪਾਰਾਏ, ਮੀਡੀਆ ਨਾਲ ਜੁੜੇ ਚਰਨਜੀਤ ਬਰਾੜ (ਰੇਡੀਓ-ਹੋਸਟ) ਅਤੇ ਹਰਬੰਸ ਸਿੰਘ ਤੇ ਦਵਿੰਦਰ ਸਿੰਘ ਤੂਰ ('ਸਰੋਕਾਰਾਂ ਦੀ ਆਵਾਜ਼'), ਹਰਿੰਦਰ ਹੁੰਦਲ, ਪਰਮਿੰਦਰ ਗ਼ਦਰੀ ਤੇ ਗੁਰਦੀਪ ਜੌਹਲ, ਆਦਿ ਸ਼ਾਮਲ ਸਨ।



ਮੀਟਿੰਗ ਦੀ ਸ਼ੁਰੂਆਤ ਕਰਦਿਆਂ ਕੁਲਦੀਪ ਬੋਪਾਰਾਏ ਨੇ ਦੱਸਿਆ ਕਿ 'ਪ੍ਰੋਵਿੰਸ਼ੀਅਲ ਅਫ਼ੋਰਡੇਬਲ ਹਾਊਸਿੰਗ ਬਿੱਲ 140' ਦੀ ਗ਼ਲਤ ਵਰਤੋਂ ਕਰਦਿਆਂ ਹੋਇਆਂ ਸਿਟੀ ਨੇ ਇਸ ਸਮੇ ਬੇਸਮੈਂਟਾਂ ਦੇ ਮਾਮਲੇ 'ਤੇ ਘਰਾਂ ਦੇ ਮਾਲਕਾਂ ਦਾ ਜਿਊਣਾ ਹਰਾਮ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸਿਟੀ ਦੇ ਬਿਲਡਿੰਗ-ਇੰਸਪੈੱਕਰ ਬਿਨਾਂ ਕਿਸੇ ਅਗਾਊਂ-ਸੂਚਨਾ ਦੇ ਜਦੋਂ ਮਰਜ਼ੀ ਘਰਾਂ ਵਿਚ ਆ ਧਮਕਦੇ ਹਨ ਅਤੇ ਮਕਾਨ-ਮਾਲਕਾਂ ਕੋਲੋਂ ਬੇਸਮੈਂਟਾਂ ਸਬੰਧੀ ਸਖ਼ਤ ਲਹਿਜ਼ੇ ਵਿਚ ਪੁੱਛ-ਗਿੱਛ ਕਰਦੇ ਹਨ ਜਿਵੇਂ ਉਹ ਬੜੇ ਵੱਡੇ ਗੁਨਾਹਗਾਰ ਹੋਣ। ਉਨ੍ਹਾਂ ਬਰੈਂਪਟਨ ਸਿਟੀ ਦੇ ਵਿਰੁੱਧ ਬਰੈਂਪਟਨ ਦੇ ਸਾਰੇ ਐੱਮ.ਪੀ.ਪੀਜ਼ ਕੋਲ ਉਨ੍ਹਾਂ ਵੱਲੋਂ ਕੀਤੀ ਗਈ ਸ਼ਿਕਾਇਤ ਤੋਂ ਬਾਅਦ ਇਕ ਵਾਰ ਫਿਰ ਸਿਟੀ-ਅਧਿਕਾਰੀਆਂ ਨਾਲ ਗੱਲਬਾਤ ਕਰਨ ਬਾਰੇ ਦੱਸਿਆ। ਗੱਲ ਨੂੰ ਅੱਗੇ ਤੋਰਦਿਆਂ ਹੋਇਆਂ ਚਰਨਜੀਤ ਬਰਾੜ ਨੇ ਇਸ ਗੰਭੀਰ ਮੁੱਦੇ ਨੂੰ ਅਧਿਕਾਰੀਆਂ ਦੇ ਸਨਮੁੱਖ ਪੇਸ਼ ਕਰਦਿਆਂ ਸਿਟੀ ਨੂੰ ਇਸ ਦੇ ਲਈ ਜੁਆਬ-ਦੇਹ ਹੋਣ ਲਈ ਕਿਹਾ। ਤਕਰਾਰ ਭਰੀ ਇਸ ਗਰਮਾ-ਗਰਮ ਬਹਿਸ ਵਿਚ ਹਿੱਸਾ ਲੈਂਦਿਆਂ ਵਫ਼ਦ ਦੇ ਹੋਰ ਮੈਂਬਰਾਂ ਨੇ ਸਿਟੀ ਦੇ ਅਫ਼ਸਰਾਂ ਵੱਲੋਂ ਇਸ ਮਸਲੇ 'ਤੇ ਬਰੈਂਪਟਨ-ਵਾਸੀਆਂ ਨਾਲ ਕੀਤੀ ਜਾ ਰਹੀ ਬਦ-ਸਲੂਕੀ ਅਤੇ ਬੇਲੋੜੀ 'ਹੈਰਾਸਮੈਂਟ' (Harassment) ਬਾਰੇ ਵਿਸਥਾਰ ਵਿਚ ਦੱਸਿਆ ਜਿਸ 'ਤੇ ਡਾਇਰੈੱਕਟਰ ਨੇ ਆਪਣੇ ਵੱਲੋਂ ਕਈ ਸਫ਼ਾਈਆਂ ਦਿੱਤੀਆਂ ਅਤੇ ਆਪਣੀਆਂ ਮਜਬੂਰੀਆਂ ਵੀ ਦੱਸੀਆਂ। ਇਸ ਦੇ ਨਾਲ ਹੀ ਉਨ੍ਹਾਂ ਨੇ ਇਸ ਦੌਰਾਨ ਕੀਤੀਆਂ ਜਾ ਰਹੀਆਂ ਕਈ ਤਬਦੀਲੀਆਂ ਦੇ ਨਾਲ ਸ਼ਹਿਰ ਦੇ 'ਬਾਈ-ਲਾਅਜ਼' ਉੱਪਰ ਚੱਲਣ ਬਾਰੇ ਵੀ ਕਿਹਾ। ਇਸ ਦੌਰਾਨ ਵਫ਼ਦ ਦੇ ਮੈਂਬਰ ਹਰਿੰਦਰ ਹੁੰਦਲ ਨੇ ਕਿਹਾ ਕਿ ਜੇਕਰ ਬਰੈਂਪਟਨ-ਵਾਸੀਆਂ ਦੀਆਂ ਸਮੱਸਿਅਵਾਂ ਨੂੰ ਸਿਟੀ ਵੱਲੋਂ ਇੰਜ ਹੀ ਦਰ-ਗੁਜ਼ਰ ਕਰਨਾ ਜਾਰੀ ਰੱਖਿਆ ਗਿਆ ਤਾਂ ਉਨ੍ਹਾਂ ਨੇ ਇਸ ਦੇ ਵਿਰੁੱਧ ਮੁਜ਼ਾਹਰਾ ਕਰਨ ਦੀ ਵੀ ਤਿਆਰੀ ਕੀਤੀ ਹੋਈ ਹੈ।

ਇਸ ਉੱਪਰ ਹੱਸਦੇ ਹੋਏ ਸਿਟੀ ਕਾਊਂਸਲਰ ਹਰਕੀਰਤ ਸਿੰਘ ਨੇ ਕਿਹਾ ਕਿ ਆਪਾਂ ਸਾਰੇ ਮਿਲ ਕੇ ਇਸ ਮਸਲੇ ਦਾ ਕੋਈ ਹੱਲ ਲੱਭੀਏ ਅਤੇ ਕੋਸ਼ਿਸ਼ ਕਰੀਏ ਕਿ ਇਸ ਦੀ ਨੌਬਤ ਹੀ ਨਾ ਆਏ। ਉਨ੍ਹਾਂ ਕਿਹਾ ਕਿ ਸਿਟੀ ਨੂੰ ਇਸ ਦੇ ਲਈ ਉਨ੍ਹਾਂ ਨੂੰ ਇਕ ਮਹੀਨੇ ਦਾ ਸਮਾਂ ਦਿੱਤਾ ਜਾਵੇ ਅਤੇ ਉਹ ਇਸ ਦੇ ਬਾਰੇ ਦੋਬਾਰਾ ਗੱਲਬਾਤ ਕਰਨਗੇ।

# ਬੱਸੀ ਪਠਾਣਾਂ ਦੇ ਰਾਜਪ੍ਰੀਤ ਦੀ ਭੋਪਾਲ ਵਿਚ ਹੋਈ 63'ਵੀਂ ਨੈਸ਼ਨਲ ਸ਼ੂਟਿੰਗ ਚੈਂਪੀਅਨਸ਼ਿਪ ਵਿਚ 6 ਤਮਗ਼ਿਆਂ ਨਾਲ ਰਿਕਾਰਡ-ਜਿੱਤ





ਬਰੈਂਪਟਨ, (ਡਾ. ਝੰਡ) -ਬਰੈਂਪਟਨ ਵਿਚ ਵੱਸਦੇ ਹਰਜੀਤ ਸਿੰਘ ਤੋਂ ਪ੍ਰਾਪਤ ਸੂਚਨਾ ਅਨੁਸਾਰ ਉਨ੍ਹਾਂ ਦੇ ਭਤੀਜੇ ਰਾਜਪ੍ਰੀਤ ਸਿੰਘ ਨੇ ਬੀਤੇ ਦਿਨੀਂ ਭੋਪਾਲ ਵਿਚ ਹੋਈ 63'ਵੀਂ ਨੈਸ਼ਨਲ ਸ਼ੂਟਿੰਗ ਚੈਂਪੀਅਨਸ਼ਿਪ ਵਿਚ 10 ਐੱਮ ਸਮਾਲ-ਬੋਰ ਏਅਰ-ਰਾਈਫ਼ਲ ਅਤੇ ਪਿਸਟਲ ਨਾਲ ਨਿਸ਼ਾਨੇ ਲਗਾ ਕੇ 631 ਦਾ ਸ਼ਾਨਦਾਰ ਸਕੋਰ ਪ੍ਰਾਪਤ ਕੇ 6 ਤਮਗੇ ਜਿੱਤੇ ਹਨ। ਜਿਨ੍ਹਾਂ ਵਿਚ 5 ਸੋਨੇ ਦੇ ਤਮਗ਼ੇ ਅਤੇ ਇਕ ਕਾਂਸੇ ਦਾ ਤਮਗ਼ਾ ਸ਼ਾਮਲ ਹੈ।

ਇਸ ਕੌਮੀ ਸ਼ੂਟਿੰਗ-ਚੈਂਪੀਅਨਸ਼ਿਪ ਵਿਚ ਪੰਜਾਬ ਦੀ ਨੁਮਾਇੰਦਗੀ ਕਰਦਿਆਂ ਹੋਇਆਂ ਰਾਜਪ੍ਰੀਤ ਸਿੰਘ ਨੇ ਆਪਣੀ ਰਿਕਾਰਡ-ਜਿੱਤ ਦਰਜ ਕਰਵਾਈ। ਉਸ ਦੇ ਵੱਲੋਂ ਜਿੱਤੇ ਗਏ ਛੇ ਮੈਡਲਾਂ ਵਿਚ 'ਸਿਵਿਲੀਅਨ ਮੈੱਨ ਗੋਲਡ', 'ਸਿਵਿਲੀਅਨ ਜੂਨੀਅਰ ਗੋਲਡ', 'ਸਿਵਿਲੀਅਨ ਮੈੱਨ ਟੀਮ ਗੋਲਡ', 'ਸਿਵਿਲੀਅਨ ਜੂਨੀਅਰ ਮੈੱਨ ਗੋਲਡ', 'ਜੂਨੀਅਰ ਆਈ.ਐੱਸ.ਐੱਸ.ਐੱਫ਼.ਟੀਮ ਗੋਲਡ' ਅਤੇ 'ਯੂਥ ਆਈ.ਐੱਸ.ਐੱਸ.ਐੱਫ਼.ਟੀਮ ਬਰੋਂਜ਼' ਮੈਡਲ ਸ਼ਾਮਲ ਹਨ।

ਇਨ੍ਹਾਂ ਛੇ ਮੈਡਲਾਂ ਦੀ ਸ਼ਾਨਦਾਰ ਪ੍ਰਾਪਤੀ ਦੇ ਨਾਲ਼ ਨਾਲ਼ ਇਸ ਚੈਂਪੀਅਨਸ਼ਿਪ ਵਿਚ ਰਾਜਪ੍ਰੀਤ ਨੇ ਕਈ ਨਵੇਂ ਰਿਕਾਰਡ ਕਾਇਮ ਕੀਤੇ ਹਨ ਅਤੇ ਨਤੀਜੇ ਵਜੋਂ ਅਗਲੇ ਸਾਲ 2020 ਦੌਰਾਨ 24 ਜੁਲਾਈ ਤੋਂ 9 ਅਗੱਸਤ ਤੱਕ ਜਾਪਾਨ ਦੇ ਸ਼ਹਿਰ ਟੋਕੀਓ ਵਿਚ ਹੋਣ ਵਾਲੀਆਂ ਓਲਿੰਪਕਸ ਖੇਡਾਂ ਲਈ ਭਾਰਤ ਵੱਲੋਂ ਜਾਣ ਵਾਲੀ ਖਿਡਾਰੀਆਂ ਦੀ ਵੱਡੀ ਟੀਮ ਵਿਚ ਵਿਚ ਉਸ ਦੇ ਸ਼ਾਮਲ ਹੋਣ ਦੀ ਪੂਰੀ ਉਮੀਦ ਹੈ ਜਿਸ ਦੇ ਲਈ ਟਰਾਇਲ ਅਗਲੇ ਸਾਲ ਦੇ ਆਰੰਭਿਕ ਮਹੀਨਿਆਂ ਵਿਚ ਹੀ ਸ਼ੁਰੂ ਹੋ ਜਾਣਗੇ। ਇਹ ਨਾ ਕੇਵਲ ਰਾਜਪ੍ਰੀਤ ਸਿੰਘ, ਹਰਜੀਤ ਸਿੰਘ ਅਤੇ ਉਨ੍ਹਾਂ ਦੇ ਪਰਵਾਰਿਕ ਮੈਂਬਰਾਂ ਲਈ ਹੀ ਖ਼ੁਸ਼ੀ ਦੀ ਗੱਲ ਹੈ, ਬਲਕਿ ਇਹ ਤਾਂ ਸਾਰੇ ਪੰਜਾਬੀਆਂ ਲਈ ਬੜੇ ਮਾਣ ਦਾ ਸਬੱਬ ਹੈ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਭੋਪਾਲ ਵਿਚ ਹੋਈ ਇਸ 63.ਵੀਂ ਨੈਸ਼ਨਲ ਚੈਂਪੀਅਨਸ਼ਿਪ ਵਿਚ ਭਾਗ ਲੈਣ ਗਈ ਪੰਜਾਬ ਦੀ ਨਿਸ਼ਾਨੇਬਾਜ਼-ਟੀਮ ਦੇ ਖਿਡਾਰੀਆਂ ਨੇ ਸਾਰਾ ਖ਼ਰਚਾ ਆਪਣੇ ਪੱਲਿਉਂ ਹੀ ਕੀਤਾ ਅਤੇ ਇੱਥੋਂ ਤੀਕ ਕਿ ਇਸ ਦੇ ਲਈ ਰਜਿਸਟ੍ਰੇਸ਼ਨ-ਫ਼ੀਸ ਵੀ ਉਨ੍ਹਾਂ ਨੂੰ ਆਪਣੇ ਪੱਲਿਉਂ ਹੀ ਭਰਨੀ ਪਈ, ਜਦ ਕਿ ਗਵਾਂਢੀ ਸੂਬੇ ਹਰਿਆਣਾ ਅਤੇ ਕਈ ਹੋਰ ਸੂਬਿਆਂ ਤੋਂ ਸ਼ਾਮਲ ਹੋਈਆਂ ਟੀਮਾਂ ਦਾ ਸਾਰਾ ਖ਼ਰਚਾ ਉਨ੍ਹਾਂ ਦੀਆਂ ਸਰਕਾਰਾਂ ਵੱਲੋਂ ਕੀਤਾ ਗਿਆ। ਪੰਜਾਬ ਸਰਕਾਰ ਨੂੰ ਵੀ ਹੋਰ ਸੂਬਿਆਂ ਵਾਂਗ ਆਪਣੇ ਖਿਡਾਰੀਆਂ ਦੀ ਯੋਗ ਹੌਸਲਾ-ਅਫ਼ਜ਼ਾਈ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੀ ਖੇਡਾਂ ਦੀ ਤਿਆਰੀ ਅਤੇ ਕੌਮੀ-ਪੱਧਰ ਦੇ ਟੂਰਨਾਮੈਂਟਾਂ/ਚੈਂਪੀਅਨਸ਼ਿੱਪਾਂ ਵਿਚ ਹਿੱਸਾ ਲੈਣ ਲਈ ਲੋੜੀਦਾ ਖ਼ਰਚਾ ਕਰਨਾ ਚਾਹੀਦਾ ਹੈ।









## ਨਾਗਰਿਕਤਾ ਬਿੱਲ ਮਾਮਲਾ

# ਗ੍ਰਹਿ ਮੰਤਰਾਲੇ ਨੇ ਹਿੰਸਕ ਪ੍ਰਦਰਸ਼ਨ ਰੋਕਣ ਵਾਸਤੇ ਐਡਵਾਈਜ਼ਰੀ ਜਾਰੀ ਕੀਤੀ

### * ਬਿੱਲ ਲਾਗੂ ਕਰਨ ਲਈ ਮੇਰੀ ਲਾਸ਼ ਤੋਂ ਲੰਘਣਾ ਹੋਵੇਗਾ : ਮਮਤਾ







ਨਵੀਂ ਦਿੱਲੀ, 16 ਦਸੰਬਰ, (ਪੋਸਟ ਬਿਊਰੋ)- ਨਰਿੰਦਰ ਮੋਦੀ ਸਰਕਾਰ ਦੇ ਬਹੁ-ਚਰਚਿਤ ਨਾਗਰਿਕਤਾ ਸੋਧ ਕਾਨੂੰਨ ਦੇ ਵਿਰੋਧ ਵਿੱਚ ਆਸਾਮ ਤੋਂ ਲੈ ਕੇ ਦਿੱਲੀ ਤੱਕ ਭਾਰਤ ਦੇ ਕਈ ਰਾਜਾਂ ਵਿੱਚ ਹੋ ਰਹੇ ਹਿੰਸਕ ਪ੍ਰਦਰਸ਼ਨਾਂ ਦੇ ਮੱਦੇਨਜ਼ਰ ਗ੍ਰਹਿ ਮੰਤਰਾਲੇ ਨੇ ਅੱਜ ਇੱਕ ਐਡਵਾਈਜ਼ਰੀ (ਸਲਾਹ) ਜਾਰੀ ਕੀਤੀ ਹੈ। ਮੰਤਰਾਲੇ ਨੇ ਸਾਰੇ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਐਡਵਾਈਜ਼ਰੀ ਜਾਰੀ ਕਰ ਕੇ ਕਿਹਾ ਹੈ ਕਿ ਹਿੰਸਕ ਪ੍ਰਦਰਸ਼ਨਾਂਨੂੰ ਰੋਕਿਆ ਜਾਵੇ। ਸਾਰੇ ਰਾਜਾਂ ਨੂੰ ਗ੍ਰਹਿ ਮੰਤਰਾਲੇ ਨੇ ਇਹ ਵੀ ਕਿਹਾ ਹੈ ਕਿ ਦੇਸ਼ ਦੇ ਨਾਗਰਿਕਾਂ ਦੀ ਸੁਰੱਖਿਆ ਅਤੇ ਉਨ੍ਹਾਂ ਦੇ ਜੀਵਨ ਦੀ ਰੱਖਿਆ ਅਹਿਮ ਹੈ।

ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਹੇਠ ਗ੍ਰਹਿ ਮੰਤਰਾਲੇ ਨੇ ਰਾਜ ਸਰਕਾਰਾਂ ਤੇ ਕੇਂਦਰੀ ਪ੍ਰਦੇਸ਼ਾਂ ਦੇ ਪ੍ਰਸ਼ਾਸਕਾਂ ਨੂੰ ਲਿਖਿਆ ਹੈ ਕਿ ਰਾਜਾਂ ਨੂੰ ਕਾਨੂੰਨ ਵਿਵਸਥਾ ਅਤੇ ਸ਼ਾਂਤੀ ਕਾਇਮ ਰੱਖਣ ਦੇ ਕਦਮ ਚੁੱਕਣੇ ਚਾਹੀਦੇ ਹਨ। ਇਸ ਦੇ ਨਾਲਕੇਂਦਰ ਸਰਕਾਰ ਨੇ ਰਾਜਾਂ ਨੂੰ ਇਸ ਐਕਟ ਦੇ ਖਿਲਾਫ ਫੇਕ ਨਿਊਜ਼ ਅਤੇ ਸੋਸ਼ਲ ਮੀਡੀਆ ਉੱਤੇ ਫੈਲਦੀਆਂ ਅਫਵਾਹਾਂ ਨਾਲ ਵੀ ਨਜਿੱਠਣ ਵਾਸਤੇ ਕਿਹਾ ਹੈ। ਕੇਂਦਰ ਸਰਕਾਰ ਨੇ ਇਸ ਐਕਟ ਵਿਰੁੱਧ ਚੱਲਦੇ ਪ੍ਰਦਰਸ਼ਨਾਂ ਲਈ ਸੋਸ਼ਲ ਮੀਡੀਆ ਉੱਤੇ ਚੱਲਦੀਆਂ ਅਫਵਾਹਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਇਸ ਤੋਂ ਪਹਿਲਾਂ ਭਾਜਪਾ ਨੇ ਪ੍ਰੈੱਸ ਕਾਨਫਰੰਸ ਕਰ ਕੇ ਜਾਮੀਆ ਮਿਲੀਆ ਸਮੇਤ ਸਾਰੇ ਦੇਸ਼ ਵਿੱਚ ਐਕਟ ਵਿਰੁੱਧ ਹੋ ਰਹੇ ਹਿੰਸਕ ਪ੍ਰਦਰਸ਼ਨਾਂ ਲਈ ਕਾਂਗਰਸ ਪਾਰਟੀ ਸਮੇਤ ਕਈ ਵਿਰੋਧੀ ਦਲਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਦੂਸਰੇ ਪਾਸੇ ਅੱਜ ਕੋਲਕਾਤਾ ਵਿੱਚ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਇਸ ਕਾਨੂੰਨਦੇ ਸਿੱਧੇ ਵਿਰੋਧ ਲਈ ਸਾਹਮਣੇ ਆ ਗਈ ਹੈ। ਮਮਤਾ ਬੈਨਰਜੀ ਨੇ ਕੇਂਦਰ ਸਰਕਾਰ ਉੱਤੇਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਤੁਸੀਂ ਮੇਰੀ ਸਰਕਾਰ ਤੋੜਨਾ ਚਾਹੁੰਦੇ ਹੋ ਤਾਂ ਤੋੜ ਦਿਓ, ਮੈਂ ਕਦੇ ਵੀ ਨਾਗਰਿਕਤਾ ਸੋਧ ਐਕਟ ਪੱਛਮੀ ਬੰਗਾਲ ਵਿੱਚ ਲਾਗੂ ਨਹੀਂ ਹੋਣ ਦਿਆਂਗੀ। ਉਨ੍ਹਾਂ ਕਿਹਾ ਕਿ ਜੇਕੇਂਦਰ ਸਰਕਾਰ ਚਲਾਉਣ ਵਾਲੇ ਭਾਜਪਾ ਆਗੂ ਇਹ ਨਾਗਰਿਕਤਾ ਸੋਧ ਕਾਨੂੰਨ ਲਾਗੂ ਕਰਨਾ ਚਾਹੁੰਦੇ ਹਨ ਤਾਂ ਇਸ ਲਈ ਉਨ੍ਹਾਂ ਨੂੰ ਮੇਰੀ ਲਾਸ਼ ਤੋਂ ਲੰਘਣਾ ਪਵੇਗਾ। ਮਮਤਾ ਬੈਨਰਜੀ ਨੇ ਅੱਜ ਕੋਲਕਾਤਾ ਵਿੱਚ ਸਾਫਕਿਹਾ ਕਿ ਸਾਡਾ ਵਿਰੋਧ ਪ੍ਰਦਰਸ਼ਨ ਉਦੋਂ ਤਕ ਜਾਰੀ ਰਹੇਗਾ, ਜਦੋਂ ਤਕ ਐੱਨ ਆਰ ਸੀ ਅਤੇ ਨਾਗਰਿਕਤਾ ਸੋਧ ਕਾਨੂੰਨ ਕੇਂਦਰ ਸਰਕਾਰ ਵਾਪਸ ਨਹੀਂ ਲੈ ਲੈਂਦੀ। ਓਧਰ ਕੋਲਕਾਤਾ ਹਾਈ ਕੋਰਟ ਨੇ ਨਾਗਰਿਕਤਾ ਕਾਨੂੰਨਵਿਰੁੱਧ ਪ੍ਰਦਰਸ਼ਨ ਦੇ ਹਿੰਸਕ ਹੋਣ ਪਿੱਛੋਂ ਇਸ ਰਾਜ ਦੀ ਵਿਗੜੀ ਕਾਨੂੰਨ ਵਿਵਸਥਾ ਬਾਰੇ ਮਮਤਾ ਬੈਨਰਜੀ ਸਰਕਾਰ ਨੂੰ ਬੁੱਧਵਾਰ ਤਕ ਰਿਪੋਰਟ ਦੇਣ ਨੂੰ ਕਿਹਾ ਹੈ। ਹਾਈ ਕੋਰਟ ਦੇ ਚੀਫ ਜਸਟਿਸ ਦੀ ਪ੍ਰਧਾਨਗੀ ਵਾਲੀ ਬੈਂਚ ਇਸ ਬਾਰੇ ਸੁਣਵਾਈ ਕਰੇਗੀ।

ਇਸ ਦੌਰਾਨ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਆਗੂਦਿਗਵਿਜੇ ਸਿੰਘ ਨੇ ਕੇਂਦਰ ਦੀ ਸਰਕਾਰ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਬਾਰੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਜਵਾਹਰ ਲਾਲ ਨਹਿਰੂ, ਵੱਲਭ ਭਾਈ ਪਟੇਲ, ਚੰਦਰ ਸ਼ੇਖਰ ਆਜ਼ਾਦ, ਡਾ: ਭੀਮ ਰਾਓ ਅੰਬੇਦਕਰ ਦੀ ਸੂਝਵਾਨ ਲੀਡਰਸ਼ਿਪ ਹੇਠ ਕਾਇਮ ਹੋਏਸਭ ਤੋਂ ਵੱਡੇ ਲੋਕਤੰਤਰ ਨੂੰ ਧਰਮ ਦੇ ਅਧਾਰ ਉੱਤੇਵੰਡਣ ਦਾ ਕੰਮ ਕੀਤਾ ਹੈ। ਦਿਗਵਿਜੇ ਸਿੰਘ ਨੇ ਟਵੀਟ ਕਰ ਕੇ ਨਿਤੀਸ਼ ਕੁਮਾਰ, ਰਾਮ ਵਿਲਾਸ ਪਾਸਵਾਨ, ਨਵੀਨ ਪਟਨਾਇਕ, ਪ੍ਰਕਾਸ਼ ਸਿੰਘ ਬਾਦਲ ਨੂੰ ਪੁੱਛਿਆ ਕਿ ਤੁਸੀਂ ਇਸ ਨੂੰ ਕਿਵੇਂ ਹੋਣ ਦਿੱਤਾ? ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ,ਕ੍ਰਿਪਾ ਕਰਕੇ ਇਸ ਨੂੰ ਰੋਕੋ। ਉਨ੍ਹਾਂ ਇਹ ਵੀ ਕਿਹਾ ਕਿ ਮੈਂ ਪ੍ਰਧਾਨ ਮੰਤਰੀ ਮੋਦੀ ਅਤੇ ਗ੍ਰਹਿ ਮੰਤਰੀ ਸ਼ਾਹ ਦੇ ਕਾਰਪੋਰੇਟ ਦੋਸਤਾਂ ਨੂੰ ਵੀ ਇਸ ਕੇਸ ਵਿਚ ਦਖ਼ਲ ਦੇਣ ਲਈ ਅਪੀਲ ਕਰਦਾ ਹਾਂ, ਨਾਗਰਿਕਤਾ ਸੋਧ ਕਾਨੂੰਨ ਵਾਪਸ ਲਿਆ ਜਾਣਾ ਚਾਹੀਦਾ ਹੈ।

## ਸਾਹਿਤ ਸਭਾ ਟੋਰਾਂਟੋ ਵੱਲੋਂ ਲੇਖਿਕਾ ਬਰਜਿੰਦਰ ਮੌਤ ਉਤੇ ਦੁਖ ਪ੍ਰਗਟ



ਬਰੈਂਪਟਨ, (ਡਾ. ਝੰਡ) -ਸਾਹਿਤਕ-ਹਲਕਿਆਂ ਵਿਚ ਇਹ ਖ਼ਬਰ ਬੜੇ ਦੁੱਖ ਤੇ ਅਫ਼ਸੋਸ ਨਾਲ ਪੜ੍ਹੀ-ਸੁਣੀ ਜਾਏਗੀ ਕਿ ਬਰੈਂਪਟਬ ਦੀ ਬਹੁਤ ਹੀ ਪਿਆਰੀ ਸ਼ਖ਼ਸੀਅਤ ਅਤੇ ਬਹੁ-ਪੱਖੀ ਲੇਖਿਕਾ ਬਰਜਿੰਦਰ ਗੁਲਾਟੀ ਬੀਤੇ ਬੁੱਧਵਾਰ 11 ਦਸੰਬਰ ਨੂੰ ਸ਼ਾਮੀ ਪੌਣੇ ਸੱਤ ਵਜੇ ਦੇ ਕਰੀਬ ਰੈਕਸਡੇਅਲ ਏਰੀਏ ਵਿਚ ਹੋਏ ਭਿਆਨਕ ਕਾਰ-ਹਾਦਸੇ ਵਿਚ ਸਦੀਵੀ-ਵਿਛੋੜਾ ਦੇ ਗਏ ਹਨ। ਇਸ ਦੁਖਦਾਈ ਦੁਰਘਟਨਾ ਵਿਚ ਉਨ੍ਹਾਂ ਦੇ ਪਤੀ ਮਨਮੋਹਨ ਗੁਲਾਟੀ ਗੰਭੀਰ ਰੂਪ ਵਿਚ ਜ਼ਖ਼ਮੀ ਹੋਏ ਹਨ ਅਤੇ ਹਸਪਤਾਲ ਵਿਚ ਜ਼ੇਰੇ-ਇਲਾਜ ਹਨ।

ਇਸ ਅਤੀ-ਦੁਖਦਾਈ ਘਟਨਾ ਨੂੰ ਮੁੱਖ ਰੱਖਦਿਆਂ ਹੋਇਆਂ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ 15 ਦਸੰਬਰ ਨੂੰ 2250 ਬੋਵੇਰਡ ਵਿਖੇ ਹੋਣ ਵਾਲੀ ਮਹੀਨਾਵਾਰ-ਇਕੱਤਰਤਾ ਕੈਂਸਲ ਕਰ ਦਿੱਤੀ ਗਈ ਸੀ ਅਤੇ ਸਭਾ ਦੀ ਕਾਰਜਕਾਰਨੀ ਦੇ ਮੈਂਬਰਾਂ ਨੇ 'ਸ਼ੇਰਗਿੱਲ ਲਾਅ ਆਫ਼ਿਸ' ਵਿਖੇ ਹੰਗਾਮੀ ਮੀਟਿੰਗ ਕਰਕੇ ਬਰਜਿੰਦਰ ਗੁਲਾਟੀ ਦੀ ਵਿੱਛੜੀ ਰੂਹ ਦੀ ਸ਼ਾਂਤੀ ਲਈ ਉਸ ਮਾਲਕ ਪ੍ਰਮਾਤਮਾ ਅੱਗੇ ਲਈ ਅਰਦਾਸ ਬੇਨਤੀ ਕੀਤੀ ਅਤੇ ਮਨਮੋਹਨ ਗੁਲਾਟੀ ਜੀ ਦੀ ਸਿਹਤਯਾਬੀ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ। ਮੀਟਿੰਗ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ, ਕੋਆਰਡੀਨੇਟਰ ਪਰਮਜੀਤ ਸਿੰਘ ਢਿੱਲੋਂ, ਮੀਡੀਆ-ਕੋਆਰਡੀਨੇਟਰ ਡਾ. ਸੁਖਦੇਵ ਸਿੰਘ ਝੰਡ, ਮਲੂਕ ਸਿੰਘ ਕਾਹਲੋਂ, ਤਲਵਿੰਦਰ ਸਿੰਘ ਮੰਡ, ਡਾ. ਜਗਮੋਹਨ ਸਿੰਘ ਸੰਘਾ, ਪ੍ਰੋ. ਰਾਮ ਸਿੰਘ, ਇਕਬਾਲ ਬਰਾੜ, ਕੁਲਜੀਤ ਮਾਨ, ਮਕਸੂਦ ਚੌਧਰੀ, ਪਰਮਜੀਤ ਸਿੰਘ ਗਿੱਲ, ਹਰਜਸਪ੍ਰੀਤ ਗਿੱਲ ਅਤੇ ਪਰਮਜੀਤ ਦਿਓਲ ਸ਼ਾਮਲ ਸਨ।

ਮੀਟਿੰਗ ਵਿਚ ਵੱਖ-ਵੱਖ ਬੁਲਾਰਿਆਂ ਵੱਲੋਂ ਬਰਜਿੰਦਰ ਗੁਲਾਟੀ ਨਾਲ ਜੁੜੀਆਂ ਯਾਦਾਂ ਸਾਂਝੀਆਂ ਕੀਤੀਆਂ ਗਈਆਂ ਅਤੇ ਉਨ੍ਹਾਂ ਵੱਲੋਂ ਕਵਿਤਾਵਾਂ ਅਤੇ ਕਹਾਣੀਆਂ ਦੇ ਰੂਪ ਵਿਚ ਸਾਹਿਤਕ-ਖ਼ੇਤਰ ਵਿਚ ਪਾਏ ਗਏ ਯੋਗਦਾਨ ਨੂੰ ਯਾਦ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਦੇ ਨਿੱਘੇ ਤੇ ਮਿਲਾਪੜੇ ਸੁਭਾਅ ਅਤੇ ਬਰੈਂਪਟਨ ਦੀ ਸੱਭ ਤੋਂ ਪੁਰਾਣੀ ਸਾਹਿਤ ਸਭਾ 'ਕਲਮਾਂ ਦੇ ਕਾਫ਼ਲੇ' ਵਿਚ ਉਨ੍ਹਾਂ ਵੱਲੋਂ ਕੋਆਰਡੀਨੇਟਰ ਵਜੋਂ ਪਾਏ ਗਏ ਯੋਗਦਾਨ ਬਾਰੇ ਵਿਸ਼ੇਸ਼ ਚਰਚਾ ਹੋਈ।

# ਪ੍ਰਿਅੰਕਾ ਗਾਂਧੀ ਇੰਡੀਆ ਗੇਟ ਵਿਖੇ ਵਿਦਿਆਰਥੀਆਂ ਨਾਲ ਧਰਨੇ ਉੱਤੇ ਜਾ ਬੈਠੀ



ਨਵੀਂ ਦਿੱਲੀ, 16 ਦਸੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਨਵੇਂ ਨਾਗਰਕਿਤਾ ਸੋਧ ਕਾਨੂੰਨ ਵਿਰੁੱਧ ਦਿੱਲੀ ਵਿੱਚ ਹੋਏ ਹਿੰਸਕ ਪ੍ਰਦਰਸ਼ਨ ਪਿੱਛੋਂ ਐਤਵਾਰ ਰਾਤ ਨੂੰ ਇੱਕ ਵਾਰੀ ਮਾਹੌਲ ਸ਼ਾਂਤ ਹੋ ਗਿਆ, ਪਰ ਸੋਮਵਾਰ ਨੂੰ ਕੁਝ ਇਲਾਕਿਆਂ ਵਿੱਚ ਤਨਾਅ ਜਾਰੀ ਰਿਹਾ। ਇਸ ਦੌਰਾਨ ਸੋਮਵਾਰ ਸਵੇਰੇ ਫਿਰ ਵੱਡੀ ਗਿਣਤੀ ਵਿੱਚ ਲੋਕ ਜਾਮੀਆ ਦੇ ਬਾਹਰ ਇਕੱਠੇ ਹੋ ਗਏ ਅਤੇ ਲਗਾਤਾਰ ਪੁਲਿਸ ਦੇ ਖ਼ਿਲਾਫ਼ ਪ੍ਰਦਰਸ਼ਨ ਕਰਨ ਲੱਗ ਪਏ। ਵਿਦਿਆਰਥੀਆਂ ਨੇ ਪੂਰੇ ਮਾਮਲੇ ਦੀ ਸੀਬੀ ਆਈ ਜਾਂਚ ਦੀ ਮੰਗ ਕੀਤੀ ਅਤੇ ਸੁਪਰੀਮ ਕੋਰਟ ਤੋਂ ਇਸ ਦਾ ਨੋਟਿਸ ਲੈਣ ਦੀ ਅਪੀਲ ਕੀਤੀ ਹੈ। ਉਂਜ ਜਾਮੀਆ ਹਿੰਸਾ ਦੌਰਾਨ ਮੋਰਚਾ ਸੰਭਾਲਣ ਵਾਲੇ 30 ਪੁਲਿਸ ਵਾਲੇ ਜ਼ਖ਼ਮੀ ਹੋਏ ਦੱਸੇ ਗਏ ਹਨ ਅਤੇ ਇਕ ਪੁਲਸ ਮੁਲਾਜ਼ਮ ਹਸਪਤਾਲ ਦੇ ਆਈਸੀਯੂ ਵਿੱਚ ਭਰਤੀ ਵੀ ਹੈ, ਜਿਸ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।

ਦੂਸਰੇ ਪਾਸੇ ਅੱਜ ਕਾਂਗਰਸ ਜਨਰਲ ਸੈਕਟਰੀ ਪ੍ਰਿਅੰਕਾ ਗਾਂਧੀ ਵਿਦਿਆਰਥੀਆਂ ਦੇ ਸਮਰਥਨ ਵਿੱਚ ਇੰਡੀਆ ਗੇਟ ਦੇ ਧਰਨੇ ਉੱਤੇ ਜਾ ਕੇ ਬੈਠ ਗਈ। ਪੁਲਿਸ ਨੇ ਜਾਮੀਆ ਮੈਟਰੋ ਸਟੇਸ਼ਨ ਤੋਂ ਯਾਤਰੀਆਂ ਦੀ ਆਵਾਜਾਈ ਉੱਤੇ ਰੋਕ ਦਿੱਤੀ ਤੇ ਇਹ ਫੈਸਲਾ ਸੁਰੱਖਿਆ ਦੇ ਮੱਦੇਨਜ਼ਰ ਕੀਤਾ ਦੱਸਿਆਗਿਆ ਹੈ।ਜਾਮੀਆ ਮਿਲਿਆ ਇਸਲਾਮੀਆ ਮੈਟਰੋ ਸਟੇਸ਼ਨ ਨੂੰ ਬੰਦ ਕਰ ਦਿੱਤਾ ਗਿਆ। ਇਸ ਪਿੱਛੋਂ ਵਿਰੋਧ ਪ੍ਰਦਰਸ਼ਨ ਦਾ ਮੁੱਦਾ ਦਿੱਲੀ ਯੂਨੀਵਰਸਿਟੀ ਤੱਕ ਵੀ ਚਲਾ ਗਿਆ। ਸਮਾਚਾਰ ਏਜੰਸੀ ਮੁਤਾਬਕ ਵਿਦਿਆਰਥੀਆਂ ਨੇ ਪ੍ਰੀਖਿਆ ਦੇ ਬਾਈਕਾਟ ਦਾ ਐਲਾਨ ਕੀਤਾ ਤੇ ਕੁਝ ਵਿਦਿਆਰਥੀਆਂ ਨੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੇ ਜਾਮੀਆ ਮਿਲੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਸਮਰਥਨ ਦਾ ਐਲਾਨ ਕੀਤਾ ਹੈ। ਅੱਜ ਜਾਮੀਆ ਮਿਲੀਆ ਦਾ ਨਾਨ ਟੀਚਿੰਗ ਅਤੇ ਟੀਚਿੰਗ ਸਟਾਫ਼ ਵੀ ਪ੍ਰਦਰਸ਼ਨ ਵਿੱਚ ਸਾਹਮਣੇ ਆ ਗਿਆ ਅਤੇ ਜਾਮੀਆ ਇਸਲਾਮੀਆ ਯੂਨੀਵਰਸਿਟੀ ਅੱਗੇ ਸੜਕ ਉੱਤੇ ਕਰੀਬ 5000 ਲੋਕ ਜਮ੍ਹਾ ਹੋ ਗਏ, ਇਨ੍ਹਾਂ ਵਿੱਚ ਵਿਦਿਆਰਥੀਆਂਦੇ ਨਾਲ ਵੱਡੀ ਗਿਣਤੀ ਸਥਾਨਕ ਲੋਕ ਵੀ ਸਨ। ਸੀਨੀਅਰ ਵਕੀਲ ਕਾਲਿਨ ਗੋਂਜਾਲਵੇਜ਼ ਨੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਤੋਂ ਜਾਮੀਆ ਵਿੱਚ ਹੋਈ ਹਿੰਸਾ ਦੀ ਜਾਂਚ ਦੀ ਮੰਗ ਕੀਤੀ ਹੈ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਕਹਿਣਾ ਹੈ ਕਿ ਉਹ ਦਿੱਲੀ ਸ਼ਹਿਰ ਦੀ ਸੁਰੱਖਿਆ ਵਿਵਸਥਾ ਬਾਰੇ ਪਰੇਸ਼ਾਨ ਹਨ। ਏਥੇ ਜਲਦੀ ਸ਼ਾਂਤੀ ਕਾਇਮ ਹੋਣੀ ਚਾਹੀਦੀ ਹੈ।

# ਅਕਸ਼ੈ ਕੁਮਾਰ ਜਾਮੀਆ ਨਾਲ ਜੁੜੇ ਮੁੱਦੇ ਉੱਤੇ ਟਵੀਟ ਦੇ ਕੇ ਫਸੇ

### * ਬਾਅਦ ਵਿੱਚ ਕਿਹਾ: ਗ਼ਲਤੀ ਨਾਲ ਹੋ ਗਿਆ



ਮੁੰਬਈ, 16 ਦਸੰਬਰ, (ਪੋਸਟ ਬਿਊਰੋ)- ਦਿੱਲੀ ਦੇ ਜਾਮੀਆ ਮਿਲੀਆ ਇਸਲਾਮੀਆ ਨਾਲ ਸਬੰਧ ਰੱਖਦੇਇਕ ਟਵੀਟ ਨੂੰ ਲਾਈਕ ਕਰਨ ਬਾਰੇ ਫਿਲਮ ਸਟਾਰ ਅਕਸ਼ੈ ਕੁਮਾਰ ਨੇ ਅੱਜ ਸੋਮਵਾਰ ਨੂੰ ਸਫ਼ਾਈ ਦਿੱਤੀ ਤੇ ਕਿਹਾ ਕਿ ਪੇਜ ਫਾਰਵਰਡ ਕਰਨ ਦੇ ਚੱਕਰ ਵਿੱਚ ਉਹ ਗ਼ਲਤੀ ਨਾਲ ਟਵੀਟ ਨੂੰ ਲਾਈਕ ਕਰ ਬੈਠੇ ਸਨ।

ਭਾਰਤ ਸਰਕਾਰ ਦੇ ਨਾਗਰਿਕਤਾ ਸੋਧ ਕਾਨੂੰਨ ਬਾਰੇ ਜਾਮੀਆ ਮਿਲੀਆ ਵਿੱਚ ਚੱਲਦੇ ਹੰਗਾਮੇ ਨਾਲ ਸੰਬੰਧ ਰੱਖਦਾ ਵੀਡੀਓ ਸ਼ੇਅਰ ਕਰਦੇ ਹੋਏ ਇਕ ਯੂਜ਼ਰ ਨੇ ਦਿੱਲੀ ਪੁਲਿਸ ਦੀ ਕਾਰਵਾਈ ਦਾ ਮਜ਼ਾਕ ਉਡਾਇਆ ਤੇ ਇਹ ਲਿਖਿਆ ਸੀ, 'ਵਧਾਈ ਹੋਵੇ, ਜਾਮੀਆ ਵਿੱਚ ਆਜ਼ਾਦੀ ਮਿਲੀ ਹੈ।' ਇਸ ਵੀਡੀਓ ਵਿੱਚ ਪ੍ਰਦਰਸ਼ਨਕਾਰੀ ਲੋਕ ਪੁਲਿਸ ਤੋਂ ਭੱਜਦੇ ਨਜ਼ਰ ਆ ਰਹੇ ਹਨ।ਅਕਸ਼ੈ ਕੁਮਾਰ ਨੇ ਟਵਿਟਰ ਉੱਤੇ ਸਫਾਈ ਦਿੱਤੀਹੈ ਕਿ 'ਜਾਮੀਆ ਮਿਲੀਆ ਦੇਵਿਦਿਆਰਥੀ ਦਾ ਟਵੀਟ ਲਾਈਕ ਕੀਤੇ ਜਾਣ ਬਾਰੇ ਮੇਰਾ ਕਹਿਣਾ ਹੈ ਕਿ ਗ਼ਲਤੀ ਨਾਲ ਹੋ ਗਿਆ ਸੀ। ਮੈਂ ਪੇਜ ਨੂੰ ਸਕਰੋਲ ਕਰ ਰਿਹਾ ਸੀ ਤਾਂ ਇਹ ਗ਼ਲਤੀ ਨਾਲ ਲਾਈਕ ਹੋ ਗਿਆ ਹੋਵੇਗਾ। ਜਦੋਂ ਮੈਂ ਇਸ ਗ਼ਲਤੀ ਨੂੰ ਮਹਿਸੂਸ ਕੀਤਾ ਤਾਂ ਤੱਤਕਾਲ ਇਹ ਅਨਲਾਈਕ ਕਰ ਦਿੱਤਾ। ਮੈਂ ਏਦਾਂ ਦੀਆਂ ਸਰਗਰਮੀਆਂ ਦੀ ਹਮਾਇਤ ਬਿਲਕੁਲ ਨਹੀਂ ਕਰਦਾ।'

ਇਸ ਤੋਂ ਬਾਅਦ ਟਵਿਟਰ ਉੱਤੇ ਲੋਕਾਂ ਨੇ ਹੈਸ਼ਟੈਗ ਆਈ ਸਪੋਰਟ ਅਕਸ਼ੈ ਕੁਮਾਰ ਅਤੇ ਬੁਆਏਕਾਟ ਕੈਨੇਡੀਅਨ ਕੁਮਾਰ ਰਾਹੀਂ ਉਨ੍ਹਾਂ ਨੂੰ ਟਰੋਲ ਕਰਨਾ ਸ਼ੁਰੂ ਕਰ ਦਿੱਤਾ ਅਤੇ ਇਕ ਫੈਨ ਨੇ ਲਿਖਿਆ, 'ਯੂਨੀਵਰਸਿਟੀਆਂ ਵਿੱਚ ਪੜ੍ਹਾਈ ਨੂੰ ਛੱਡ ਕੇ ਸਭ ਕੁਝ ਹੋ ਰਿਹਾ ਹੈ। ਇਹ ਭਾਰਤ ਹੈ।'ਇੱਕ ਹੋਰ ਨੇ ਵਿਰੋਧ ਕਰਦੇ ਹੋਏ ਲਿਖਿਆ, 'ਉਨ੍ਹਾਂ ਜਾਣਬੁੱਝ ਕੇ ਇਸ ਤਰ੍ਹਾਂ ਕੀਤਾ ਹੋਵੇਗਾ, ਇਸ ਲਈ ਉਨ੍ਹਾਂ ਨੂੰ ਬਾਅਦ ਵਿੱਚ ਮਾਫ਼ੀ ਮੰਗਣ ਤੇ ਨਿੰਦਾ ਕਰਨ ਦੀ ਲੋੜ ਪਈ। ਇਹ ਲੋਕ ਦਬਾਅ ਵਿੱਚ ਹਨ, ਸਾਨੂੰ ਸਮਝਣਾ ਚਾਹੀਦਾ ਹੈ, ਅਕਸ਼ੈ ਕੁਮਾਰ ਖੁੱਲ੍ਹ ਕੇ ਬੋਲੋ, ਮੈਂ ਉਨ੍ਹਾਂ ਦੇ ਨਾਲ ਹਾਂ।'

ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers

• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for
Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ੴ ਸ਼ਹੀਦੀ ਸਮਾਗਮ ੴ

ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜਾ ਸਾਹਿਬ ਦੀ ਧਰਤੀ'ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਜੀ ਅਤੇ ਸਭਾ ਵਿੱਚ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਦਿਨ ਸੋਮਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਦਿਨ ਬੁੱਧਵਾਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨ ਦਿਨ ਗੁਰੂ ਘਰ ਦੀਆਂ ਹਾਜਰੀਆਂ ਭਰ ਕੇ ਆਪਣਾ ਜੀਵਨ ਸਫਲਾ ਕਰੋ ਜੀ।

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਉੱਪਲ- 647-207-1887, ਸਤਪਾਲ ਸਿੰਘ ਗਰੇਵਾਲ ਨੂੰ 519-405-0075, ਜਸਵੰਤ ਸਿੰਘ ਰਜ਼ੂਲ 647-207-1887, ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 905-458-6446 ਨੂੰ ਸੰਪਰਕ ਕਰੋ ਜੀ।

KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6

# ਸੰਪਾਦਕੀ

## ਹੈਰਾਨ ਨਹੀਂ ਕਰਦਾ ਲਿਬਰਲ ਸਰਕਾਰ ਵੱਲੋਂ ਘਾਟੇ ਦਾ ਐਲਾਨ

ਵਿੱਤ ਮੰਤਰੀ ਬਿੱਲ ਮੌਰਨੂ ਨੇ ਕੱਲ ਪਾਰਲੀਮੈਂਟ ਵਿੱਚ fiscal update (ਵਿੱਤੀ ਸਥਿਤੀ ਬਾਰੇ ਤਾਜ਼ਾ ਸਥਿਤੀ) ਪੇਸ਼ ਕੀਤੀ ਜਿਸਦਾ ਮੋਟਾ ਅਰਥ ਸਰਕਾਰ ਦਾ ਅਗਲੇ ਸਾਲ ਪੇਸ਼ ਕੀਤੇ ਜਾਣ ਵਾਲੇ ਬੱਜਟ ਬਾਰੇ ਅਨੁਮਾਨ ਪੇਸ਼ ਕਰਨਾ ਹੁੰਦਾ ਹੈ। ਜਦੋਂ ਇਹ ਅਨੁਮਾਨ ਲਿਬਰਲ ਸਰਕਾਰ ਦੇ ਹੋਣ ਤਾਂ ਬੱਜਟ ਵਿੱਚ ਘਾਟੇ ਦਾ ਹੋਣਾ ਕੋਈ ਹੈਰਾਨੀ ਵਾਲੀ ਗੱਲ ਨਹੀਂ, ਕਿਉਂਕਿ ਬੱਜਟ ਸਾਵਾਂ ਕਰਨਾ ਤਾਂ ਲਿਬਰਲ ਸਰਕਾਰ ਦਾ ਕਦੇ ਉਦੇਸ਼ ਹੀ ਨਹੀਂ ਰਿਹਾ। ਵੇਖਣ ਵਾਲੀ ਗੱਲ ਇਹ ਹੈ ਕਿ ਆਖਰ ਨੂੰ ਘਾਟਾ ਕਿੰਨਾ ਕੁ ਵੱਡਾ ਹੋਵੇਗਾ। ਸਰਕਾਰ ਦਾ ਅਨੁਮਾਨ ਹੈ ਕਿ ਅਗਲੇ ਸਾਲ ਦਾ ਬੱਜਟ 26.6 ਬਿਲੀਅਨ ਡਾਲਰ ਘਾਟੇ ਵਾਲਾ ਹੋਵੇਗਾ। 2019 ਵਿੱਚ ਸਰਕਾਰ ਨੇ ਵਾਅਦਾ ਕੀਤਾ ਸੀ ਕਿ 2020 ਵਿੱਚ ਘਾਟਾ 19.7 ਬਿਲੀਅਨ ਰਹੇਗਾ। ਸੋ ਹੁਣ ਸਰਕਾਰ ਪਿਛਲੇ ਸਾਲ ਦੇ ਅਨੁਮਾਨ ਨਾਲੋਂ 7 ਬਿਲੀਅਨ ਡਾਲਰ ਦਾ ਇਜਾਫ਼ਾ ਹੋ ਜਾਣ ਆਖ ਰਹੀ ਹੈ। ਸੁਆਲ ਹੈ ਕਿ ਜੋ ਵਾਅਦੇ ਇਸ ਸਾਲ ਹੋਈਆਂ ਚੋਣਾਂ ਵਿੱਚ ਕੀਤੇ ਗਏ, ਉਹਨਾਂ ਨੂੰ ਪੂਰੇ ਕਰਨ ਵਾਸਤੇ ਜੋ ਧਨ ਖਰਚ ਹੋਵੇਗਾ, ਉਸ ਤੋਂ ਬਾਅਦ ਘਾਟਾ ਕਿੱਥੇ ਜਾ ਪੁੱਜੇਗਾ? ਹਾਲ ਦੀ ਘੜੀ ਸਰਕਾਰ ਆਖ ਰਹੀ ਹੈ ਕਿ 2023 ਵਿੱਚ ਸਾਡਾ ਬੱਜਟ 35 ਬਿਲੀਅਨ ਡਾਲਰ ਘਾਟੇ ਵਾਲਾ ਹੋਵੇਗਾ।

ਲਿਬਰਲਾਂ ਦੇ ਖਰਚੇ ਵਧਾਉਣ ਵਾਲੇ ਚੋਣ ਵਾਅਦਿਆਂ ਵਿੱਚ ਯੂਨੀਵਰਸਲ ਫਰਮਾ-ਕੇਅਰ ਲਾਗੂ ਕਰਨਾ ਜਿਸ ਉੱਤੇ 2020 ਵਿੱਚ 6 ਬਿਲੀਅਨ ਡਾਲਰ ਖਰਚ ਹੋਣਗੇ ਅਤੇ ਇਹ ਖਰਚਾ 2017 ਤੱਕ ਵੱਧ ਕੇ 15 ਬਿਲੀਅਨ ਡਾਲਰ ਸਾਲਾਨਾ ਹੋ ਜਾਵੇਗਾ। ਇਹ ਅੰਕੜੇ ਯੂਨੀਵਰਸਲ ਫਰਮਾਕੇਅਰ ਬਾਰੇ ਫੈਡਰਲ ਨੀਤੀ ਘੜਨ ਵਾਲੇ ਉਂਟੇਰੀਓ ਦੇ ਸਾਬਕਾ ਸਿਹਤ ਮੰਤਰੀ ਐਰਿਕ ਹੌਸਕਿਨਸ ਦੇ ਹਨ। ਇਸਤੋਂ ਇਲਾਵਾ ਅਗਲੇ ਸਾਲ ਆਮਦਨ ਟੈਕਸ ਵਿੱਚ ਛੋਟ ਲਈ 1 ਲੱਖ 47 ਹਜ਼ਾਰ ਡਾਲਰ ਤੱਕ ਕਮਾਉਣ ਵਾਲਿਆਂ ਲਈ ਬੇਸਿਕ ਪਰਸਨਲ ਰਾਸ਼ੀ ਨੂੰ ਵਧਾ ਕੇ 15,000 ਡਾਲਰ ਕਰਨਾ ਹੈ ਜਿਸ ਨਾਲ ਪ੍ਰਤੀ ਵਿਅਕਤੀ ਨੂੰ ਔਸਤਨ 292 ਡਾਲਰ ਦਾ ਲਾਭ ਹੋਵੇਗਾ। ਕੈਨੇਡਾ ਵਿੱਚ 90% ਦੇ ਕਰੀਬ ਲੋਕ 1 ਲੱਖ 47 ਹਜ਼ਾਰ ਤੋਂ ਘੱਟ ਕਮਾਉਂਦੇ ਹਨ, ਸੋ ਸੋਚਿਆ ਜਾ ਸਕਦਾ ਹੈ ਕਿ ਟੈਕਸ ਉਗਰਾਹੀ ਕਿੰਨੀ ਘੱਟ ਹੋਵੇਗੀ। ਇਸੇ ਤਰਾਂ ਵਿੱਦਿਆਰਥੀਆਂ ਦੇ ਲੋਨ ਵਿੱਚ 1200 ਡਾਲਰ ਦੀ ਛੋਟ ਦੇਣੀ, ਓਲਡ ਏਜ਼ ਸਿਕਿਉਰਿਟੀ ਅਤੇ ਕੈਨੇਡੀਅਨ ਪੈਨਸ਼ਨ ਪਲਾਨ ਲਾਭਾਂ ਵਿੱਚ ਇਜ਼ਾਫਾ ਕਰਨਾ, 2000 ਨਵੇਂ ਉੱਦਮੀਆਂ ਨੂੰ ਨਵਾਂ ਕਾਰੋਬਾਰ ਆਰੰਭ ਕਰਨ ਲਈ 50,000 ਡਾਲਰ ਤੱਕ ਦੇਣੇ ਆਦਿ ਸ਼ਾਮਲ ਹਨ।

ਸਰਕਾਰ ਦੇ ਖਰਚਿਆਂ ਬਾਰੇ ਸਾਰੇ ਸਮੀਕਰਣਾਂ ਦੇ ਉਥਲ ਪੁਥਲ ਹੋਣ ਦੀ ਬਹੁਤ ਸੰਭਾਵਨਾ ਹੈ ਕਿਉਂਕਿ ਘੱਟ ਗਿਣਤੀ ਟਰੂਡੋ ਸਰਕਾਰ ਨੇ ਆਪਣਾ ਸਮਾਂ ਐਨ ਡੀ ਪੀ ਅਤੇ ਬਲਾਕ ਕਿਉਬਕੋਆ ਦੇ ਸਹਾਰੇ ਬਤੀਤ ਕਰਨਾ ਹੈ। ਐਨ ਡੀ ਪੀ ਦੇ ਆਗੂ ਜਗਮੀਤ ਸਿੰਘ ਪਹਿਲਾਂ ਹੀ ਐਲਾਨ ਕਰ ਚੁੱਕਾ ਹੈ ਕਿ ਉਹ ਆਪਣੇ ਵਾਅਦੇ ਪੂਰੇ ਕਰਵਾਉਣ ਲਈ ਸਰਕਾਰ ਨੂੰ ਨਿੱਤ ਦਿਨ ਨਵੇਂ ਨੋਟਿਸ ਦੇਣ ਲਈ ਤਿਆਰ ਹੈ। ਖਰਚਿਆਂ ਪੱਖੋਂ ਐਨ ਡੀ ਪੀ ਦੇ ਵੋਟਰਾਂ ਨਾਲ ਕੀਤੇ ਵਾਅਦੇ ਲਿਬਰਲਾਂ ਨਾਲੋਂ ਕਿਤੇ ਵੱਡੇ ਹਨ। ਹੁਣ ਸਬੱਬੀ ਸਰਕਾਰ ਦੀ ਬਾਂਹ ਮਰੋੜਨ ਦਾ ਅਵਸਰ ਵੀ ਉਹਨਾਂ ਹੱਥ ਆਇਆ ਹੋਇਆ ਹੈ।

ਵਿੱਤ ਮੰਤਰੀ ਮੌਰਨੂ ਨੇ ਵਿੱਤੀ ਸਥਿਤੀ ਬਾਰੇ ਅੱਪਡੇਟ ਪੇਸ਼ ਕਰਨ ਤੋਂ ਬਾਅਦ ਧੱੜਲੇ ਨਾਲ ਇਹ ਆਖਣਾ ਹੈਰਾਨ ਨਹੀਂ ਕਰਦਾ ਕਿ ਸਰਕਾਰ ਕੈਨੇਡਾ ਦੀ ਵਿੱਤੀ ਸਥਿਤੀ ਨੂੰ ਠੋਸ ਪੱਧਰ ਉੱਤੇ ਰੱਖਣ ਲਈ ਵਚਨਬੱਧ ਹੈ। ਉਸਦਾ ਇਹ ਵੀ ਆਖਣਾ ਵੀ ਕੋਈ ਅਨੋਖੀ ਗੱਲ ਨਹੀਂ ਹੈ ਕਿ ਸਰਕਾਰ 'ਕੈਨੇਡਾ ਦੀ ਕਰਜ਼ੇ ਅਤੇ ਉਤਪਾਦਨ ਵਿਚਕਾਰਲੀ ਦਰ' ਨੂੰ ਕਾਬੂ ਵਿੱਚ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਬੱਸ ਫਰਕ ਇਹ ਹੈ ਕਿ ਮੰਤਰੀ ਮੌਰਨੂ ਦੇ ਤਰਕ ਨਾਲ ਲਿਬਰਲ ਸਰਕਾਰ ਦੇ ਵਾਅਦੇ, ਕਾਰਗੁਜ਼ਾਰੀ ਅਤੇ ਮਾਹਰਾਂ ਦੀ ਰਾਏ ਸਹਿਮਤ ਨਹੀਂ ਹੋ ਰਹੇ, ਕੰਜ਼ਰਵੇਟਿਵਾਂ ਨੇ ਤਾਂ ਖੈਰ ਹੋਣਾ ਹੀ ਕਿੱਥੋਂ ਸੀ। ਲਿਬਰਲ ਸਰਕਾਰ ਨੂੰ ਅਸਲੀ ਖਤਰਾ ਵੀ ਅਗਲੇ ਦਿਨਾਂ ਵਿੱਚ ਕੰਜ਼ਰਵੇਟਿਵਾਂ ਤੋਂ ਹੋਵੇਗਾ ਵਿਸ਼ੇਸ਼ ਕਰਕੇ ਐਂਡਰੀਊ ਸ਼ੀਅਰ ਦੇ ਲੀਡਰ ਵਜੋਂ ਅਸਤੀਫਾ ਦੇਣ ਤੋਂ ਬਾਅਦ। ਨਵੇਂ ਟੋਰੀ ਲੀਡਰ ਕੋਲ ਸ਼ੀਅਰ ਵਾਲਾ ਕੋਈ ਬੋਝਲ ਅਤੀਤ ਨਹੀਂ ਹੋਵੇਗਾ ਜਿਸ ਕਾਰਣ ਉਹ ਸਰਕਾਰ ਨੂੰ ਆੜੇ ਹੱਥੀਂ ਲੈਣੋਂ ਗੁਰੇਜ਼ ਨਹੀਂ ਕਰੇਗਾ। ਕੀ ਲਿਬਰਲ ਇਸ ਸਥਿਤੀ ਨੂੰ ਇੱਕ ਚੁਣੌਤੀ ਵਜੋਂ ਲੈਣਗੇ, ਸ਼ਾਇਦ ਨਹੀਂ, ਘੱਟ ਘੱਟ ਜਦੋਂ ਤੱਕ ਐਨ ਡੀ ਪੀ ਅਤੇ ਬਲਾਕ ਕਿਉਬਕੋਆ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਸਰਕਾਰ ਰਾਜ਼ੀ ਹੁੰਦੀ ਰਹੇਗੀ। ਜਿੱਥੇ ਤੱਕ ਬੱਜਟ ਵਿੱਚ ਘਾਟੇ ਦਾ ਸੁਆਲ ਹੈ, ਉਸਦਾ ਫਿਕਰ ਨਾ ਲਿਬਰਲਾਂ ਹੈ ਹੀ ਨਹੀਂ। ਐਨ ਡੀ ਪੀ ਅਤੇ ਬਲਾਕ ਕਿਉਬਕੋਆ ਨੂੰ ਤਾਂ ਖੈਰ ਹੋਣਾ ਹੀ ਕਿੱਥੋਂ ਹੋਇਆ।

## ਸੱਭਿਆਚਾਰਕ ਸੱਥ ਵਲੋਂ ਸੁੱਖੀ ਨਿੱਝਰ ਕੈਨੇਡਾ ਤੇ ਸੁਖਦਰਸ਼ਨ ਫਿਨਲੈਂਡ ਦਾ ਨਿੱਘਾ ਸਨਮਾਨ



ਲੁਧਿਆਣਾ: ੧੫ ਜਨਵਰੀ ੨੦੧੯ (ਪੋਸਟ ਬਿਊਰੋ)- ਵਤਨੋਂ ਦੂਰ ਨੈਟਵਰਕ ਕੈਨੇਡਾ ਦੇ ਸੀ ਈ ਓ ਸੁੱਖੀ ਨਿੱਝਰ ਤੇ ਫਿਨਲੈਂਡ ਚ ਪੰਜਾਬੀ ਸੱਭਿਆਚਾਰ ਤੇ ਵਿਰਸੇ ਦੀ ਪ੍ਰਚਾਰ ਤੇ ਪਾਸ਼ਾਰ ਲਈ ਉਪਰਲੇ ਕਰ ਰਹੇ ਗੁਰਦਰਸ਼ਨ ਗਿਲ ਫਿਨਲੈਂਡੀਆਂ ਦਾ ਸੱਭਿਆਚਾਰਕ ਸੱਥ ਪੰਜਾਬ ਵਲੋਂ ਚੇਅਰਮੈਨ ਸ੍ਰ ਜਸਮੇਰ ਸਿੰਘ ਢੱਟ ਦੀ ਅਗਵਾਈ ਸਮੂਹ ਮੈਂਬਰਾਂ ਵਲੋਂ ਸੱਥ ਦੇ ਲੁਧਿਆਣਾ ਦਫਤਰ ਵਿਖੇ ਪੁੱਜਣ ਤੇ ਨਿੱਘਾ ਸੁਆਗਤ ਕੀਤਾ ਗਿਆ।ਇਸ ਸਮੇਂ ਇਕ ਸਾਦਾ ਪਰ ਪ੍ਰਭਾਵਸ਼ਾਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਸੁੱਖੀ ਨਿੱਝਰ ਨੇ ਕਿਹਾ ਕਿ ਪਿਛਲੀ ਦਿਨੀ ਟੋਰੰਟੋ ਵਿਖੇ ਸ੍ਰ ਜਸਮੇਰ ਸਿੰਘ ਢੱਟ ਦੀ ਅਗਵਾਈ ਵਿਚ ਜੋ "ਮਿਸ ਕੈਨੇਡਾ ਪੰਜਾਬਣ" ਦਾ ਆਯੋਜਿਨ ਕੀਤਾ ਗਿਆ ਉਸਨੇ ਸਫਲਤਾ ਦੇ ਨਵੇਂ ਕੀਰਤੀਮਾਨ ਸਥਾਪਤ ਕੀਤੇ ਹਨ ਜਿਸ ਤੋਂ ਪ੍ਰਭਾਵਤ ਹੋਕੇ ਅਗਲਾ ਅੰਤਰ-ਰਾਸ਼ਟਰੀ ਸੁੰਦਰਤਾ ਮੁਕਾਬਲਾ "ਮਿਸ ਵਰਲਡ ਪੰਜਾਬਣ" ਨਵੇਂ ਵਰ੍ਹੇ ਚ ਕੈਨੇਡਾ ਦੇ ਖੂਬਸੂਰਤ ਸ਼ਹਿਰ ਟੋਰੰਟੋ ਵਿਖੇ ਕਰਵਾਇਆ ਜਾਵੇਗਾ। ਜੋ ਪਹਿਲਾਂ ਵਾਂਗ ਸੱਭਿਆਚਰਕ ਸੱਥ ਪੰਜਾਬ ਵਲੋਂ ਵਤਨੋਂ ਦੂਰ ਦੇ ਸਹਿਯੋਗ ਨਾਲ ਟੋਰੰਟੋ ਵਿਖੇ ਆਯੋਜਿਤ ਕੀਤਾ ਜਾਵੇਗਾ ਜਿਸ ਲਈ ਵਿਸ਼ਵ ਭਰ ਵਿਚੋਂ ਸੁੰਦਰ ਸੁਸ਼ੀਲ ਪੰਜਾਬਣ ਮੁਟਿਆਰਾਂ ਦੀ ਚੋਣ ਕਰਨ ਵਾਸਤੇ ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ ਤੇ ਇੰਗਲੈਂਡ ਆਦਿ ਦੇਸ਼ਾ ਵਿਚ ਮੁੱਢਲੇ ਮੁਕਾਬਿਲਆਂ ਦੀ ਲੜੀ ਸੁਰੂ ਕੀਤੀ ਜਾ ਰਹੀ ਹੈ। ਇਸੇ ਲੜੀ ਤਹਿਤ ਫਿਨਲੈਂਡ ਵਿਖੇ "ਮਿਸ ਯੂਰੋਪ ਪੰਜਾਬਣ" ਮੁਕਾਬਲਾ ਕਰਵਾਉਣ ਲਈ ਤਿਆਰੀਆਂ ਨੂੰ ਅੰਤਿਮ ਰੂਪ ਦੇਣ ਲਈ ਸ੍ਰ ਸੁਖਦਰਸ਼ਨ ਗਿਲ ਪੰਜਾਬ ਤਸਰੀਫ ਲਿਆਏ ਹਨ।

ਸ੍ਰ ਸੁਖਦਰਸ਼ਨ ਗਿਲ ਨੇ ਇਸ ਸਮੇਂ ਸੱਥ ਦਾ ਧੰਨਵਾਦ ਕਰਦਿਆ ਕਿਹਾ ਕਿ ਸ੍ਰ ਜਸਮੇਰ ਸਿੰਘ ਢੱਟ ਦੀ ਅਗਵਾਈ ਵਿਚ ਸੱਥ ਪਿਛਲੇ ਤਿੰਨ ਦਹਾਕੇ ਤੋਂ ਪੰਜਾਬੀ ਮੁਟਿਆਰਾਂ ਨੂੰ ਅਪਣੇ ਵਿਰਸੇ ਨਾਲ ਜੋੜਨ ਲਈ ਸਲਾਘਾ ਯੋਗ ਉਪਰਾਲੇ ਕਰ ਰਹੀ ਹੈ ਉਹਨਾਂ ਨੂੰ ਇਸ ਮੁਕਾਬਲੇ ਦਾ ਹਿੱਸਾ ਬਨਣ ਤੇ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ।ਸਮਾਗਮ ਸਮੇਂ ਮਸ਼ਹੂਰ ਗਾਇਕਾਂ ਅਮ੍ਰਿਤ ਸਿੰਘ ਤੇ ਵਤਨਜੀਤ ਸਿੰਘ ਨੇ ਅਪਣੇ ਖੂਬਸੂਰਤ ਗੀਤਾਂ ਨਾਲ ਸਮਾਗਮ ਨੂੰ ਸੰਗੀਤਮਈ ਬਣਾ ਦਿਤਾ

ਇਸ ਸਮੇ ਸੱਥ ਦੇ ਸੱਕਤਰ ਜਨਰਲ ਤੇ ਉਘੇ ਰੰਗਕਰਮੀ ਪ੍ਰੋ: ਨਿਰਮਲ ਜੌੜਾ ਨੂੰ ਕੈਨੇਡਾ ਜਾਣ ਲਈ ਨਿੱਘੀ ਵਦਾਇਗੀ ਵੀ ਦਿਤੀ ਗਈ। ਪ੍ਰੋ: ਜੌੜਾ ਦੀ ਅਗਵਾਈ ਹੇਠ ਉਹਨਾਂ ਦਾ ਲਿਖਿਆ ਧਾਰਮਿਕ ਨਾਟਕ "ਮਾਤਾ ਗੁਜਰੀ" ੨੨ ਦਸੰਬਰ ਨੂੰ ਟੋਰੰਟੋ ਦੇ ਰੋਜ਼ ਥੀਏਟਰ ਵਿਚ ਹੀਰਾ ਸਿੰਘ ਰੰਧਾਵਾ ਦੀ ਨਿਰਦੇਸ਼ਨਾ ਹੇਠ ਪੇਸ਼ ਕੀਤਾ ਜਾ ਰਿਹਾ ਹੈ। ਇਸ ਸਮਾਗਮ ਸਮੇ ਹੋਰਨਾ ਤੋਂ ਇਲਾਵਾ ਮੋਗਾ ਤੋਂ ਕੌਸਲਰ ਸ੍ਰੀ ਪੋਪਲੀ, ਜਗਜੀਤ ਸਿੰਘ ਯੂਕੇ, ਕਰਮਜੀਤ ਸਿੰਘ ਢੱਟ, ਹੈਰੀ ਸਰਾਂ ਤੇ ਗੁਰਦੇਵ ਸਿੰਘ ਪੁਰਬਾ ਵਰਗੀਆਂ ਉਚ ਸਖਸ਼ੀਅਤਾਂ ਹਾਜ਼ਰ ਸਨ।




## ਟਾਈਗਰਜੀਤ ਸਿੰਘ ਫਾਊਂਡੇਸ਼ਨ 18 ਦਸੰਬਰ ਨੂੰ ਕਰੇਗੀ ਖਿਡੌਣਿਆਂ ਦੀ ਪਹਿਲੀ ਡਲਿਵਰੀ

...ਪੰਨਾ 1 ਦਾ ਬਾਕੀ

ਪੀਲ ਪੁਲਿਸ ਦੇ ਚੀਫ ਨਿਸ ਦੁਰੀਅੱਪ੍ਹਾ ਤੇ ਪੀਲ ਪੁਲਿਸ ਦੇ ਹੋਰ ਅਧਿਕਾਰੀ ਮੌਜੂਦ ਹੋਣਗੇ। ਇਸ ਪ੍ਰੋਗਰਾਮ ਦੀ ਡਲਿਵਰੀ ਵਿੱਚ ਸੁਧਾਰ ਕਰਨ ਲਈ, ਟੀਜੇਐਸਐਫ ਵੱਲੋਂ ਸਿਟੀ ਆਫ ਬਰੈਂਪਟਨ ਤੇ ਪੀਲ ਰੀਜਨਲ ਪੁਲਿਸ ਨਾਲ ਨਵੀਂ ਭਾਈਵਾਲੀ ਸ਼ੁਰੂ ਕੀਤੀ ਗਈ ਹੈ। ਟੀਜੇਐਸਐਫ ਅਜਿਹੀ ਚੈਰਿਟੀ ਹੈ ਜਿਹੜੀ ਪਹਿਲਵਾਨ ਟਾਈਗਰਜੀਤ ਸਿੰਘ ਤੇ ਉਨ੍ਹਾਂ ਦੇ ਬੇਟੇ ਟਾਈਗਰ ਅਲੀ ਸਿੰਘ ਵੱਲੋਂ ਸ਼ੁਰੂ ਕੀਤੀ ਗਈ ਹੈ। ਪਿਛਲੇ 11 ਸਾਲਾਂ ਤੋਂ ਟੀਜੇਐਸਐਫ, ਮਿਲਟਨ, ਓਨਟਾਰੀਓ ਵਿੱਚ ਮਿਰੈਕਲ ਆਨ ਮੇਨ ਸਟਰੀਟ ਈਵੈਂਟ ਕਰਵਾਉਂਦੀ ਆ ਰਹੀ ਹੈ। ਇਸ ਦੌਰਾਨ ਇਸ ਫਾਊਂਡੇਸ਼ਨ ਨੂੰ ਲੋੜਵੰਦ ਪਰਿਵਾਰਾਂ ਲਈ ਡੋਨੇਸ਼ਨ ਤੇ ਸਪਾਂਸਰਸ਼ਿਪਜ਼ ਰਾਹੀਂ ਕਈ ਮਿਲੀਅਨ ਡਾਲਰ ਹਾਸਲ ਹੁੰਦੇ ਰਹੇ।

ਆਪਣੇ ਗੁਆਂਢੀਆਂ ਦੀ ਮਦਦ ਕਰਨ, ਉਨ੍ਹਾਂ ਨੂੰ ਕੁੱਝ ਦੇਣ ਦੇ ਇਰਾਦੇ ਨਾਲ ਬਣਾਈ ਗਈ ਇਸ ਫਾਊਂਡੇਸ਼ਨ ਦੇ ਨਾਲ ਰਲ ਕੇ ਸਿਟੀ ਵੱਲੋਂ ਬੀਤੇ ਦਿਨੀਂ ਇੱਕ ਸਮਾਰੋਹ ਦਾ ਆਯੋਜਨ ਕੀਤਾ ਗਿਆ। ਐਰਿਨ ਓਕਸ ਦੀਆਂ ਮੁੱਖ ਸੇਵਾਵਾਂ ਵਿੱਚ ਆਟਿਜ਼ਮ ਸਰਵਿਸਿਜ਼, ਕਮਿਊਨਿਕੇਸ਼ਨ ਸਰਵਿਸਿਜ਼, ਇਨਫੈਂਟ ਹੀਅਰਿੰਗ ਸਕਰੀਨਿੰਗ, ਇਨਫੈਂਟ ਹੀਅਰਿੰਗ ਸਰਵਿਸਿਜ਼, ਮੈਡੀਕਲ ਸਰਵਿਸਿਜ਼, ਓਕਿਊਪੇਸ਼ਨਲ ਥੈਰੇਪੀ, ਫਿਜ਼ੀਓਥੈਰੇਪੀ ਤੇ ਵਿਜ਼ਨ ਸੇਵਾਵਾਂ ਸ਼ਾਮਲ ਹਨ। ਐਰਿਨ ਓਕਜ਼ ਦਾ ਮੁੱਖ ਟੀਚਾ ਹਰੇਕ ਬੱਚੇ ਦੀ ਮਦਦ ਕਰਨਾ ਹੈ। ਐਰਿਨ ਓਕਜ਼ ਰੋਜ਼ਾਨਾ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਵਾਲੇ ਪਰਿਵਾਰਾਂ ਦੀ ਮਦਦ ਵੀ ਕਰਦੀ ਹੈ।

## ਟਰਾਂਸਪੋਰਟ ਕੈਨੇਡਾ ਵਿੱਚ ਹੋ ਰਹੇ ਪੱਖਪਾਤ ਬਾਰੇ ਡਬਲਿਊਐਸਓ ਨੇ ਗਾਰਨਿਊ ਨੂੰ ਲਿਖੀ ਚਿੱਠੀ

...ਪੰਨਾ 1 ਦਾ ਬਾਕੀ

ਉਸ ਗਾਣੇ ਦੇ ਬੋਲ ਸਾਂਝੇ ਕੀਤੇ ਗਏ ਸਨ ਜਿਹੜਾ ਸਰਾਸਰ ਵਿਤਕਰੇ ਭਰਿਆ ਸੀ। ਇਸ ਦੇ ਬੋਲ ਸਨ- "ਮੇਰੀ ਫਲਾਈਟ ਉੱਤੇ ਅਜਿਹੇ ਅਜਨਬੀ ਹਨ, ਜਿਨ੍ਹਾਂ ਨੇ ਪੱਗਾਂ ਬੰਨ੍ਹੀਆਂ ਹੋਈਆਂ ਹਨ, ਉਹ ਪਲੇਨ ਨੂੰ ਹਾਈਜੈਕ ਕਰਨ ਦੀ ਕੋਸ਼ਿਸ਼ ਕਰ ਰਹੇ ਲੱਗਦੇ ਹਨ, ਉਨ੍ਹਾਂ ਦੇ ਹੱਥਾਂ ਵਿੱਚ ਕੀ ਹੈ? ਇਹ ਤਾਂ ਬੌਕਸ ਕੱਟਰਜ਼ ਵਰਗਾ ਕੁੱਝ ਲੱਗਦਾ ਹੈ, ਉਹ ਦੋ ਅਜਿਹੇ ਵਿਅਕਤੀ ਹਨ ਜਿਨ੍ਹਾਂ ਵਿੱਚੋਂ ਮੁਸ਼ਕ ਆਉਂਦੀ ਹੈ, ਉਹ ਅਜੀਬ ਗੱਲਬਾਤ ਕਰ ਰਹੇ ਹਨ, ਇੱਕ ਪਲ ਵਿੱਚ ਹੀ ਮੈਂ ਬੇਸਬਾਲ ਬੈਟ ਫੜ੍ਹ ਲਿਆ ਹੈ, ਤੇ ਜੇ ਉਨ੍ਹਾਂ ਲੜਨ ਦੀ ਕੋਸ਼ਿਸ਼ ਕੀਤੀ ਤੇ ਸਾਡੇ ਨਾਲ ਪੰਗਾ ਲਿਆ ਤਾਂ ਮੈਂ ਜੋਅ ਲੂਈਸ ਵਾਂਗ ਉਨ੍ਹਾਂ ਦੇ ਮੂੰਹ ਤੋੜ ਦਿਆਂਗਾ ਤੇ ਉਨ੍ਹਾਂ ਹਰਾਮੀਆਂ ਨੂੰ ਚੰਦ ਉੱਤੇ ਪਹੁੰਚਾ ਦੇਵਾਂਗਾ।"

ਸੀਬੀਸੀ ਦੀ ਰਿਪੋਰਟ ਅਨੁਸਾਰ, ਇਸ ਈਮੇਲ ਦੇ ਆਥਰ ਮਾਰਕ ਹੇਅਨਜ਼, ਨੂੰ ਆਪਣੇ ਅਜਿਹੇ ਕਾਰੇ ਲਈ ਕਿਸੇ ਵੀ ਤਰ੍ਹਾਂ ਦੀ ਅਨੁਸ਼ਾਸਕੀ ਮਾਪਦੰਡਾਂ ਦਾ ਸਾਹਮਣਾ ਨਹੀਂ ਕਰਨਾ ਪਿਆ। ਟਰਾਂਸਪੋਰਟ ਮੰਤਰੀ ਗਾਰਨਿਊ ਨੂੰ ਡਬਲਿਊਐਸਓ ਦੇ ਪ੍ਰਧਾਨ ਤੇਜਿੰਦਰ ਸਿੰਘ ਸਿੱਧੂ ਨੇ ਆਖਿਆ ਕਿ ਇਸ ਮਾਮਲੇ ਦੀ ਜਾਂਚ ਕਰਵਾਉਣ ਲਈ ਟਰਾਂਸਪੋਰਟ ਕੈਨੇਡਾ ਨੂੰ ਇੱਕ ਦਹਾਕੇ ਦਾ ਸਮਾਂ ਲੱਗ ਗਿਆ ਤੇ ਅੱਜ ਤੱਕ ਆਥਰ ਖਿਲਾਫ ਕੋਈ ਵੀ ਅਨੁਸ਼ਾਸਕੀ ਕਾਰਵਾਈ ਨਹੀਂ ਕੀਤੀ ਗਈ ਹੈ। ਇਹ ਗਾਣਾ ਪੱਗਾਂ ਧਾਰਨ ਕਰਨ ਵਾਲਿਆਂ ਲਈ ਉਸ ਆਥਰ ਦੀਆਂ ਗਲਤ ਭਾਵਨਾਂਵਾਂ ਨੂੰ ਦਰਸਾਉਂਦਾ ਹੈ ਤੇ ਉਨ੍ਹਾਂ ਖਿਲਾਫ ਪੱਖਪਾਤ ਤੇ ਹਿੰਸਾ ਨੂੰ ਜਾਇਜ ਠਹਿਰਾਉਂਦਾ ਹੈ।

ਟਰਾਂਸਪੋਰਟ ਕੈਨੇਡਾ ਦਾ ਫਰਜ਼ ਹੈ ਕਿ ਉਹ ਸਾਰੇ ਕੈਨੇਡੀਅਨਾਂ ਦੀ ਸਕਿਊਰਿਟੀ ਦਾ ਧਿਆਨ ਰੱਖੇ। ਇਹ ਬਹੁਤ ਹੀ ਹੌਲਨਾਕ ਹੈ ਕਿ ਇਸ ਤਰ੍ਹਾਂ ਦੇ ਨਸਲੀ ਸੁਨੇਹਿਆਂ ਵੱਲ ਕੋਈ ਤਵੱਜੋ ਨਹੀਂ ਦਿੱਤੀ ਜਾ ਰਹੀ ਤੇ ਇਨ੍ਹਾਂ ਨੂੰ ਬਰਦਾਸ਼ਤ ਕੀਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਸਾਨੂੰ ਡਰ ਹੈ ਕਿ ਇਸ ਤਰ੍ਹਾਂ ਦੀ ਈਮੇਲ ਉੱਤੇ ਕੋਈ ਕਾਰਵਾਈ ਨਾ ਕੀਤਾ ਜਾਣਾ ਟਰਾਂਸਪੋਰਟ ਕੈਨੇਡਾ ਅੰਦਰ ਨਸਲਵਾਦ ਤੇ ਪੱਖਪਾਤ ਨੂੰ ਸਵੀਕਾਰਨ ਦੇ ਰੁਝਾਨ ਵੱਲ ਇਸ਼ਾਰਾ ਕਰਦਾ ਹੈ। ਇਸ ਪਾਸੇ ਕਿਸੇ ਵੀ ਅਧਿਕਾਰੀ ਵੱਲੋਂ ਕੋਈ ਪ੍ਰਤੀਕਿਰਿਆ ਨਾ ਪ੍ਰਗਟਾਇਆ ਜਾਣਾ ਸਾਰੇ ਡਿਪਾਰਟਮੈਂਟ ਪ੍ਰਤੀ ਸਵਾਲ ਤੇ ਸ਼ੱਕ ਪੈਦਾ ਕਰਦਾ ਹੈ। ਅਸੀਂ ਤਾਂ ਇਹੋ ਪੁੱਛਣ ਲਈ ਇਹ ਸੱਭ ਕਰ ਰਹੇ ਹਾਂ ਕਿ ਕੀ ਤੁਹਾਨੂੰ ਪੱਕਾ ਯਕੀਨ ਹੈ ਕਿ ਟਰਾਂਸਪੋਰਟ ਕੈਨੇਡਾ ਅੰਦਰ ਨਸਲਵਾਦ ਨੂੰ ਬਰਦਾਸ਼ਤ ਨਹੀਂ ਕੀਤਾ ਜਾਂਦਾ। ਇਸ ਤੋਂ ਇਲਾਵਾ ਅਸੀਂ ਇਸ ਗੱਲ ਦਾ ਵੀ ਜਵਾਬ ਚਾਹੁੰਦੇ ਹਾਂ ਕਿ ਇਸ ਮਸਲੇ ਨੂੰ ਗੰਭੀਰਤਾ ਨਾਲ ਕਿਉਂ ਨਹੀਂ ਲਿਆ ਗਿਆ ਤੇ ਇਸ ਨੂੰ ਪਹਿਲ ਦੇ ਆਧਾਰ ਉੱਤੇ ਹੱਲ ਕਿਉਂ ਨਹੀਂ ਕੀਤਾ ਗਿਆ?

## ਉਤਰ ਪ੍ਰਦੇਸ਼ ਦੇ ਮਊ ਵਿੱਚ ਪ੍ਰਦਰਸ਼ਨ ਪਿੱਛੋਂ ਇੰਨਟਨੈਟ ਬੰਦ ਤੇ ਕਰਫਿਊ ਲਾਗੂ



ਲਖਨਊ, 16 ਦਸੰਬਰ, (ਪੋਸਟ ਬਿਊਰੋ)- ਨਾਗਰਿਕਤਾ ਸੋਧ ਕਾਨੂੰਨ ਦੇ ਖਿਲਾਫ ਅੱਜ ਉੱਤਰ ਪ੍ਰਦੇਸ਼ ਦੇ ਮਊ ਵਿੱਚਵੀ ਹਿੰਸਕ ਪ੍ਰਦਰਸ਼ਨ ਹੋਏ ਤੇ ਸੋਮਵਾਰ ਦੇਪਹਿਰ ਵੇਲੇ ਹਜ਼ਾਰਾਂ ਪ੍ਰਦਰਸ਼ਨਕਾਰੀਆਂ ਨੇ ਸੜਕਾਂ ਉੱਤੇ ਵਿਰੋਧ ਪ੍ਰਦਰਸ਼ਨ ਕੀਤਾ। ਸ਼ਾਮ ਨੂੰ ਭੜਕੀ ਭੀੜ ਨੇ ਵਾਹਨਾਂ ਵਿੱਚ ਤੋੜਫੋੜ ਕੀਤੀ ਤੇ ਕਈ ਥਾਈਂ ਅੱਗ ਲਾ ਦਿੱਤੀ। ਏਥੇ ਹੋਏ ਹਿੰਸਕ ਪ੍ਰਦਰਸ਼ਨ ਤੋਂ ਬਾਅਦਕਰਫਿਊ ਲਾਇਆ ਗਿਆ ਤੇ ਇੰਟਰਨੈੱਟ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ ਹਨ।

ਮਿਲੀ ਜਾਣਕਾਰੀ ਮੁਤਾਬਕ ਭਾਰਤ ਸਰਕਾਰ ਦੇ ਨਾਗਰਿਕਤਾ ਸੋਧ ਐਕਟ ਖਿਲਾਫ ਪ੍ਰਦਰਸ਼ਨ ਕਰ ਰਹੇ ਕੁਝ ਲੋਕਾਂ ਨੇ ਮਊ ਵਿੱਚ ਸਿਟੀ ਕੋਤਵਾਲੀ ਦੇ ਮਿਰਜ਼ਾਪੁਰ ਚੌਕ ਨੇੜੇ ਪੁਲਸ ਉੱਤੇ ਪੱਥਰ ਸੁੱਟੇ ਸਨ। ਅੱਗੋਂ ਪੁਲਸ ਨੇ ਅੱਥਰੂ ਗੈਸ ਦੇ ਗੋਲੇ ਸੁੱਟ ਕੇ ਭੀੜ ਕੰਟਰੋਲ ਕਰਨ ਦੀ ਕੋਸ਼ਿਸ਼ ਕੀਤੀ। ਪ੍ਰਦਰਸ਼ਨਕਾਰੀ ਲੋਕਾਂ ਨੇ ਕਈ ਗੱਡੀਆਂ ਦੀ ਭੰਨ੍ਹਤੋੜ ਕੀਤੀ ਅਤੇ ਉੱਤਰ ਪ੍ਰਦੇਸ਼ ਟਰਾਂਸਪੋਰਟ ਨਿਗਮ ਦੀ ਬੱਸ ਨੂੰ ਨੁਕਸਾਨ ਪੁਚਾਇਆ ਅਤੇ ਦਰਜਨ ਤੋਂਵੱਧ ਵਾਹਨਾਂ ਦੀ ਭੰਨ੍ਹਤੋੜ ਕੀਤੀ। ਤਣਾਅ ਦੀ ਸਥਿਤੀ ਦੇਖਦੇ ਹੋਏ ਜ਼ਿਲੇ ਵਿੱਚ ਭਾਰੀ ਗਿਣਤੀ ਵਿੱਚਫੋਰਸ ਤਾਇਨਾਤ ਕੀਤੀ ਗਈ ਅਤੇ ਗੁਆਂਢੀ ਜ਼ਿਲਿਆਂ ਵਿੱਚੋਂ ਭਾਰੀ ਗਿਣਤੀ ਵਿੱਚ ਪੁਲਸ, ਆਰ ਏ ਐੱਫ ਅਤੇ ਪੀ ਏ ਸੀ ਦੇ ਜਵਾਨਾਂ ਨੂੰ ਸੱਦਿਆ ਗਿਆ ਹੈ।

## ਇੰਜੀਨੀਅਰਿੰਗ ਦੇ ਵਿਦਿਆਰਥੀ ਨੇ ਫਾਹਾ ਲੈ ਕੇ ਜਾ ਦਿੱਤੀ

ਸੋਨੀਪਤ, 16 ਦਸੰਬਰ (ਪੋਸਟ ਬਿਊਰੋ)- ਚੌਧਰੀ ਸਰ ਛੋਟੂਰਾਮ ਵਿਗਿਆਨ ਤੇ ਤਕਨੀਕੀ ਯੂਨੀਵਰਸਿਟੀ ਵਿੱਚ ਇੱਕ ਇੰਜੀਨੀਅਰਿੰਗ ਦੇ ਵਿਦਿਆਰਥੀ ਨੇ ਹੋਸਟਲ ਦੇ ਕਮਰੇ ਵਿੱਚ ਫਾਹਾ ਲੈ ਕੇ ਜਾਨ ਦੇ ਦਿੱਤੀ। ਪੁਲਸ ਨੂੰ ਉਸ ਕਮਰੇ 'ਚੋਂ ਸੁਸਾਈਡ ਨੋਟ ਮਿਲਿਆ ਹੈ, ਜਿਸ ਵਿੱਚ ਲਿਖਿਆ ਹੈ, ਮੈਂ ਚੰਗਾ ਬੇਟਾ, ਚੰਗਾ ਭਰਾ ਨਹੀਂ ਬਣ ਸਕਿਆ। ਨਾ ਹੀ ਆਪਣੀ ਪੜ੍ਹਾਈ ਪੂਰੀ ਕਰ ਕੇ ਚੰਗੇ ਨੰਬਰ ਲਿਆ ਸਕਿਆ।

ਪਤਾ ਲੱਗਾ ਹੈ ਕਿ ਗੁੜਗਾਓਂ ਦਾ ਰਹਿਣ ਵਾਲਾ 26 ਸਾਲਾ ਵਿਦਿਆਰਥੀ ਅੰਕਿਤ ਨਾਨ ਬੀ ਟੈੱਕ ਕੈਮੀਕਲ ਇੰਜੀਨੀਅਰਿੰਗ ਦੇ ਸੱਤਵੇਂ ਸਮੈਸਟਰ ਵਿੱਚ ਸੀ। ਉਸ ਦੇ ਪਿਤਾ ਦੀ ਮੌਤ ਹੋ ਚੱਕੀ ਸੀ ਤੇ ਉਹ ਹੋਸਟਲ ਵਿੱਚ ਰਹਿੰਦਾ ਸੀ। ਸਵੇਰੇ ਉਸ ਦੇ ਦੋਸਤ ਨੇ ਉਠਾਉਣ ਲਈ ਦਰਵਾਜ਼ਾ ਖੜਕਾਇਆ ਤਾਂ ਕੋਈ ਆਵਾਜ਼ ਨਹੀਂ ਆਈ। ਕੁੰਡੀ ਤੋੜ ਕੇ ਅੰਦਰ ਗਏ ਤਾਂ ਪੱਖੇ ਨਾਲ ਅੰਕਿਤ ਲਟਕਿਆ ਮਿ-ਲਆ। ਜਾਂਚ ਅਧਿਕਾਰੀ ਐੱਚ ਸੀ ਕੁਲਦੀਪ ਦੇ ਮੁਤਾਬਕ ਸੁਸਾਈਡ ਨੋਟ ਤੋਂ ਲੱਗਦਾ ਹੈ ਕਿ ਅੰਕਿਤ ਨੇ ਪੜ੍ਹਾਈ ਦੇ ਦਬਾਅ ਕਾਰਨ ਆਤਮ ਹੱਤਿਆ ਕੀਤੀ ਹੈ। ਦੋਸਤਾਂ ਦਾ ਕਹਿਣਾ ਹੈ ਕਿ ਅੰਕਿਤ ਦਾ ਪੇਪਰ ਖਰਾਬ ਹੋਇਆ ਸੀ, ਪਰ ਉਹ ਖੁਸ਼ ਰਹਿੰਦਾ ਸੀ। ਦੋਸਤ ਮਿਲਨ ਨੇ ਦੱਸਿਆ ਕਿ ਅੰਕਿਤ ਦੀ ਕਰੀਬ ਅੱਠ ਪੇਪਰਾਂ ਵਿੱਚ ਰੀ-ਅਪੀਅਰ ਸੀ, ਪਰ ਪੜ੍ਹਾਈ ਬਾਰੇ ਕਦੇ ਚਿੰਤਤ ਨਹੀਂ ਦਿਸਿਆ। ਕੱਲ੍ਹ ਉਸ ਨੇ ਜਲਦੀ ਉਠ ਕੇ ਪੜ੍ਹਾਈ ਕੀਤੀ ਸੀ। ਇਸ ਪਿੱਛੋਂ ਦੋਸਤਾਂ ਨੂੰ ਮੈਸੇਜ ਕੀਤਾ ਕਿ ਉਸ ਨੂੰ ਸਵੇਰੇ 8.30 ਵਜੇ ਤੋਂ ਪਹਿਲਾਂ ਨਾ ਉਠਾਉਣਾ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.















## 18 ਦਸੰਬਰ 'ਤੇ ਵਿਸ਼ੇਸ਼

# ਗੋਆ ਦੀ ਲੜਾਈ

ਕੈਪਟਨ ਇਕਬਾਲ ਸਿੰਘ ਵਿਰਕ
647-631-9445
(ਤਰਤੀਬ: ਡਾ. ਸੁਖਦੇਵ ਸਿੰਘ ਝੰਡ)



ਭਾਰਤੀ ਫ਼ੌਜ ਵੱਲੋਂ ਪੁਰਤਗੇਜ਼ਾਂ ਨਾਲ ਇਹ ਲੜਾਈ 18 ਦਸੰਬਰ 1961 ਨੂੰ ਲੜੀ ਗਈ ਸੀ। ਭਾਵੇਂ ਇਸ ਲੜਾਈ ਲਈ ਫ਼ੌਜ ਵੱਲੋਂ 22 ਦਸੰਬਰ 1961 ਦਾ ਦਿਨ ਨਿਸਚਿਤ ਕੀਤਾ ਗਿਆ ਸੀ ਪਰੰਤੂ ਪੁਰਤਗੇਜ਼ਾਂ ਨੂੰ ਸਕਿਉਰਿਟੀ ਮਿਲਣ ਕਾਰਨ ਭਾਰਤੀ ਫ਼ੌਜ ਨੇ ਮਿਥੇ ਹੋਏ ਸਮੇਂ ਤੋਂ ਪਹਿਲਾਂ ਹੀ 18 ਦਸੰਬਰ ਨੂੰ ਇਹ ਹਮਲਾ ਕਰ ਦਿੱਤਾ ਸੀ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਭਾਰਤ ਦੀ ਇਹ ਦੂਸਰੀ ਲੜਾਈ ਸੀ। ਪਹਿਲੀ ਲੜਾਈ 1948 ਵਿਚ ਹੋਈ ਸੀ ਜਦੋਂ ਪਾਕਿਸਤਾਨ ਦੇ ਕਥਿਤ 'ਕਬਾਇਲੀਆਂ' ਜੋ ਦਰਅਸਲ ਪਾਕਿਸਤਾਨੀ ਫ਼ੌਜੀ ਹੀ ਸਨ, ਨੇ ਕਸ਼ਮੀਰ ਵਿਚ ਭਾਰਤ ਉੱਪਰ ਹਮਲਾ ਕਰ ਦਿੱਤਾ ਸੀ।

ਦਰਅਸਲ, ਗੋਆ ਭਾਰਤ ਦਾ ਹੀ ਹਿੱਸਾ ਸੀ ਅਤੇ ਅੰਗਰੇਜ਼ਾਂ ਨੇ ਇਹ ਪੁਰਤਗਾਲ ਨੂੰ ਦਿੱਤਾ ਹੋਇਆ ਸੀ। ਇਸ ਦੇ ਕਈ ਕਾਰਨ ਦੱਸੇ ਜਾਂਦੇ ਹਨ ਜਿਨ੍ਹਾਂ ਦੇ ਵਿਸਥਾਰ ਵਿਚ ਜਾਣ ਦੀ ਇੱਥੇ ਜ਼ਰੂਰਤ ਨਹੀਂ ਹੈ। ਗੋਆ ਨੂੰ ਪੁਰਤਗੇਜ਼ਾਂ ਕੋਲੋਂ ਆਜ਼ਾਦ ਕਰਵਾਉਣ ਲਈ ਕਈ ਪ੍ਰਦਰਸ਼ਨਕਾਰੀ ਜਾਂਦੇ ਸਨ ਜਿਨ੍ਹਾਂ ਨੂੰ ਗੋਲੀਆਂ ਦੀ ਬੌਛਾੜ ਨਾਲ ਅੱਗੇ ਵੱਧਣ ਤੋਂ ਰੋਕ ਦਿੱਤਾ ਜਾਂਦਾ ਸੀ। ਇਸ ਘਟਨਾਕ੍ਰਮ ਵਿਚ ਕਈ ਲੋਕ ਸ਼ਹੀਦ ਹੋਏ ਅਤੇ ਇਸ ਦਾ ਆਖ਼ਰੀ ਸ਼ਹੀਦ ਕਰਨੈਲ ਸਿੰਘ ਈਸੜੂ ਸੀ ਜਿਸ ਨੂੰ ਗੋਆ ਦੇ ਬਾਰਡਰ 'ਤੇ ਪੁਰਤਗੇਜ਼ਾਂ ਨੇ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਸੀ। ਇਸ ਦਾ ਭਾਰਤੀ ਫ਼ੌਜ ਨੂੰ ਬਹੁਤ ਦੁੱਖ ਹੋਇਆ ਸੀ ਅਤੇ ਉਸ ਨੇ ਗੋਆ ਨੂੰ ਪੁਰਤਗੇਜ਼ਾਂ ਕੋਲੋਂ ਆਜ਼ਾਦ ਕਰਵਾਉਣ ਲਈ 18 ਦਸੰਬਰ ਨੂੰ ਹਮਲਾ ਕਰ ਦਿੱਤਾ।

ਉਸ ਸਮੇਂ ਗੋਆ ਜਾਣ ਲਈ ਦੋ ਰਸਤੇ ਸਨ। ਇਕ ਡੋਡਾ ਰੋਡ ਸੀ ਜਿਸ ਦੇ ਰਾਹੀਂ ਜਾ ਕੇ ਭਾਰਤੀ ਫ਼ੌਜ ਦੀ 17 ਨੰਬਰ 'ਡਿੱਬ' (ਡਿਵੀਜ਼ਨ) ਨੇ ਹਮਲਾ ਕੀਤਾ ਸੀ। ਇਹ ਸੜਕ 1947 ਤੋਂ ਹੀ ਬੰਦ ਪਈ ਸੀ ਅਤੇ ਕਈ ਥਾਵਾਂ 'ਤੇ ਵੱਡੇ-ਵੱਡੇ ਬਾਂਸਾਂ ਨੇ ਇਸ ਨੂੰ ਦੋਹਾਂ ਪਾਸਿਆਂ ਤੋਂ ਘੇਰ ਕੇ ਮੱਲਿਆ ਹੋਇਆ ਸੀ। ਇਸ ਲਈ ਇਸ ਰਸਤੇ ਜਾਣ ਵਾਲੀ ਫ਼ੌਜ ਨੂੰ ਇਹ ਬਾਂਸ ਵੱਢ-ਵੱਢ ਕੇ ਰਸਤਾ ਬਣਾ ਕੇ ਅੱਗੇ ਵੱਧਣਾ ਪਿਆ। ਇਹ ਸੜਕੀ ਰਸਤਾ 'ਇਕ-ਹਿਰਾ' (ਸਿੰਗਲ) ਸੀ ਅਤੇ ਸੜਕ 'ਤੇ ਉੱਖੜੀ ਪਈ ਬਹੁਤ ਪੁਰਾਣੀ ਲੁੱਕ-ਬੱਜਰੀ ਤੋਂ ਪਤਾ ਲੱਗਦਾ ਸੀ ਕਿ ਇਹ !947 ਤੋਂ ਪਹਿਲਾਂ ਦਾ ਅੰਗਰੇਜ਼ਾਂ ਵੇਲੇ ਦਾ ਹੀ ਬਣਿਆ ਹੋਇਆ ਸੀ। 17 ਨੰਬਰ ਡਿਵੀਜ਼ਨ ਦਾ ਡਿਵ-ਕਮਾਂਡਰ ਮੇਜਰ ਜਨਰਲ ਕੈਂਥਿਤ ਸੀ। ਗੋਆ ਜਾਣ ਲਈ ਦੂਸਰਾ ਰਸਤਾ ਸਤਵੰਤ-ਵਾੜੀ ਵਾਲਾ ਸੀ ਅਤੇ ਇਸ ਦੇ ਰਾਹੀਂ ਜਾ ਕੇ 50 ਪੈਰਾ ਬ੍ਰਿਗੇਡ ਨੇ ਹਮਲਾ ਕਰਨਾ ਸੀ। ਮੈਂ ਉਸ ਵੇਲੇ ਇਸ ਬ੍ਰਿਗੇਡ ਵਿਚ ਸਿਪਾਹੀ ਸੀ। ਮੇਰੀ ਉਮਰ ਉਦੋਂ ਕਰੀਬ 20 ਸਾਲਾ ਮੁੱਛ-ਫੁੱਟ ਗੱਭਰੂ ਸੀ ਅਤੇ ਇਹ ਮੇਰੀ ਪਹਿਲੀ ਲੜਾਈ ਸੀ। ਇਸ ਤੋਂ ਬਾਅਦ ਮੈਂ 1962, 1965 ਅਤੇ 1971 ਦੀਆਂ ਸਾਰੀਆਂ ਲੜਾਈਆਂ ਵਿਚ ਭਾਗ ਲਿਆ। 18 ਦਸੰਬਰ ਦੀ ਰਾਤ ਨੂੰ ਜਦੋਂ ਪਹਿਲੀ ਸਿੱਖ ਪੈਰਾ ਰੈਜਮੈਂਟ ਦੇ ਇਕ ਸੈਕਸ਼ਨ ਕਮਾਂਡਰ ਜੋ ਕਿ ਹਵਾਲਦਾਰ ਸੀ, ਨੇ ਆਪਣੇ ਸੈਕਸ਼ਨ ਨੂੰ ਬੈਟਰੀ ਜਗਾ ਕੇ ਅੱਗੇ ਵੱਧਣ ਲਈ ਇਸ਼ਾਰਾ ਕੀਤਾ ਤਾਂ ਗੋਆ ਵਾਲੇ ਪਾਸਿਉਂ ਪੁਰਤਗਾਲੀਆਂ ਨੇ ਆਰਮਡ-ਕਾਰ ਰਾਹੀਂ ਬ੍ਰੱਸਟ ਮਾਰਿਆ ਜਿਸ ਨਾਲ ਉਹ ਬੈਟਰੀ ਮਾਰਨ ਵਾਲਾ ਹਵਾਲਦਾਰ ਓਸੇ ਥਾਂ 'ਤੇ ਹੀ ਸ਼ਹੀਦ ਹੋ ਗਿਆ। ਉਸ ਤੋਂ ਬਾਦ ਸਾਡੀ ਰੈਜਮੈਂਟ ਨੇ ਜ਼ਬਰਦਸਤ ਹਮਲਾ ਕੀਤਾ ਅਤੇ ਪੁਰਤਗੇਜ਼ੀ ਭੱਜਣ ਲੱਗੇ। ਉਹ ਭੱਜਦੇ ਗਏ ਅਤੇ ਛੋਟੇ-ਛੋਟੇ ਪੁਲ਼ ਤੋੜਦੇ ਗਏ। ਭਾਰਤੀ ਫ਼ੌਜ ਦੀ ਇੰਜੀਨੀਅਰਿੰਗ ਰੈਜਮੈਂਟ ਇਨ੍ਹਾਂ ਟੁੱਟ ਪੁਲਾਂ ਦੀ ਥਾਂ ਨਵੇਂ ਪੁਲ਼ ਬਣਾਉਂਦੀ ਗਈ। ਤਕਰੀਬਨ ਦੋ ਦਿਨਾਂ ਤੇ ਇਕ ਰਾਤ ਤੋਂ ਬਾਅਦ ਸੱਭ ਤੋਂ ਪਹਿਲਾਂ ਪੈਰਾ ਬ੍ਰਿਗੇਡ ਦੀ ਸਿੱਖ ਰੈਜਮੈਂਟ ਅਤੇ '4 ਸਿੱਖ ਲਾਈ' (4 ਸਿੱਖ ਲਾਈਟ ਇਨਫੈਂਟਰੀ) ਜੋ ਪੈਰਾ ਬ੍ਰਿਗੇਡ ਦੇ ਨਾਲ ਅਟੈਚਡ ਸੀ, ਦੇ ਬ੍ਰਿਗੇਡ-ਕਮਾਂਡਰ ਬ੍ਰਿਗੇਡੀਅਰ ਸੱਖ਼ਤ ਸਿੰਘ ਅਤੇ ਲੈਫ਼ਟੀਨੈਂਟ ਕਰਨਲ ਸੁੱਚਾ ਸਿੰਘ ਜੋ ਕਿ ਪੈਰਾ ਸਿੱਖ ਰੈਜਮੈਂਟ ਦੇ ਕਮਾਂਡਿੰਗ ਅਫ਼ਸਰ ਸਨ, ਨੇ ਗੋਆ ਦੀ ਰਾਜਧਾਨੀ ਪੰਜਮ (ਜਿਸ ਨੂੰ ਅੱਜਕੱਲ੍ਹ 'ਪਣਜੀ' ਕਿਹਾ ਜਾਂਦਾ ਹੈ) ਉੱਪਰ ਭਾਰਤ ਦਾ ਝੰਡਾ ਝੁਲਾ ਦਿੱਤਾ।

ਇਸ ਲੜਾਈ ਦਾ ਦਿਲਚਸਪ ਪਹਿਲੂ ਇਹ ਵੀ ਸੀ ਕਿ ਲੈਫ਼ਟੀਨੈਂਟ ਕਰਨਲ ਸੁੱਚਾ ਸਿੰਘ ਨੇ 'ਮੈਡੀਕਲ ਕੈਟਾਗਰੀ-ਸੀ' ਵਿਚ ਹੁੰਦਿਆਂ ਹੋਇਆ ਇਸ ਲੜਾਈ ਵਿਚ ਆਪਣੀ ਰੈਜਮੈਂਟ ਦੀ ਕਮਾਂਡ ਖ਼ੁਦ ਆਪ ਕੀਤੀ ਅਤੇ ਇਸ ਦੇ ਲਈ ਉਨ੍ਹਾਂ ਨੂੰ ਆਪਣੇ ਹੈੱਡ-ਕੁਅਰਟਰ ਤੋਂ ਸਪੈਸ਼ਲ ਆਗਿਆ ਲੈਣੀ ਪਈ ਸੀ। ਉਹ ਫ਼ੌਜ ਵਿਚ ਸੇਵਾ ਕਰਦੇ ਹੋਏ ਬਾਅਦ ਵਿਚ ਬ੍ਰਿਗੇਡੀਅਰ ਦੇ ਅਹੁਦੇ ਤੋਂ ਸੇਵਾ-ਮੁਕਤ ਹੋਏ ਸਨ। ਏਸੇ ਤਰ੍ਹਾਂ ਉਸ ਸਮੇਂ ਇਸ ਬ੍ਰਿਗੇਡ ਦੇ ਬ੍ਰਿਗੇਡੀਅਰ ਸੱਖ਼ਤ ਸਿੰਘ ਨੂੰ ਵੀ ਬਾਅਦ ਵਿਚ ਲੈਫ਼ਟੀਨੈਂਟ ਜਨਰਲ ਦਾ ਅਹੁਦਾ ਦਿੱਤਾ ਗਿਆ ਸੀ। ਦੂਸਰੇ ਪਾਸੇ 17 ਡਿਵੀਜ਼ਨ ਦੇ ਜਾਣ ਵਾਲਾ ਰਸਤਾ ਖ਼ਰਾਬ ਹੋਣ ਕਾਰਨ ਇਹ ਗੋਆ ਵਿਚ ਲੇਟ ਪਹੁੰਚਿਆ ਸੀ।

ਗੋਆ ਦੀ ਇਸ ਲੜਾਈ ਵਿਚ ਭਾਰਤੀ ਫ਼ੌਜ ਨੇ 5,000 ਪੁਰਤਗੇਜ਼ੀ ਫ਼ੌਜੀ ਕੈਦ ਕੀਤੇ। ਸਮੁੰਦਰੀ ਰਸਤਾ ਭਾਰਤੀ ਨੇਵੀ ਨੇ ਰੋਕਿਆ ਹੋਇਆ ਸੀ। ਪੁਰਤਗਾਲ ਤੋਂ ਦੋ ਸਮੁੰਦਰੀ ਜਹਾਜ਼ ਗੋਲਾ-ਬਰੂਦ ਲੈ ਕੇ ਨਹਿਰ ਸਵੇਜ਼ ਰਾਹੀਂ ਭਾਰਤ ਵੱਲ ਆ ਰਹੇ ਸਨ, ਪਰੰਤੂ ਉਸ ਸਮੇਂ ਮਿਸਰ ਦੇ ਰਾਸ਼ਟਰਪਤੀ ਕਰਨਲ ਨਾਂਸਰ ਜੋ ਭਾਰਤ ਦੇ ਤਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਗੂੜ੍ਹੇ ਮਿੱਤਰ ਸਨ, ਨੇ ਇਹ ਜਹਾਜ਼ ਨਹਿਰ ਸਵੇਜ਼ ਵਿਚ ਆਉਣ ਤੋਂ ਰੋਕ ਦਿੱਤੇ ਸਨ ਅਤੇ ਇਹ ਗੋਲਾ-ਬਰੂਦ ਪੁਰਤਗੇਜ਼ੀ ਫ਼ੌਜ ਕੋਲ ਨਹੀਂ ਪਹੁੰਚ ਸਕਿਆ ਸੀ।

ਜਦੋਂ ਸਾਡੀ ਫ਼ੌਜ ਗੋਆ ਦੇ ਸ਼ਹਿਰ ਪੰਜਮ ਪਹੁੰਚੀ ਤਾਂ ਕੁਝ ਦਿਨਾਂ ਵਿਚ ਅਸੀਂ ਉੱਥੇ ਵੇਖਿਆ ਕਿ ਸ਼ਹਿਰ ਵਿਚ ਦੁਕਾਨਾਂ ਨੂੰ ਰਾਤ ਨੂੰ ਤਾਲੇ ਨਹੀਂ ਸਨ। ਕਿਸੇ ਵੀ ਕਿਸਮ ਦੀ ਚੋਰੀ ਨਹੀਂ ਸੀ ਹੁੰਦੀ। ਰੇੜ੍ਹੀਆਂ ਵਾਲੇ ਆਪਣੀਆਂ ਰੇੜ੍ਹੀਆਂ ਵਿਚ ਸਮਾਨ ਓਸੇ ਹੀ ਹਾਲਤ ਵਿਚ ਛੱਡ ਕੇ ਘਰਾਂ ਨੂੰ ਚਲੇ ਜਾਂਦੇ ਸਨ। ਅਲਬੱਤਾ, ਰਾਤ ਨੂੰ ਚੌਕੀਦਾਰ ਜ਼ਰੂਰ ਹੁੰਦਾ ਸੀ। ਉਸ ਸਮੇਂ ਚੌਕੀਦਾਰ ਦੀ ਤਨਖ਼ਾਹ 120 ਰੁਪਏ ਮਹੀਨਾ ਹੁੰਦੀ ਸੀ ਅਤੇ ਉਸ ਨੇ ਟੈਰੀਕਾਟ ਦੀ ਵਰਦੀ ਪਾਈ ਹੁੰਦੀ ਸੀ। ਗੋਆ ਦਾ ਸਾਰਾ ਇਲਾਕਾ ਕਾਫ਼ੀ ਸਾਫ਼-ਸੁਥਰਾ ਸੀ। ਲੜਾਈ ਖ਼ਤਮ ਹੋਣ ਤੋਂ 15 ਦਿਨ ਬਾਅਦ ਓਥੇ ਰੇਲ-ਗੱਡੀਆਂ ਆਉਣੀਆਂ-ਜਾਣੀਆਂ ਸ਼ੁਰੂ ਹੋ ਗਈਆਂ। ਰੇਲ-ਪਟੜੀ ਅੰਗਰੇਜ਼ਾਂ ਦੇ ਸਮੇਂ ਤੋਂ ਹੀ ਵਿਛੀ ਹੋਈ ਸੀ ਅਤੇ 15 ਦਿਨਾਂ ਬਾਅਦ ਫ਼ੌਜ ਲਈ ਸਾਜ਼ੋ-ਸਮਾਨ ਰੇਲ-ਗੱਡੀਆਂ ਰਾਹੀਂ ਜਾਣਾ ਸ਼ੁਰੂ ਹੋ ਗਿਆ। ਇਸ ਸਾਰਾ ਸਮਾਨ ਗੱਡੀਆਂ ਵਿੱਚੋਂ ਅਸੀਂ ਪੁਰਤਗੇਜ਼ੀ ਜੰਗੀ-ਕੈਦੀਆਂ ਕੋਲੋਂ ਉੱਤਰਵਾਉਂਦੇ ਸੀ।

ਇਸ ਲੜਾਈ ਦਾ ਭਾਰਤ ਨੂੰ ਇਹ ਫ਼ਾਇਦਾ ਹੋਇਆ ਕਿ ਉਸ ਨੂੰ ਇਕ ਹੋਰ ਬੰਦਰਗਾਹ ਮਿਲ ਗਈ। ਪਹਾੜੀ ਪੱਥਰਾਂ ਵਿੱਚੋਂ ਕੱਚਾ ਲੋਹਾ ਮਿਲਣ ਲੱਗ ਗਿਆ ਜੋ ਪਹਿਲਾਂ ਪੁਰਤਗਾਲੀਆਂ ਵੱਲੋਂ ਸਮੁੰਦਰੀ ਜਹਾਜ਼ ਭਰ-ਭਰ ਕੇ ਦੂਸਰੇ ਦੇਸ਼ਾਂ ਨੂੰ ਭੇਜਿਆ ਜਾਂਦਾ ਸੀ। ਇਸ ਏਰੀਏ ਵਿਚ ਕਾਜੂ ਅਤੇ ਨਾਰੀਅਲ ਬਹੁਤ ਹੁੰਦਾ ਹੈ। ਤਾੜੀ ਦੇ ਦ੍ਰਖ਼ਤ ਵੀ ਬਹੁਤ ਹਨ ਅਤੇ ਜਿਹੜੇ ਤਾੜੀ ਪੀਂਦੇ ਹਨ, ਉਨ੍ਹਾਂ ਨੂੰ ਬਹੁਤ ਮੌਜਾਂ ਹਨ। ਕਾਜੂ ਦੀ ਸ਼ਰਾਬ ਬਹੁਤ ਸਸਤੀ ਸੀ, ਇਕ ਬੋਤਲ ਕੇਵਲ ਇਕ ਰੁਪਏ ਦੀ। ਏਸੇ ਤਰ੍ਹਾਂ ਵਿਸਕੀ ਅਤੇ ਬਰਾਂਡੀ ਪੰਜ ਰੁਪਏ ਦੀ ਸੀ। ਲੜਾਈ ਤੋਂ ਬਾਅਦ ਭਾਰਤੀ ਫ਼ੌਜ ਨੇ ਇਕ ਲੱਖ ਵੱਡੀਆਂ ਬੋਤਲਾਂ ਲਾਲ ਅੰਗੂਰਾਂ ਦੀ ਸ਼ਰਾਬ 'ਵਿਨੋ' ਦੀਆਂ ਫੜੀਆਂ ਜਿਸ ਦੀਆਂ ਸਾਡੀਆਂ 750 ਮਿਲੀ ਲਿਟਰ ਵਾਲੀਆਂ 13 ਲੱਖ ਬੋਤਲ ਬਣਦੀਆਂ ਸਨ। ਇਨ੍ਹਾਂ ਸਾਰੀਆਂ ਬੋਤਲਾਂ ਨੂੰ ਬਾਂਸ ਅਤੇ ਭੂਸੇ ਨਾਲ ਬੜੀ ਚੰਗੀ ਤਰ੍ਹਾਂ ਪੈਕ ਕੀਤਾ ਹੋਇਆ ਸੀ ਤਾਂ ਜੋ ਕੱਚ ਦੀਆਂ ਇਹ ਵੱਡੀਆਂ ਬੋਤਲਾਂ ਜਿਨ੍ਹਾਂ ਨੂੰ ਦੋ ਪਾਸੇ ਕੁੰਡੇ ਲੱਗੇ ਹੋਏ ਸਨ, ਕਿਧਰੇ ਟੁੱਟ ਨਾ ਜਾਣ। ਉਸ ਵੇਲੇ ਸੋਨਾ 90 ਰੁਪਏ ਤੋਲਾ ਸੀ। ਸਾਂਟਨ ਦਾ ਕੱਪੜਾ ਜੋ ਉਸ ਸਮੇਂ ਬਹੁਤ ਮਸ਼ਹੂਰ ਸੀ, ਇਕ ਰੁਪਏ ਮੀਟਰ ਸੀ। ਗੋਆ ਵਿਚ ਉਸ ਸਮੇਂ ਪ੍ਰਚੱਲਤ ਕਰੰਸੀ ਦੇ ਸਿੱਕਿਆਂ ਉੱਪਰ "ਪੁਰਤਗਾਲ 'ਦ ਇੰਡੀਆ"(ਫੋਰਟੁਗਅਲ ਟਹਣ ਿਨਦਇ) ਲਿਖਿਆ ਹੁੰਦਾ ਸੀ। ਸਾਡੇ ਵੇਖਣ ਵਿਚ ਵੱਖ-ਵੱਖ ਕੀਮਤ ਦੇ ਸਿੱਕੇ ਹੀ ਆਏ ਅਤੇ ਸਾਨੂੰ ਉੱਥੇ ਕੋਈ ਕਾਗ਼ਜ਼ੀ-ਨੋਟ ਨਹੀਂ ਮਿਲਿਆ। 'ਜਨੇਵਾ ਸਮਝੌਤੇ' ਅਨੁਸਾਰ ਜੰਗੀ-ਕੈਦੀਆਂ ਨੂੰ ਸੱਭ ਕੁਝ ਮੁਹੱਈਆ ਕੀਤਾ ਜਾਂਦਾ ਸੀ ਅਤੇ ਸ਼ਾਮ ਨੂੰ ਸਮੁੰਦਰ ਵਿਚ ਨਹਾਉਣ ਦਾ ਮੌਕਾ ਵੀ ਦਿੱਤਾ ਜਾਂਦਾ ਸੀ। ਇਹ ਸਾਰੇ ਕੈਦੀ ਸਮੁੰਦਰ ਵਿਚ ਨੰਗੇ ਹੀ ਨਹਾਉਂਦੇ ਹਨ। ਲੜਾਈ ਤੋਂ 15 ਦਿਨਾਂ ਬਾਅਦ ਜਨਰਲ ਕੈਂਡਥ ਨੇ ਇਕ ਬਹੁਤ ਵੱਡੀ ਬਿਲਡਿੰਗ ਵਿਚ ਹੋਣ ਵਾਲੀ ਇਕ ਮੀਟਿੰਗ ਵਿਚ ਸ਼ਾਮਲ ਹੋਣ ਲਈ ਜਾਣਾ ਸੀ। ਉੱਥੇ ਇਕ ਪੀਪੇ ਵਿਚ ਪਏ ਹੋਏ ਚੌਲਾਂ ਦੇ ਭੂਸੇ ਵਿਚ ਇਕ ਟਾਈਮ-ਬੰਬ ਲੁਕਾ ਕੇ ਫਿੱਟ ਕੀਤਾ ਹੋਇਆ ਸੀ। ਪਰ ਖ਼ੁਸ਼ਕਿਸਮਤੀ ਨਾਲ ਇਹ ਜਨਰਲ ਕੈਂਡਥ ਦੇ ਉੱਥੇ ਪਹੁੰਚਣ ਤੋਂ ਲੱਗਭੱਗ ਇਕ ਘੰਟਾ ਪਹਿਲਾਂ ਹੀ ਫਟ ਗਿਆ ਅਤੇ ਕੋਈ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ। ਮੈਂ ਗੱਡੀ ਲੈ ਕੇ ਦੋ ਘੰਟੇ ਬਾਅਦ ਉਸ ਸੜਕ ਤੋਂ ਲੰਘਿਆ ਅਤੇ ਵੇਖਿਆ ਕਿ ਉਸ ਬਿਲਡਿੰਗ ਦੇ ਸਾਰੇ ਸ਼ੀਸ਼ੇ ਟੁੱਟੇ ਹੋਏ ਸਨ।

ਲੜਾਈ ਤੋਂ ਬਾਅਦ ਜਦੋਂ ਅਸੀਂ ਜੰਗਲ ਵਿਚ ਰਹਿੰਦੇ ਸੀ ਤਾਂ ਪੰਜਮ ਤੋਂ ਆਏ ਕੁਝ ਸਿੰਧੀ ਬੜੇ ਮਾਣ-ਸਤਿਕਾਰ ਨਾਲ ਸਾਨੂੰ 14 ਸਿੱਖ ਫ਼ੌਜੀਆਂ ਨੂੰ ਆਪਣੇ ਨਾਲ ਸ਼ਹਿਰ ਲੈ ਗਏ। ਉਨ੍ਹਾਂ ਨੇ ਉੱਥੇ ਇਕ ਘਰ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਗੁਰ-ਪੁਰਬ ਮਨਾਉਣਾ ਸੀ। ਘਰ ਦੀ ਉੱਪਰਲੀ ਮੰਜ਼ਲ 'ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੀ ਅਤੇ ਹੇਠਾਂ ਲੰਗਰ ਦਾ ਪ੍ਰਬੰਧ ਕੀਤਾ ਗਿਆ ਸੀ। ਘਰ ਦੇ ਬਾਹਰ ਵੱਲ ਖੁੱਲ੍ਹਦੀ ਬਾਰੀ ਵਿਚ ਬਾ-ਕਾਇਦਾ ਨਿਸ਼ਾਨ ਸਾਹਿਬ ਵੀ ਲਗਾਇਆ ਗਿਆ ਸੀ। ਉਨ੍ਹਾਂ ਸਿੰਧੀ ਭਰਾਵਾਂ ਨੇ ਸਾਡੀ ਖ਼ੂਬ ਸੇਵਾ ਕੀਤੀ ਅਤੇ ਇਸ ਗੁਰਪੁਰਬ-ਸਮਾਗ਼ਮ ਵਿਚ ਸਾਡੇ ਵਿੱਚੋਂ ਕਿਸੇ ਨੂੰ ਅਰਦਾਸ ਕਰਨ ਲਈ ਕਿਹਾ ਪਰ ਸਾਨੂੰ ਕਿਸੇ ਨੂੰ ਵੀ ਇਹ ਜ਼ਬਾਨੀ ਯਾਦ ਨਹੀਂ ਸੀ ਅਤੇ ਫਿਰ ਅਰਦਾਸ ਇਕ ਸਿੰਧੀ ਬੀਬੀ ਵੱਲੋਂ ਹੀ ਕੀਤੀ ਗਈ।

ਕੁਝ ਦਿਨਾਂ ਬਾਅਦ ਬਾਕੀ ਫ਼ੌਜ ਤਾਂ ਵਾਪਸ ਚਲੀ ਗਈ ਪਰ ਸਾਡਾ ਪੈਰਾ ਬ੍ਰਿਗੇਡ ਛੇ ਮਹੀਨੇ ਗੋਆ ਵਿਚ ਰਿਹਾ। ਛੇ ਮਹੀਨੇ ਬਾਅਦ ਅਸੀਂ ਜੰਗੀ-ਕੈਦੀ ਸਮੁੰਦਰੀ ਜਹਾਜ਼ ਰਾਹੀਂ ਵਾਸਕੋਡੇਗਾਮਾ ਬੰਦਰਗਾਹ ਤੋਂ ਪਾਕਿਸਤਾਨ ਦੀ ਕਰਾਚੀ ਬੰਦਰਗਾਹ ਲਈ ਪਹੁੰਚਦੇ ਕੀਤੇ ਅਤੇ ਉੱਥੋਂ ਪਾਕਿਸਤਾਨ ਸਰਕਾਰ ਨੇ ਉਨ੍ਹਾਂ ਕੈਦੀਆਂ ਨੂੰ ਸਮੁੰਦਰ ਦੇ ਰਸਤੇ ਪੁਰਤਗਾਲ ਪਹੁੰਚਾਇਆ। ਅਸੀਂ ਰੇਲ-ਗੱਡੀ ਰਾਹੀਂ ਆਪਣੇ ਹੈੱਡ-ਕੁਆਰਟਰ ਆਗਰਾ ਛਾਉਣੀ ਪਹੁੰਚ ਗਏ।

# ਫੇਲ੍ਹ ਪੱਤਰਕਾਰ ਬਣੇ ਰਹਿਣ ਦੀ ਦੁਆ

-ਡਾ. ਵਿਕਰਮ ਸੰਗਰੂਰ



ਉਸ ਬਾਰੇ ਕਿੱਥੋਂ ਸੁਣਾਉਣਾ ਸ਼ੁਰੂ ਕਰਾਂ? ਉਸ ਦੇ ਜਿਸਮ 'ਤੇ ਕੋਈ ਅਜਿਹੀ ਥਾਂ ਹੀ ਨਹੀਂ ਸੀ ਬਚੀ, ਜਿੱਥੋਂ ਉਸ ਦੇ ਦਰਦ ਦੀ ਚੀਸ ਨਾ ਫੁੱਟਦੀ ਹੋਵੇ। ਉਸ ਦੇ ਮੂੰਹੋਂ ਨਿਕਲਦਾ ਹਰ ਲਫ਼ਜ਼ ਇਉਂ ਸੀ, ਜਿਵੇਂ ਕਿਸੇ ਨੇ ਹੰਝੂਆਂ ਵਿੱਚ ਭਿਓਂ ਕੇ ਕੱਢਿਆ ਹੁੰਦਾ ਹੈ। ਉਸ ਦੀਆਂ ਦੱਬੀਆਂ ਜਿਹੀਆਂ ਗੱਲ੍ਹਾਂ ਜਦੋਂ ਕਦੇ ਵੀ ਹਲਕੀ ਜਿਹੀ ਮੁਸਕੁਰਾਹਟ ਦੀ ਅੰਗੜਾਈ ਲੈਣ ਖਾਤਰ ਬਾਹਰ ਵੱਲ ਉਭਰਦੀਆਂ ਤਾਂ ਦੂਜੇ ਪਲ ਉਹ ਕੁਝ ਕੁ ਚਿਰ ਲਈ ਖਾਮੋਸ਼ ਜਿਹਾ ਹੋ ਜਾਂਦਾ, ਜਿਵੇਂ ਇਹੋ ਸਵਾਲ ਖੁਦ ਨੂੰ ਕਰਨ ਲੱਗ ਪੈਂਦਾ ਹੋਵੇ ਕਿ ਇਸ ਭੁੱਲੀ ਵਿਸਰੀ ਮੁਸਕੁਰਾਹਟ ਦੇ ਝੋਕੇ ਨੂੰ ਮੇਰੇ ਚਿਹਰੇ ਦਾ ਸਿਰਨਾਵਾਂ ਆਖਰ ਕੀਹਨੇ ਦੇ ਦਿੱਤਾ? ਮੈਂ ਇੱਕ ਅਜਿਹੇ ਪੇਂਟਰ ਦੇ ਹਾਲਾਤ ਪਲਕਾਂ ਹੇਠ ਲੁਕੋ ਕੇ ਅਤੇ ਉਸ ਨਾਲ ਕੀਤੀ ਗੱਲਬਾਤ ਆਪਣੇ ਚੇਤਿਆਂ ਵਿੱਚ ਵਸਾ ਕੇ ਘਰ ਪਰਤ ਰਿਹਾ ਸਾਂ, ਜਿਸ ਦੇ ਨਾਂਅ ਨੂੰ ਬਚਪਨ ਤੋਂ ਮੇਰੀਆਂ ਅੱਖੀਆਂ ਕਦੇ ਕਿਸੇ ਦਿਲਕਸ਼ ਚਿੱਤਰ ਅਤੇ ਕਦੇ ਤਰ੍ਹਾਂ ਤਰ੍ਹਾਂ ਦੇ ਰੰਗਾਂ ਨਾਲ ਰੰਗੀਆਂ ਬੱਸਾਂ, ਟਰੱਕਾਂ ਦੇ ਅੱਗੇ ਪਿੱਛੇ ਅਤੇ ਸੱਜੇ ਖੱਬੇ ਤੱਕਦੀਆਂ ਆ ਰਹੀਆਂ ਸਨ।

ਇਸ ਨਾਂਅ ਨੂੰ ਦੇਖ ਕੇ ਮੈਂ ਆਪਣੀ ਕਲਪਨਾ ਦੀ ਕਲਮ ਨਾਲ ਇਹ ਲਕੀਰਾਂ ਉਲੀਕਣ ਬਹਿ ਜਾਂਦਾ ਸਾਂ ਕਿ ਇਹ ਸੱਚੀਓਂ ਕੋਈ ਬਹੁਤ ਰਈਸ ਪੇਂਟਰ ਹੋਵੇਗਾ, ਜਿਸ ਦੇ ਹੁਨਰ ਦੀ ਅਮੀਰੀ ਹਰ ਥਾਂ ਦੇਖਣ ਨੂੰ ਨਸੀਬ ਹੋ ਜਾਂਦੀ ਹੈ। ਇਸ ਪੇਂਟਰ ਨੂੰ ਮਿਲਣ ਦੀ ਤਾਂਘ ਜਦੋਂ ਮੈਨੂੰ ਇਸ ਦੇ ਬੂਹੇ ਤੀਕ ਲੈ ਕੇ ਆਈ ਤਾਂ ਮੇਰੀਆਂ ਸਾਲਾਂ ਪੁਰਾਣੀਆਂ ਇਨ੍ਹਾਂ ਕਲਪਨਾ ਦੀਆਂ ਲਕੀਰਾਂ ਨੂੰ ਉਸ ਦੇ ਕਮਰੇ ਦੀ ਚੋਅ ਰਹੀ ਛੱਤ ਨੇ ਪਲਾਂ ਵਿੱਚ ਖੋਰ ਕੇ ਰੱਖ ਦਿੱਤਾ। ਉਸ ਦੇ ਢੱਠੇ ਜਿਹੇ ਕਮਰੇ ਵਿੱਚ ਉਸ ਵੱਲੋਂ ਬਣਾਈਆਂ ਤਸਵੀਰਾਂ ਦੀ ਲਿਸ਼ਕਾਰ ਇਉਂ ਲੱਗ ਰਹੀ ਸੀ, ਜਿਵੇਂ ਹਨੇਰੇ ਵਿੱਚ ਕੋਈ ਕੋਹੇਨੂਰ ਪਿਆ ਹੋਵੇ।

ਗ਼ਮ, ਗਰੀਬੀ, ਫਿਕਰ ਤੇ ਔਖੇ ਹੋਰ ਕਿੰਨੇ ਅਜਿਹੇ ਸ਼ਬਦਾਂ ਨੇ ਮਿਲ ਕੇ ਇਸ ਰੰਗਾਂ ਦੇ ਜਾਦੂਗਰ ਦੀ ਜ਼ਿੰਦਗੀ 'ਚੋਂ ਹਾਸਿਆਂ ਦੇ ਰੰਗਾਂ ਨੂੰ ਇਸ ਤਰ੍ਹਾਂ ਛੂਮੰਤਰ ਕਰ ਦਿੱਤਾ ਸੀ ਕਿ ਮਹਿਜ਼ ਤੀਹਾਂ ਵਰ੍ਹਿਆਂ ਦੀ ਉਮਰ ਵਿੱਚ ਉਸ ਦੀ ਸੂਰਤ 'ਤੇ ਝੁਰੜੀਆਂ ਪੈਣ ਲੱਗੀਆਂ ਸਨ। ਜਦੋਂ ਮੈਂ ਉਸ ਦੇ ਵਿਹੜੇ ਵੜਿਆ ਤਾਂ ਮੇਰੇ ਜਾਂਦਿਆਂ ਨੂੰ ਉਹਨੇ ਹੱਥ ਵਾਲੀ ਚੱਕੀ ਨਾਲ ਕਣਕ ਦਲ਼ ਕੇ ਪਾਣੀ ਵਿੱਚ ਫਿੱਕਾ ਦਲੀਆ ਬਣਾਇਆ ਹੋਇਆ ਸੀ। ਉਹਦਾ ਚੁੱਲ੍ਹਾ ਹਾਲੇ ਤੱਤਾ ਸੀ, ਜਿਸ ਕੋਲ ਬਹਿ ਕੇ ਉਸ ਨੇ ਆਪਣੀ ਜ਼ਿੰਦਗੀ ਦੇ ਸਿੱਲ੍ਹੇ ਵਰਕੇ ਫਰੋਲੇ। ਮੈਨੂੰ ਰੁਖ਼ਸਤ ਕਰਨ ਪਿੱਛੋਂ ਜਿਵੇਂ ਉਸ ਦੀਆਂ ਨਜ਼ਰਾਂ ਮੇਰੇ ਸਾਈਕਲ ਦੇ ਟਾਇਰਾਂ ਨਾਲ ਰੇਤ ਉਤੇ ਬਣੀਆਂ ਲਕੀਰਾਂ ਨੂੰ ਓਨੀ ਦੇਰ ਦੇਖਦੀਆਂ ਰਹੀਆਂ, ਜਦੋਂ ਤੱਕ ਮੈਂ ਉਹਦੇ ਪਿੰਡ ਦੀ ਫਿਰਨੀ ਨਾ ਟੱਪ ਗਿਆ। ਘਰੋਂ ਤੁਰਨ ਲੱਗਿਆਂ ਜਿਹੜੇ ਸਵਾਲ ਮੇਰੇ ਨਾਲ ਜਾਣ ਨੂੰ ਬੇਚੈਨ ਹੋ ਰਹੇ ਸਨ, ਉਨ੍ਹਾਂ ਦੇ ਜਵਾਬ ਤਾਂ ਮੈਨੂੰ ਪੇਂਟਰ ਦੇ ਹਾਲਾਤ ਨੇ ਦੇ ਦਿੱਤੇ ਸਨ, ਪਰ ਮੈਂ ਉਨ੍ਹਾਂ ਸਵਾਲਾਤ ਦੇ ਜਵਾਬ ਲੱਭਣੇ ਬਹੁਤ ਔਖੇ ਮਹਿਸੂਸ ਕਰ ਰਿਹਾ ਸਾਂ, ਜੋ ਇਸ ਪੇਂਟਰ ਨੇ ਤੁਰਨ ਲੱਗਿਆਂ ਮੇਰੇ ਲੜ ਬੰਨ੍ਹ ਦਿੱਤੇ ਸਨ।

ਆਖਰ ਕਿਉਂ ਬਹੁਤੇ ਅਖਬਾਰਾਂ ਅਤੇ ਟੀ ਵੀ ਚੈਨਲਾਂ ਤੋਂ ਅਜਿਹੇ ਲੋਕ ਗੁਆਚੇ ਹੋਏ ਹਨ? ਮੇਰੇ ਬੁੱਲ੍ਹਾਂ ਉਤੇ ਪੇਂਟਰ ਵੱਲੋਂ ਖੁਆਏ ਫਿੱਕੇ ਦਲੀਏ ਦਾ ਜ਼ਾਇਕਾ ਹਾਲੇ ਚਿਪਕ ਰਿਹਾ ਸੀ। ਇਸ ਜ਼ਾਇਕੇ ਨੇ ਇੱਕ ਅਜਿਹੀ ਪੁਰਾਣੀ ਯਾਦ ਨੂੰ ਅੱਖਾਂ ਮੂਹਰੇ ਕਰ ਦਿੱਤਾ, ਜਿਸ ਨੇ ਮੇਰੇ ਲੜ ਨਾਲ ਬੱਧੇ ਪੇਂਟਰ ਦੇ ਇਸ ਔਖੇਰੇ ਸਵਾਲਾਂ ਦੇ ਜਵਾਬ ਮੈਨੂੰ ਦੇ ਦਿੱਤੇ? ਕੁਝ ਸਾਲ ਪਹਿਲਾਂ ਇੱਕ ਸਮਾਗਮ ਵਿੱਚ ਵੱਖ-ਵੱਖ ਯੂਨੀਵਰਸਿਟੀਆਂ ਤੋਂ ਆਏ ਪੱਤਰਕਾਰੀ ਵਿਸ਼ੇ ਨਾਲ ਜੁੜੇ ਵਿਦਿਆਰਥੀ ਇਕੱਠੇ ਹੋਏ ਸਨ। ਪੱਤਰਕਾਰਾਂ ਦੀ ਇਹ ਮਹਿਫਲ ਵਾਰੋ-ਵਾਰੀ ਪੱਤਰਕਾਰੀ ਖੇਤਰ ਵਿੱਚ ਆਪਣੀ ਅੱਜ ਤੱਕ ਦੀ ਬੈਸਟ ਸਟੋਰੀ ਇੱਕ ਦੂਜੇ ਨਾਲ ਸਾਂਝੀ ਕਰਨ ਲੱਗੀ। ਹਰੇਕ ਦੀਆਂ ਗੱਲਾਂ ਵਿੱਚੋਂ ਜਿਵੇਂ ਹਾਸਿਆਂ ਅਤੇ ਖੁਸ਼ੀਆਂ ਦੇ ਫੁੱਲ ਕਿਰ ਰਹੇ ਸਨ। ਕੋਈ ਮੋਬਾਈਲ ਦੀ ਸਕਰੀਨ ਤੋਂ ਕਿਸੇ ਅਦਾਕਾਰ ਨਾਲ ਕੀਤੀ ਮੁਲਾਕਾਤ ਦੀਆਂ ਤਸਵੀਰਾਂ ਵਿਖਾ ਰਿਹਾ ਸੀ ਅਤੇ ਕੋਈ ਵੀਡੀਓਜ਼। ਕੁਝ ਕੁ ਗੱਲਾਂ ਕਰ ਰਹੇ ਸਨ ਕਿ ਜਿਨ੍ਹਾਂ ਬਾਰੇ ਉਨ੍ਹਾਂ ਲਿਖਿਆ, ਉਹ ਸਾਨੂੰ ਪੰਜ ਤਾਰਾ ਹੋਟਲ ਵਿੱਚ ਲੈ ਗਏ, ਜਿੱਥੇ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਮਜ਼ੇਦਾਰ ਮਹਿੰਗੇ ਪਕਵਾਨ ਖਵਾਏ ਗਏ।

ਜਦੋਂ ਵਾਰੀ ਦਾ ਇਹ ਚੱਕਰ ਘੁੰਮਦਾ ਹੋਇਆ ਮੇਰੇ ਕੋਲ ਆਇਆ ਤਾਂ ਮੇਰੀਆਂ ਅੱਖਾਂ ਸਾਹ-ਮਣੇ ਸੜਕਾਂ ਬਣਾਉਣ ਵਾਲਿਆਂ ਦੀਆਂ ਝੁੱਗੀਆਂ ਜਿਹੀਆਂ ਆ ਗਈਆਂ। ਇਨ੍ਹਾਂ ਵਿੱਚ ਇੱਕ ਝੁੱਗੀ ਅਜਿਹੀ ਵੀ ਸੀ, ਜਿਸ ਵਿੱਚ ਦੀਪਕ ਨਾਂਅ ਦਾ ਮੁੰਡਾ ਰਹਿੰਦਾ ਸੀ, ਜੋ ਅੱਤ ਦੀ ਗਰੀਬੀ 'ਚ ਬਲ ਕੇ ਆਪਣੇ ਡਾਕਟਰ ਬਣਨ ਦੇ ਖਵਾਬ ਨੂੰ ਰੁਸ਼ਨਾਉਣ ਦੀ ਕੋਸ਼ਿਸ਼ ਵਿੱਚ ਲੱਗਾ ਹੋਇਆ ਸੀ। ਉਸ ਨਾਲ ਕੀਤੀ ਗੱਲਬਾਤ ਨੂੰ ਵਰਕਿਆਂ ਉਤੇ ਉਲੀਕ ਕੇ ਜਦੋਂ ਮੈਂ ਉਠਿਆ ਤਾਂ ਉਹ ਮੈਨੂੰ ਚਾਹ ਪਿਆਉਣ ਦੀ ਜ਼ਿੱਦ ਕਰਨ ਲੱਗਾ। ਚੁੱਲ੍ਹੇ 'ਤੇ ਰੱਖੀ ਪਤੀਲੀ ਵਿੱਚ ਜਦੋਂ ਉਹਨੇ ਦੁੱਧ ਪਾਇਆ ਤਾਂ ਉਹ ਫੁੱਟ ਗਿਆ। ਚਾਹ ਦੀ ਖਟਾਸ ਤਾਂ ਉਹਦੇ ਪਿਆਰ ਅਤੇ ਹੌਸਲੇ ਨੇ ਹੀ ਦੂਰ ਕਰ ਦਿੱਤੀ ਸੀ।

ਇਹ ਸਟੋਰੀ ਦੱਸਦਿਆਂ ਮੇਰਾ ਫਿਕਰਾ ਹਾਲੇ ਪੂਰਾ ਨਹੀਂ ਸੀ ਹੋਇਆ ਕਿ ਨਾਲ ਦੇ ਇੱਕ ਪੱਤਰਕਾਰ ਸਾਥੀ ਨੇ ਟੋਕ ਕੇ ਕਿਹਾ, 'ਕਯਾ ਯੇਹ ਤੇਰੀ ਅਬ ਤੱਕ ਕੀ ਬੈਸਟ ਸਟੋਰੀ ਹੈ ਯਾਰ। ਸ਼ੀ...ਸ਼ੀ, ਤੂਨੇ ਵੋਹ ਚਾਏ ਪੀ? ਯਾਰ ਫਿਰ ਤੂ ਕਭੀ ਪੱਤਰਕਾਰ ਨਹੀਂ ਬਨ ਸਕਤਾ, ਤੂ ਤੋ ਪੱਤਰਕਾਰੀ ਕਾ ਇਗਜ਼ਾਮ ਪਾਸ ਕਰ ਕੇ ਭੀ ਫੇਲ੍ਹ ਹੋ ਗਯਾ। ਫੇਲ੍ਹ ਪੱਤਰਕਾਰ।' ਜਦੋਂ ਇੰਨੀ ਗੱਲ ਉਸ ਸਾਥੀ ਨੇ ਆਖੀ ਤਾਂ ਮੇਰੇ ਦੁਆਲੇ ਸਾਰੇ ਉਚੀ ਉਚੀ ਹਾਸੇ ਵਿੱਚ 'ਫੇਲ੍ਹ ਪੱਤਰਕਾਰ', 'ਫੇਲ ਪੱਤਰਕਾਰ' ਗੂੰਜ ਰਿਹਾ ਸੀ। ਇਹ ਸਾਰੀ ਗੱਲ ਜਦੋਂ ਮੈਂ ਸ਼ਾਮੀਂ ਘਰ ਪਰਤ ਕੇ ਭਰੇ ਜਿਹੇ ਮਨ ਨਾਲ ਆਪਣੇ ਇੱਕ ਕਰੀਬੀ ਦੋਸਤ ਨੂੰ ਫੋਨ ਉੱਤੇ ਸੁਣਾਈ ਤਾਂ ਉਸ ਨੇ ਜਵਾਬ ਵਿੱਚ ਬੱਸ ਇੰਨਾ ਹੀ ਕਿਹਾ, "ਜੇ ਇਹੋ ਤੇਰੀ 'ਬੈਸਟ ਸਟੋਰੀ' ਹੈ ਤਾਂ ਮੈਂ ਦੁਆ ਕਰਦਾ ਹਾਂ ਕਿ ਤੂੰ ਹਮੇਸ਼ਾ 'ਫੇਲ੍ਹ ਪੱਤਰਕਾਰ' ਹੀ ਰਹੇਂ।"

# ਸ਼ਾਹੂਕਾਰਾਂ ਦਾ ਖਾਣਾ

-ਸੁਪਿੰਦਰ ਸਿੰਘ ਰਾਣਾ

ਕੁਝ ਦਿਨ ਪਹਿਲਾਂ ਵਿਦੇਸ਼ੋਂ ਮਿੱਤਰ ਦਾ ਫੋਨ ਆ ਗਿਆ। ਉਹ ਕਹਿਣ ਲੱਗਿਆ ਕਿ ਉਸ ਦੇ ਪਿਤਾ ਜੀ ਢਿੱਲੇ ਹਨ, ਉਨ੍ਹਾਂ ਕੋਲ ਜਾ ਆਵੀਂ। ਉਸ ਨੂੰ ਜਾਣ ਦਾ ਭਰੋਸਾ ਦੇ ਕੇ ਮੈਂ ਫੋਨ ਬੰਦ ਕੀਤਾ ਤਾਂ ਉਸ ਦੇ ਪਿਤਾ ਨਾਲ ਦੋ ਸਾਲ ਪਹਿਲਾਂ ਮਿਲਣ ਦੀ ਘਟਨਾ ਯਾਦ ਆ ਗਈ। ਉਸ ਦੇ ਪਿਤਾ ਜੀ ਆੜ੍ਹਤ ਦੀ ਦੁਕਾਨ ਕਰਦੇ ਸਨ। ਇੱਕ ਦਿਨ ਮੈਂ ਉਨ੍ਹਾਂ ਨੂੰ ਮਿਲਣ ਚਲਾ ਗਿਆ। ਉਹ ਆਪਣੀ ਹੱਟੀ 'ਤੇ ਬੈਠੇ ਸਨ। ਘਰ ਪਰਵਾਰ ਦੀ ਸੁੱਖ ਸਾਂਦ ਪੁੱਛਣ ਮਗਰੋਂ ਉਨ੍ਹਾਂ ਨੌਕਰ ਨੂੰ ਤਿੰਨ ਕੱਪ ਚਾਹ ਲਿਆਉਣ ਲਈ ਕਿਹਾ। ਨੌਕਰ ਦੇ ਜਾਣ ਮਗਰੋਂ ਦੋ ਵਿਅਕਤੀ ਆਲੂਆਂ ਦੀ ਭਰੀ ਟਰਾਲੀ ਲੈ ਕੇ ਆ ਗਏ। ਉਨ੍ਹਾਂ ਨੇ ਬਲਵੀਰ ਦੇ ਪਿਤਾ ਤੋਂ ਆਲੂਆਂ ਦਾ ਭਾਅ ਪੁੱਛਣ ਮਗਰੋਂ ਆਲੂ ਲਾਹੁਣ ਲਈ ਆਖ ਦਿੱਤਾ। ਮਜ਼ਦੂਰ ਬੋਰੀਆਂ ਉਤਾਰ ਕੇ ਦੁਕਾਨ ਵਿੱਚ ਤਰਤੀਬ ਨਾਲ ਰੱਖਣ ਲੱਗੇ। ਏਨੇ ਨੂੰ ਨੌਕਰ ਚਾਹ ਲੈ ਕੇ ਆ ਗਿਆ। ਅੰਕਲ ਨੌਕਰ ਨੂੰ ਆਖਣ ਲੱਗੇ ਕਿ ਚਾਹ ਪੀਣ ਮਗਰੋਂ ਸਾਰਿਆਂ ਲਈ ਚਾਹ ਹੋਰ ਲੈ ਆਵੀਂ।

ਅੰਕਲ ਦਾ ਸੁਭਾਅ ਬੜਾ ਮਿਲਾਪੜਾ ਸੀ। ਉਹ ਹਰ ਛੋਟੇ-ਵੱਡੇ ਦਾ ਸਤਿਕਾਰ ਕਰਦੇ ਸਨ। ਸ਼ਾਇਦ ਇਸੇ ਕਾਰਨ ਉਨ੍ਹਾਂ ਦੀ ਦੁਕਾਨ 'ਤੇ ਦੂਜਿਆਂ ਤੋਂ ਵਧੇਰੇ ਭੀੜ ਰਹਿੰਦੀ। ਆਲੂਆਂ ਵਾਲੇ ਕਿਸਾਨ ਕੁਝ ਬੋਰੀਆਂ ਨੂੰ ਦੂਜੀਆਂ ਤੋਂ ਵੱਖ ਰਖਵਾ ਰਹੇ ਸਨ। ਇਨ੍ਹਾਂ ਬੋਰੀਆਂ 'ਤੇ ਚਾਕ ਨਾਲ ਨਿਸ਼ਾਨ ਲੱਗੇ ਹੋਏ ਸਨ। ਜਦੋਂ ਸਾਰਿਆਂ ਨੇ ਚਾਹ ਪੀ ਲਈ ਤਾਂ ਇੱਕ ਜ਼ਿਮੀਂਦਾਰ ਅੰਕਲ ਕੋਲ ਆ ਕੇ ਕਹਿਣ ਲੱਗਿਆ, 'ਸਰਦਾਰ ਸਾਹਿਬ, ਇਹ ਕਾਟੇ ਵਾਲੇ ਨਿਸ਼ਾਨੇ ਲੱਗੀਆਂ ਬੋਰੀਆਂ ਵਿੱਚ ਕਈ ਆਲੂ ਛੇਤੀ ਖਰਾਬ ਹੋਣ ਵਾਲੇ ਤੇ ਹਰੇ ਜਿਹੇ ਹਨ।' ਅੰਕਲ ਨੇ ਕਿਹਾ, 'ਆਲੂ ਖਰਾਬ ਕਿਉਂ ਕਹਿੰਦੇ ਹੋ। ਇਹ ਤਾਂ ਸ਼ਾਹੂਕਾਰਾਂ ਦਾ ਖਾਣਾ ਹੈ।' ਇਹ ਸੁਣ ਕੇ ਮੈਂ ਹੈਰਾਨ ਹੋ ਗਿਆ। ਜਦੋਂ ਆਲੂਆਂ ਦੀਆਂ ਸਾਰੀਆਂ ਬੋਰੀਆਂ ਉਤਰ ਗਈਆਂ ਤਾਂ ਅੰਕਲ ਨੇ ਟਰਾਲੀ ਵਾਲਿਆਂ ਨੂੰ ਪੈਸੇ ਦੇ ਦਿੱਤੇ। ਮੈਨੂੰ ਸ਼ਾਹੂਕਾਰਾਂ ਦਾ ਖਾਣਾ ਵਾਲੀ ਗੱਲ ਨਹੀਂ ਸੀ ਭੁੱਲੀ। ਮੈਂ ਅੰਕਲ ਨੂੰ ਪੁੱਛ ਲਿਆ, 'ਅੰਕਲ ਜੀ, ਇਹ ਸ਼ਾਹੂਕਾਰਾਂ ਦੇ ਖਾਣੇ ਦਾ ਕੀ ਮਤਲਬ ਹੈ?' ਉਨ੍ਹਾਂ ਹੱਸ ਕੇ ਕਿਹਾ, 'ਥੋੜ੍ਹੀ ਦੇਰ ਇਥੇ ਬੈਠ। ਤੈਨੂੰ ਆਪੇ ਇਸ ਬਾਰੇ ਪਤਾ ਲੱਗ ਜਾਵੇਗਾ।' ਅਸੀਂ ਅਜੇ ਗੱਲਾਂ ਕਰ ਰਹੇ ਸਾਂ ਕਿ ਕੁਝ ਪਰਵਾਸੀ ਮਜ਼ਦੂਰ ਆਲੂ ਖਰੀਦਣ ਆ ਗਏ।

ਅੰਕਲ ਨੇ ਉਨ੍ਹਾਂ ਨੂੰ ਸੰਬੋਧਨ ਹੁੰਦਿਆਂ ਕਿਹਾ, 'ਤੁਹਾਡੇ ਮਤਲਬ ਦੇ ਆਲੂ ਉਨ੍ਹਾਂ ਕਾਟੇ ਦੇ ਨਿਸ਼ਾਨ ਵਾਲੀਆਂ ਬੋਰੀਆਂ ਵਿੱਚ ਪਏ ਹਨ।' ਪਰਵਾਸੀ ਮਜ਼ਦੂਰਾਂ ਨੇ ਇੱਕ ਬੋਰੀ ਖੋਲ੍ਹ ਕੇ ਆਲੂ ਦੇਖੇ ਤੇ ਲੈਣ ਦੀ ਹਾਂ ਕਰ ਦਿੱਤੀ। ਉਨ੍ਹਾਂ ਦੂਜੇ ਆਲੂਆਂ ਦੀ ਕੀਮਤ ਤੋਂ ਇਹ ਆਲੂ ਕੁਝ ਘੱਟ ਕੀਮਤ 'ਤੇ ਖਰੀਦ ਲਏ। ਪੈਸੇ ਦੇਣ ਮਗਰੋਂ ਉਹ ਰੇੜ੍ਹੀਆਂ 'ਤੇ ਬੋਰੀਆਂ ਲੱਦ ਕੇ ਲੈ ਗਏ। ਵਿਹਲੇ ਹੋਣ ਮਗਰੋਂ ਅੰਕਲ ਮੈਨੂੰ ਆਖਣ ਲੱਗੇ, 'ਦੇਖ ਕਾਕਾ, ਹੈ ਨਾ ਇਹ ਸ਼ਾਹੂਕਾਰਾਂ ਦਾ ਖਾਣਾ। ਵਧੀਆ ਆਲੂਆਂ ਨਾਲੋਂ ਇਹ ਪਹਿਲਾਂ ਵਿਕ ਗਏ।' ਮੈਥੋਂ ਰਿਹਾ ਨਾ ਗਿਆ। ਮੈਂ ਫੇਰ ਉਨ੍ਹਾਂ ਨੂੰ ਪੁੱਛ ਲਿਆ ਕਿ ਇਨ੍ਹਾਂ ਨੂੰ ਸ਼ਾਹੂਕਾਰਾਂ ਦਾ ਖਾਣਾ ਕਿਉਂ ਆਖਦੇ ਨੇ। ਉਹ ਕਹਿਣ ਲੱਗੇ, 'ਇਹ ਆਲੂ ਗੋਲਗੱਪੇ, ਚਾਟ, ਟਿੱਕੀ ਤੇ ਪਾਪੜੀਆਂ ਬਣਾਉਣ ਵਾਲੇ ਲੈ ਗਏ ਹਨ। ਇਹ ਚੀਜ਼ਾਂ ਆਪਾਂ ਵਰਗੇ ਲੋਕ ਤਾਂ ਖਾਂਦੇ ਨਹੀਂ, ਸਵਾਦ ਲੈਣ ਵਾਲੇ ਖਾਂਦੇ ਨੇ। ਇਸ ਕਰ ਕੇ ਮੈਂ ਇਨ੍ਹਾਂ ਨੂੰ ਸ਼ਾਹੂਕਾਰਾਂ ਦਾ ਖਾਣਾ ਆਖਦਾ ਹਾਂ।' ਮਗਰੋਂ ਮੈਂ ਉਨ੍ਹਾਂ ਦੀ ਸਿਹਤ ਦਾ ਹਾਲ ਚਾਲ ਪੁੱਛਿਆ। ਉਹ ਕਹਿਣ ਲੱਗੇ, 'ਮੈਨੂੰ ਕੀ ਹੋਣਾ ਹੈ। ਇਹ ਤਾਂ ਪੁੱਤਰਾ ਤੇਰੀ ਆਂਟੀ ਆਖੀ ਜਾਂਦੀ ਹੈ, ਬਹਾਨੇ ਨਾਲ ਬਲਵੀਰ ਨੂੰ ਬਾਹਰੋਂ ਸੱਦ ਲਓ ਤਾਂ ਕਿ ਉਸ ਦਾ ਮੰਗਣਾ ਵਿਆਹ ਕਰ ਦੇਈਏ। ਉਹ ਸਾਨੂੰ ਆਈ ਗਈ ਹੀ ਨਹੀਂ ਦਿੰਦਾ।' ਗੱਲਾਂ ਕਰਦਿਆਂ ਦੁਪਹਿਰ ਹੋ ਗਈ।

ਮੈਂ ਜਾਣ ਦੀ ਇਜਾਜ਼ਤ ਮੰਗੀ ਤਾਂ ਅੰਕਲ ਆਖਣ ਲੱਗੇ, 'ਪੁੱਤ, ਘਰੋਂ ਰੋਟੀ ਖਾਧੇ ਬਿਨਾਂ ਨਹੀਂ ਜਾਣਾ। ਤੇਰੀ ਆਂਟੀ ਦੀਆਂ ਵੀ ਦੋ ਗੱਲਾਂ ਸੁਣ ਜਾਈਂ ਤੇ ਬਲਵੀਰ ਨੂੰ ਛੇਤੀ ਆਉਣ ਲਈ ਆਖ ਦੇਵੀਂ। ਜੇ ਤੂੰ ਇੰਝ ਬਾਹਰੋਂ ਚਲਾ ਗਿਆ ਤਾਂ ਤੇਰੀ ਆਂਟੀ ਨੇ ਮੈਥੋਂ ਨਾਰਾਜ਼ ਹੋ ਜਾਣਾ।' ਅਸੀਂ ਉਨ੍ਹਾਂ ਦੇ ਘਰ ਵੱਲ ਤੁਰ ਪਏ। ਰਾਹ ਵਿੱਚ ਅੰਕਲ ਨੇ ਸਬਜ਼ੀ ਵਾਲੀ ਰੇਹੜੀ ਤੋਂ ਖੀਰੇ, ਤੋਰੀ ਤੇ ਘੀਆ ਲੈ ਲਏ। ਉਨ੍ਹਾਂ ਲਿਸ਼ਕਦੀ ਤੋਰੀ ਤੇ ਘੀਆ ਲੈਣ ਦੀ ਥਾਂ ਉਹ ਸਬਜ਼ੀ ਲਈ, ਜਿਨ੍ਹਾਂ 'ਤੇ ਕੀੜੇ ਦੇ ਖਾਣ ਦੇ ਨਿਸ਼ਾਨ ਬਣੇ ਹੋਏ ਸਨ। ਰਾਹ ਵਿੱਚ ਜਾਂਦਿਆਂ ਮੈਂ ਫਿਰ ਪੁੱਛ ਬੈਠਿਆ, 'ਅੰਕਲ ਜੀ, ਤੁਸੀਂ ਸਾਫ ਸੁਥਰੇ ਘੀਆ ਤੇ ਤੋਰੀਆਂ ਨਾਲੋਂ ਇਹ ਕਿਉਂ ਲਈਆਂ?' ਉਨ੍ਹਾਂ ਹੱਸ ਕੇ ਕਿਹਾ, 'ਕਾਕਾ, ਇਹ ਵੀ ਸ਼ਾਹੂਕਾਰਾਂ ਦਾ ਖਾਣਾ ਹੈ।' ਮੈਂ ਹੈਰਾਨ ਹੋ ਕੇ ਪੁੱਛਿਆ, 'ਇਹ ਕਿਧਰ ਦਾ ਸ਼ਾਹੂਕਾਰਾਂ ਦਾ ਖਾਣਾ ਹੈ।' ਉਹ ਕਹਿਣ ਲੱਗੇ, 'ਜਿਹੜੀ ਸਾਫ ਸੁਥਰੀ ਸਬਜ਼ੀ ਹੁੰਦੀ ਹੈ, ਉਸ ਉਤੇ ਕੀਟਨਾਸ਼ਕਾਂ ਦਾ ਏਨਾ ਸਪਰੇਅ ਹੋਇਆ ਹੁੰਦਾ ਹੈ ਕਿ ਉਨ੍ਹਾਂ ਨੂੰ ਕੋਈ ਕੀਟ ਪਤੰਗਾ ਮੂੰਹ ਨਹੀਂ ਮਾਰਦਾ। ਇਹ ਜਿਹੜੀ ਆਪਾਂ ਨੇ ਤੋਰੀ ਤੇ ਘੀਆ ਲਏ ਹ,ਨ ਇਨ੍ਹਾਂ ਨੂੰ ਥੋੜ੍ਹਾ ਬਹੁਤ ਕੀੜਿਆਂ ਨੇ ਖਾਧਾ ਹੋਇਆ ਹੈ। ਇਸ ਦਾ ਮਤਲਬ ਹੈ ਕਿ ਇਨ੍ਹਾਂ 'ਤੇ ਸਪਰੇਅ ਦਾ ਘੱਟ ਅਸਰ ਹੋਇਆ ਹੈ ਤਾਂ ਹੀ ਇਨ੍ਹਾਂ ਕੀੜਿਆਂ ਨੇ ਖਾਣ ਦੀ ਹਿੰਮਤ ਕੀਤੀ ਹੈ। ਇਸ ਲਈ ਇਹ ਖਾਣ ਯੋਗ ਹੈ।' ਉਹ ਕਹਿਣ ਲੱਗੇ ਕਿ ਸਬਜ਼ੀ ਦਾ ਕੀੜਿਆਂ ਦਾ ਖਾਧਾ ਹੋਇਆ ਪਾਸਾ ਤੇਰੀ ਆਂਟੀ ਨੇ ਕੱਟ ਕੇ ਸੁੱਟ ਦੇਣਾ ਹੈ ਤੇ ਬਾਕੀ ਦੀ ਸਬਜ਼ੀ ਬਣਾ ਲੈਣੀ ਹੈ। ਮੈਂ ਅੰਕਲ ਦੀਆਂ ਗੱਲਾਂ ਤੋਂ ਬਹੁਤ ਪ੍ਰਭਾਵਤ ਹੋਇਆ।

ਇੰਨੇ ਨੂੰ ਅਸੀਂ ਉਨ੍ਹਾਂ ਦੇ ਘਰ ਪਹੁੰਚ ਗਏ। ਆਂਟੀ ਨਾਲ ਬਲਵੀਰ ਦੀਆਂ ਗੱਲਾਂ ਕਰਨ ਤੇ ਖਾਣਾ ਖਾਣ ਤੋਂ ਬਾਅਦ ਮੈਂ ਉਨ੍ਹਾਂ ਕੋਲੋਂ ਜਾਣ ਦੀ ਇਜਾਜ਼ਤ ਲਈ। ਇੰਨੇ ਨੂੰ ਅੰਕਲ ਦੀ ਅੱਖ ਲੱਗ ਗਈ ਸੀ ਤੇ ਮੈਂ ਉਨ੍ਹਾਂ ਨੂੰ ਉਠਾਉਣਾ ਮੁਨਾਸਿਬ ਨਾ ਸਮਝਿਆ। ਆਉਂਦੇ ਹੋਏ ਮੈਂ ਸਬਜ਼ੀ ਵਾਲੀ ਰੇਹੜੀ ਤੋਂ ਘਰ ਲਈ ਕੀੜੇ ਦੇ ਨਿਸ਼ਾਨੇ ਵਾਲੇ ਘੀਆ ਅਤੇ ਤੋਰੀਆਂ ਲੈ ਲਈਆਂ। ਸ਼ਾਮ ਨੂੰ ਸਬਜ਼ੀ ਬਣਾਉਣ ਵੇਲੇ ਪਤਨੀ ਨੇ ਮੈਨੂੰ ਅਜਿਹੀ ਸਬਜ਼ੀ ਲਿਆਉਣ ਲਈ ਲਾਹਨਤਾਂ ਪਾਈਆਂ ਤਾਂ ਮੈਂ ਉਸ ਨੂੰ ਕਿਹਾ, 'ਇਹ ਸ਼ਾਹੂਕਾਰਾਂ ਦਾ ਖਾਣਾ ਹੈ।' ਮੈਂ ਉਸ ਨੂੰ ਦਿਨ ਵਾਲੀ ਸਾਰੀ ਵਿਥਿਆ ਸੁਣਾ ਦਿੱਤੀ, ਪਰ ਉਹ ਨਾ ਮੰਨੀ ਤੇ ਸਾਰੀ ਸਬਜ਼ੀ ਕੂੜੇ ਵਾਲੇ ਨੂੰ ਚੁਕਾ ਕੇ ਹਟੀ। ਪਤਨੀ ਦੀਆਂ ਗੱਲਾਂ ਸੁਣ ਕੇ ਮੈਂ ਰੇਹੜੀ ਮਾਰਕੀਟ ਚਲਾ ਗਿਆ ਤਾਂ ਉਥੋਂ ਲਿਸ਼ਕਦੀ ਹੋਈ ਸਬਜ਼ੀ ਲੈ ਆਇਆ। ਆਉਂਦਾ ਹੋਇਆ ਮੈਂ ਸਕੂਟਰ 'ਤੇ ਬੈਠਾ ਆਪਣੇ ਆਪ ਨਾਲ ਗੱਲਾਂ ਕਰ ਰਿਹਾ ਸੀ ਕਿ ਸ਼ਾਹੂਕਾਰਾਂ ਦਾ ਖਾਣਾ ਵੀ ਹਰ ਕੋਈ ਨਹੀਂ ਖਾ ਸਕਦਾ।

# ਬਰੈੱਡ ਉਪਮਾ



ਸਮੱਗਰੀ-12 ਬਰੈੱਡ ਪੀਸ, 100 ਗਰਾਮ ਦੁੱਧ, ਇੱਕ ਕੱਪ ਟਮਾਟਰ (ਬਰੀਕ ਕੱਟਿਆ ਹੋਇਆ), ਪਿਆਜ਼ ਬਰੀਕ ਕੱਟਿਆ ਹੋਇਆ ਅੱਧਾ ਕੱਪ, ਦੋ-ਤਿੰਨ ਹਰੀਆਂ ਮਿਰਚਾਂ ਬਰੀਕ ਕੱਟੀਆਂ ਹੋਈਆਂ, ਪੰਜਾਹ ਗਰਾਮ ਹਰੀ ਧਨੀਆ ਬਰੀਕ ਕੱਟਿਆ ਹੋਇਆ, ਟਮਾਟਰ ਪਿਊਰੀ 50 ਗਰਾਮ, ਜੀਰਾ ਪਾਊਡਰ ਇੱਕ ਛੋਟਾ ਚਮਚ, ਰਾਈ ਇੱਕ ਛੋਟਾ ਚਮਚ, ਕੜੀ ਪੱਤਾ 8-10 ਨਗ, ਨਮਕ ਸਵਾਦ ਅਨੁਸਾਰ, ਜੈਤੂਨ ਦਾ ਤੇਲ 20 ਗਰਾਮ।

ਵਿਧੀ- ਸਾਰੇ ਬਰੈੱਡ ਸਲਾਈਸਾਂ ਦੀਆਂ ਕਿਨਾਰੀਆਂ ਕੱਢ ਕੇ ਉਨ੍ਹਾਂ ਨੂੰ ਦੁੱਧ ਵਿੱਚ ਭਿਉਂ ਦਿਓ। ਹੱਥਾਂ ਦੇ ਵਿੱਚ ਦਬਾ ਕੇ ਦੁੱਧ ਨਿਚੋੜੋ ਅਤੇ ਸਲਾਈਸਿਸ ਇੱਕ ਪਾਸੇ ਰੱਖ ਲਓ। ਕੜਾਹੀ ਵਿੱਚ ਤੇਲ ਗਰਮ ਕਰੋ। ਇਸ ਵਿੱਚ ਰਾਈ ਪਾ ਕੇ ਤੜਕੋ, ਫਿਰ ਕੜੀ ਪੱਤਾ ਅਤੇ ਪਿਆਜ਼ ਪਾਕੇ ਸੁਨਹਿਰੀ ਹੋਣ ਤੇਕ ਤਲੋ। ਟਮਾਟਰ ਪਾ ਕੇ ਨਰਮ ਹੋਣ ਤੱਕ ਪਕਾਓ। ਫਿਰ ਨਕਮ, ਹਰੀ ਮਿਰਚ ਅਤੇ ਜੀਰਾ ਪਾਊਡਰ ਪਾ ਦਿਓ। ਸਲਾਈਸਿਸ ਦੇ ਟੁਕੜੇ ਕਰ ਕੇ ਇਸ ਵਿੱਚ ਮਿਲਾਓ। ਧਨੀਆ ਉਪਰੋਂ ਪਾ ਕੇ ਇਮਲੀ ਦੀ ਚਟਣੀ ਨਾਲ ਸਰਵ ਕਰੋ।

# ਬਿਊਟੀ ਟਿਪਸ



ਵਾਲਾਂ ਦੀ ਖ਼ੂਬਸੂਰਤੀ ਵਧਾਉਣ ਲਈ ਡੀਪ ਕੰਡੀਸ਼ਨਿੰਗ ਜ਼ਰੂਰੀ ਹੈ। ਇਸ ਨਾਲ ਨਾ ਸਿਰਫ ਇਨ੍ਹਾਂ ਵਾਲਾਂ ਨੂੰ ਮਾਇਸ਼ੁਰਾਈਜ਼ਰ ਮਿਲਦਾ ਹੈ, ਬਲਕਿ ਇਹ ਮੁਲਾਇਮ ਅਤੇ ਸਮੂਦ ਬਣਦੇ ਹਨ :

* ਵਾਲਾਂ ਨੂੰ ਸ਼ੈਂਪੂ ਕਰ ਕੇ ਸੁਕਾ ਲਓ ਅਤੇ ਉਨ੍ਹਾਂ ਦੀ ਲੰਬਾਈ ਦੇ ਹਿਸਾਬ ਨਾਲ ਸ਼ੀਆ ਬਟਰ ਲੈ ਕੇ ਸਕੈਲਪ ਨਾਲ ਟਿਪ ਤੱਕ ਲਗਾਓ। ਇਸ ਦੇ ਬਾਅਦ ਇੱਕ ਤੌਲੀਏ ਨੂੰ ਗਰਮ ਪਾਣੀ ਵਿੱਚ ਡੁਬੋ ਕੇ ਚੰਗੀ ਤਰ੍ਹਾਂ ਨਿਚੋੜ ਲਓ ਅਤੇ ਸਿਰ ਨੂੰ ਚੰਗੀ ਤਰ੍ਹਾਂ ਕਰੀਬ ਅੱਧੇ ਘੰਟੇ ਤੱਕ ਢੱਕ ਕੇ ਰੱਖੋ ਫਿਰ ਧੋ ਲਓ।
* ਫਰੈੱਸ਼ ਐਲੋਵੇਰਾ ਦੇ ਪੱਤੇ ਲੈ ਕੇ ਅੱਧਾ ਕੱਪ ਜੈੱਲ ਕੱਢ ਲਓ ਅਤੇ ਚੰਗੀ ਤਰ੍ਹਾਂ ਬਲੈਂਡ ਕਰ ਲਓ। ਸ਼ੈਂਪੂ ਕੀਤੇ ਵਾਲ ਜਦ ਹਲਕੇ ਹਲਕੇ ਗਿੱਲੇ ਹੋਣ ਤਾਂ ਇਸ ਨੂੰ ਸਕੈਲਪ ਅਤੇ ਟਿਪ 'ਤੇ ਲਗਾ ਕੇ ਸ਼ਾਵਰ ਕੈਪ ਪਹਿਨ ਲਓ। ਵੀਹ ਮਿੰਟ ਬਾਅਦ ਕੋਸੇ ਪਾਣੀ ਨਾਲ ਧੋ ਲਓ।
* ਇੱਕ ਆਂਡੇ ਦੀ ਪੂਰੀ ਜਰਦੀ ਲਓ ਅਤੇ ਇਸ ਵਿੱਚ ਇੱਕ ਕੱਪ ਪਾਣੀ ਅਤੇ ਦੋ-ਤਿੰਨ ਚਮਚ ਨਾਰੀਅਲ ਤੇਲ ਮਿਲਾ ਕੇ ਚੰਗੀ ਤਰ੍ਹਾਂ ਫੈਂਟ ਲਓ। ਵਾਲ ਸ਼ੈਂਪੂ ਕਰਨ ਦੇ ਬਾਅਦ ਉਨ੍ਹਾਂ ਵਿੱਚ ਇਹ ਪੇਸਟ ਲਗਾਓ ਅਤੇ 15-20 ਮਿੰਟ ਬਾਅਦ ਧੋ ਲਓ।

ਜੇ ਤੁਹਾਡੇ ਵਾਲ ਆਇਲੀ ਹਨ ਤਾਂ ਇਨ੍ਹਾਂ ਵਿੱਚ ਦਹੀਂ ਲਾਓ। ਸ਼ੈਂਪੂ ਕੀਤੇ ਹਲਕੇ ਗਿੱਲੇ ਵਾਲਾਂ ਵਿੱਚ ਦਹੀ ਲਗਾ ਕੇ ਮੋਟੇ ਦੰਦਾਂ ਵਾਲੀ ਕੰਘੀ ਕਰੋ ਅਤੇ ਸ਼ਾਵਰ ਕੈਪ ਨਾਲ ਢਕ ਲਓ। ਅੱਧੇ ਘੰਟੇ ਬਾਅਦ ਧੋ ਲਓ।



ਗੁਰਦੁਆਰਾ ਰੂੜੀ ਸਾਹਿਬ, ਜਾਹਮਣ ਲਾਹੌਰ

ਇਹ ਪਾਵਨ ਅਸਥਾਨ ਲਾਹੌਰ ਸ਼ਹਿਰ ਤੋਂ ਕੋਈ 25 ਕਿਲੋਮੀਟਰ ਦੂਰ ਹੈ। ਇਸ ਪਿੰਡ ਵਿੱਚ ਪੱਕੀ ਸੜਕ ਜਾਂਦੀ ਹੈ।ਪਿੰਡ ਦੀ ਆਬਾਦੀ ਤੋਂ ਬਾਹਰ ਕੋਈ ਅੱਧਾ ਕਿਲੋਮੀਟਰ ਦੀ ਵਿੱਥ ਉੱਤੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਅਸਥਾਨ ਸਥਿੱਤ ਹੈ । ਜਿੱਥੇ ਆਪ ਬਿਰਾਜੇ, ਉਸ ਅਸਥਾਨ ਨੂੰ ਰੜੀ ਸਾਹਿਬ ਕਿਹਾ ਜਾਦਾ ਹੈ। ਇਸ ਅਸਥਾਨ ਨੂੰ ਆਪ ਨੇ ਤਿੰਨ ਵਾਰ ਚਰਨ ਛੋਹ ਬਖਸ਼ਿਸ਼ ਕੀਤੀ।ਇਸ ਦਾ ਕਾਰਨ ਇਹ ਸੀ ਕਿ ਇੱਥੇ ਨੇੜੇ ਹੀ ਪਿੰਡ ਡੇਰਾ ਚਾਹਲ ਵਿੱਚ ਆਪ ਦੇ ਨਾਨਕੇ ਆਬਾਦ ਸਨ, ਜਿੱਥੇ ਆਪ ਬਿਰਾਜੇ।ਇੱਥੇ ਇੱਕ ਛੱਪੜੀ ਸੀ ਜਿਹਨੂੰ ਮਗਰੋਂ ਸਰੋਵਰ ਦਾ ਰੂਪ ਦੇ ਦਿੱਤਾ ਗਿਆ। ਆਪ ਦਾ ਪ੍ਰੇਮੀ ਸਿੱਖ ਨਰੀਆ ਇਸ ਪਿੰਡ ਦਾ ਵਸੀ ਸੀ, ਜਿਸ ਦੀ ਕਿਰਪਾ ਨਾਲ ਕਈ ਭਾਬੜੇ ਸੁਮਾਰਗ ਪਾਏ।ਇਸ ਦਰਬਾਰ ਦੀ ਸੇਵਾ ਭਾਈ ਵਧਾਵਾ ਸਿੰਘ ਜੀ ਨੇ ਅਰੰਭੀ ਅਤੇ ਸੁੰਦਰ ਦਰਬਾਰ ਬਣਵਾਇਆ।ਵਿਸਾਖੀ ਅਤੇ 20 ਜੇਠ ਨੂੰ ਮੇਲੇ ਜੁੜਦੇ ਸਨ।ਗੁਰਦੁਆਰੇ ਦੇ ਨਾਲ 100 ਵਿੱਘੇ ਜ਼ਮੀਨ ਹੈ।ਇਸ ਵੇਲੇ ਇਸ ਅਸਥਾਨ ਦਾ ਸਰੋਵਰ ਇੱਕ ਵਾਰ ਫਿਰ ਛੱਪੜੀ ਦਾ ਰੂਪ ਧਾਰਨ ਕਰ ਗਿਆ ਹੈ।ਅੰਬਰ ਛੂੰਹਦਾ ਗੁੰਬਦਦਾਰ ਰੂੜੀ ਸਾਹਿਬ ਮੁਰੰਮਤ ਚਾਹੁੰਦਾ ਹੈ।ਜੇ ਕੁਝ ਚਿਰ ਹੋਰ ਮਰੰਮਤ ਨਾਂ ਹੋਈ ਤਾਂ ਮਿੱਟੀ ਦਾ ਢੇਰ ਹੋ ਜਾਵੇਗਾ।

# ਇੱਕ ਸ਼ਰੀਫ ਨੇਤਾ ਦੀ ਭਾਲ

–ਕੇ ਐੱਲ ਗਰਗ

ਕਾਮਰੇਡ ਗਰਮਜੋਸ਼ ਨੇ ਕੱਸਿਆ ਹੋਇਆ ਮੁੱਕਾ ਹਵਾ ਵਿੱਚ ਲਹਿਰਾਉਂਦਿਆਂ ਬੁਲੰਦ ਆਵਾਜ਼ ਵਿੱਚ ਕਿਹਾ, 'ਸਾਥੀਓ, ਇਨਕਲਾਬ ਬੰਦੂਕ ਦੀ ਨਾਲੀ ਵਿੱਚੋਂ ਨਿਕਲਦਾ ਹੈ।' ਨੇਤਾ ਖੁੰਦਕੀ ਨਾਥ ਨੇ ਟੀ-ਸ਼ਰਟ ਦਾ ਬਟਨ ਖੋਲ੍ਹਦਿਆਂ ਢਿੱਲੀਆਂ ਮੁੱਛਾਂ ਨੂੰ ਸਹਾਰਾ ਦਿੰਦਿਆਂ ਕਿਹਾ, 'ਬੰਧੂ, ਲੋਕਤੰਤਰ ਅਦਨੀ ਜਿਹੀ ਸੰਦੂਕੜੀ ਵਿੱਚੋਂ ਨਿਕਲਦਾ ਹੈ। ਅੱਜਕੱਲ੍ਹ ਇਹ ਈ ਵੀ ਐੱਮ ਮਸ਼ੀਨਾਂ ਵਿੱਚੋਂ ਪੈਦਾ ਹੁੰਦਾ ਹੈ।' ਸੰਦੂਕੜੀ ਤੇ ਮਸ਼ੀਨਾਂ ਦੁਆਲੇ ਹਰ ਵੇਲੇ ਹਥਿਆਰਬੰਦ ਪਹਿਰਾ ਹੁੰਦਾ ਹੈ। ਚਿੜੀ ਤੱਕ ਨੇੜੇ ਨਹੀਂ ਫਟਕਣ ਦਿੱਤੀ ਜਾਂਦੀ। ਲੋਕਤੰਤਰ ਸ਼ਰਾਫਤ ਦੀ ਪੈਦਾਵਾਰ ਹੈ। ਸ਼ਰਾਫਤ ਤੇ ਅਹਿੰਸਾ ਦਾ ਗਠਜੋੜ ਹੈ। ਸ਼ਰਾਫਤ ਸ਼ਬਦ ਯਾਦ ਆਉਂਦਿਆਂ ਹੀ ਸਾਨੂੰ ਸ਼ਰੀਫ ਨੇਤਾ ਜੀ ਯਾਦ ਆਉਣ ਲੱਗਦੇ ਨੇ। ਅਸੀਂ ਉਨ੍ਹਾਂ ਦੇ ਦਰਸ਼ਨ ਹਿੱਤ ਚਾਲੇ ਪਾਉਂਦੇ ਹਾਂ। ਸਾਨੂੰ ਕਿਸੇ ਅਨੁਭਵੀ ਬੰਦੇ ਨੇ ਆਖਿਆ ਸੀ :

'ਸਾਡੇ ਲੋਕਤੰਤਰ ਵਿੱਚ ਸ਼ਰੀਫ ਨੇਤਾ ਭਾਲਣਾ ਓਨਾ ਹੀ ਔਖਾ ਹੈ, ਜਿੰਨਾ ਸਪਰੇਟੇ ਦੁੱਧ ਵਿੱਚੋਂ ਥਿੰਦਾ ਭਾਲਣਾ ਜਾਂ ਕਿਸੇ ਦੀਵਾਲੀਏ ਕੋਲੋਂ ਮਾਇਆ ਭਾਲਣੀ।'

ਅਸੀ ਨੇਤਾ ਖੁੰਦਕੀ ਨਾਥ ਨੂੰ ਹੀ ਪੁੱਛਦੇ ਹਾਂ : 'ਨੇਤਾ ਜੀ, ਤੁਸੀਂ ਸ਼ਰੀਫ ਆਦਮੀ ਹੋ?'

ਸਾਡਾ ਪ੍ਰਸ਼ਨ ਸੁਣਦਿਆਂ ਹੀ ਨੇਤਾ ਜੀ ਸਾਡੇ ਵੱਲ ਇਉਂ ਝਾਕੇ, ਜਿਵੇਂ ਅਸੀਂ ਸਾਧਾਰਨ ਵੋਟਰ ਨਾ ਹੋ ਕੇ ਜਾਂਚ ਏਜੰਸੀ ਦੇ ਕੋਈ ਵੱਡੇ ਅਫਸਰ ਹੋਈਏ। ਸਾਡੇ ਡਾਇਰੈਕਟ ਪ੍ਰਸ਼ਨ ਨੂੰ ਸੁਣਦਿਆਂ ਹੀ ਉਨ੍ਹਾਂ ਦਾ ਚਿਹਰਾ ਨੌਂ ਦਸ ਨੌਂ ਦਸ ਕਰਨ ਲੱਗ ਪਿਆ, ਪਰ ਫੇਰ ਝੱਟ ਹੀ ਕੁਝ-ਕੁਝ ਸੰਭਲਦੇ ਹੋਏ, ਮੁਰਦਾ ਜਿਹੀ ਆਵਾਜ਼ ਵਿੱਚ ਕਹਿਣ ਲੱਗੇ : 'ਸੀਗੇ ਤਾਂ ਸ਼ਰੀਫ ਹੀ,



ਪਰ ਪਿਛਲੀਆਂ ਚੋਣਾਂ ਵਿੱਚ ਅਣਫਸ ਕਾਰਨ ਦੋ ਤਿੰਨ ਬੰਦਿਆਂ ਦੇ ਘੋਗੇ ਚਿੱਤ ਕਰਨੇ ਪਏ। ਤਰੀਕਾਂ ਭੁਗਤ ਰਹੇ ਹਾਂ। ਐਵੇਂ ਚੰਨ ਦੇ ਮੱਥੇ ਦਾਗ ਲੱਗ ਗਿਆ।' ਖੁੰਦਕੀ ਨਾਥ ਜੀ ਦੀ ਰੋਣੀ ਸੂਰਤ ਨੂੰ ਉਥੇ ਹੀ ਛੱਡ ਕੇ ਅਸੀਂ ਅਗਾਂਹ ਤੁਰ ਆਏ ਤੇ ਨੇਤਾ ਝੁਰਮਟ ਦਾਸ ਹੁਰਾਂ ਦੇ ਝੁਰਮਟ ਵਿੱਚ ਜਾ ਵੜੇ। ਭੀੜ 'ਚੋਂ ਥਾਂ ਬਣਾਉਂਦਿਆਂ ਨੇਤਾ ਜੀ ਕੋਲ ਪਹੁੰਚ, ਇਹੋ ਸਵਾਲ ਉਨ੍ਹਾਂ ਨੂੰ ਕੀਤਾ : 'ਨੇਤਾ ਜੀ, ਤੁਸੀਂ ਸ਼ਰੀਫ ਹੋ?'

ਸ਼ਰੀਫ ਸ਼ਬਦ ਸੁਣਦਿਆਂ ਹੀ ਨੇਤਾ ਜੀ ਨੂੰ ਤੌਣੀਆਂ ਆਉਣ ਲੱਗ ਪਈਆਂ। ਭਮੱਤਰੇ ਜਿਹੇ ਅੱਖਾਂ ਚੜ੍ਹਾ ਕੇ ਸਾਡੇ ਵੱਲ ਨੀਮ ਪਾਗਲਾਂ ਵਾਂਗ ਝਾਕਣ ਲੱਗੇ। ਚਿੜਚਿੜੇ ਪਟਾਕੇ ਜਿਹੀ ਆਵਾਜ਼ ਕੱਢਦਿਆਂ ਬੋਲੇ : 'ਬੰਧੂ, ਤੁਹਾਡਾ ਇਹ ਸਵਾਲ ਹੀ ਗਲਤ ਹੈ। ਲੋਕਤੰਤਰ ਵਿੱਚ ਸ਼ਰੀਫ ਬਣ ਕੇ ਗੁਜ਼ਾਰਾ ਹੋ ਸਕਦਾ? ਸ਼ਰਾਫਤ ਨਾਲ ਤਾਂ ਵਿਰੋਧੀ ਇੱਕ ਪੈਰ ਨਹੀਂ ਪੁੱਟਣ ਦਿੰਦੇ। ਰਾਜਨੀਤੀ ਵਿੱਚ ਸੌ ਫੀਸਦੀ ਕਾਮਯਾਬੀ ਲਈ ਸ਼ਰਾਫਤ ਦਾ ਤਿਆਗ ਕਰਨਾ ਹੀ ਪੈਂਦਾ ਹੈ। ਐਤਕੀਂ ਚੋਣਾਂ ਵਿੱਚ ਸ਼ਰਾਫਤ ਦਿਖਾਉਂਦੇ ਤਾਂ ਕਿਸੇ ਕੰਜਰ ਨੇ ਜਿੱਤਣ ਦੇਣਾ ਸੀ ਸਾਨੂੰ। ਝੁਰਮਟ ਦਾ ਇਹੋ ਲਾਭ ਹੁੰਦੈ। ਝੁਰਮਟ ਵਿੱਚ ਘਿਰਿਆ ਨੇਤਾ ਕਦੀ ਸ਼ਰਾਫਤ ਦੀ ਬਾਂਹ ਫੜ ਹੀ ਨਹੀਂ ਸਕਦਾ। ਐਤਕੀਂ ਚੋਣਾਂ ਵੇਲੇ ਧੱਕੇ ਨਾਲ ਦੋ ਚਾਰ ਸੰਦੂਕੜੀਆਂ ਇਧਰ-ਉਧਰ ਕਰਨੀਆਂ ਪਈਆਂ। ਕਚਹਿਰੀ ਵਿੱਚ ਕੇਸ ਚੱਲ ਰਿਹਾ ਹੈ। ਪੇਸ਼ੀਆਂ ਭੁਗਤ ਰਹੇ ਹਾਂ।'

ਅਸੀਂ ਝੱਟ ਉਨ੍ਹਾਂ ਦੇ ਝੁਰਮਟ ਵਿੱਚੋਂ ਬਾਹਰ ਆ ਗਏ ਸਾਂ। ਅਜੇ ਦਸ ਕੁ ਕਦਮ ਹੀ ਪੁੱਟੇ ਸਨ ਕਿ ਨੇਤਾ ਪਾਖੰਡੀ ਰਾਮ ਦੇ ਦਰਸ਼ਨ ਦੀਦਾਰੇ ਹੋ ਗਏ। ਲੋਕਤੰਤਰ ਵਿੱਚ ਨੇਤਾ ਤਾਂ ਬਰਸਾਤੀ ਡੱਡੂਆਂ ਵਾਂਗ ਟਰੈਂ ਟਰੈਂ ਕਰਦੇ ਛਾਲਾਂ ਮਾਰਦੇ ਫਿਰਦੇ ਆ। ਇੱਟ ਚੁੱਕੋ ਤਾਂ ਨੇਤਾ ਜੀ ਨਿਕਲ ਆਉਂਦੇ ਆ। ਕਈ ਵਾਰੀ ਇੱਟ ਚੁੱਕਣ ਦੀ ਵੀ ਲੋੜ ਨ੍ਹੀਂ ਪੈਂਦੀ, ਪਹਿਲਾਂ ਹੀ ਇੱਟ 'ਤੇ ਨੇਤਾ ਜੀ ਬਿਰਾਜਮਾਨ ਹੁੰਦੇ ਆ।

ਨੇਤਾ ਪਾਖੰਡੀ ਰਾਮ, ਸਾਡੇ ਉਨ੍ਹਾਂ ਕੋਲ ਪਹੁੰਚਣ ਤੋਂ ਪਹਿਲਾਂ ਹੀ ਰਾਗ ਭੈਰਵੀ ਵਿੱਚ ਗਾ ਰਹੇ ਸਨ: 'ਸ਼ਰਾਫਤ ਛੋੜ ਦੀ ਮੈਨੇ, ਹਾਂ ਜੀ, ਸ਼ਰਾਫਤ ਛੋੜ ਦੀ ਮੈਨੇ, ਅਰੇ ਹਾਂ ਜੀ, ਸ਼ਰਾਫਤ ਛੋੜ ਦੀ ਮੈਨੇ।' ਉਹ ਤਾਂ ਸ਼ਰਾਫਤ ਛੱਡੀ ਬੈਠੇ ਸਨ। ਉਨ੍ਹਾਂ ਨੂੰ ਪਹਿਲਾਂ ਵਾਲੇ ਸਵਾਲ ਦੁਹਰਾਉਣ ਦੀ ਕੋਈ ਤੁਕ ਨਹੀਂ ਸੀ। ਅਸੀਂ ਆਪਣਾ ਸਵਾਲ ਬਦਲ ਕੇ ਪੁੱਛਿਆ, 'ਨੇਤਾ ਜੀ, ਤੁਸੀਂ ਸ਼ਰਾਫਤ ਕਿਉਂ ਛੋੜ ਦਿੱਤੀ? ਨੇਤਾ ਹੋ ਕੇ ਵੀ ਸ਼ਰਾਫਤ ਕਿਉਂ ਛੱਡਣੀ ਪਈ?'

ਨੇਤਾ ਪਾਖੰਡੀ ਰਾਮ ਖਚਰੀ ਜਿਹੀ ਮੁਸਕਾਨ ਚਿਹਰੇ 'ਤੇ ਲਿਆ ਕੇ ਕਹਿਣ ਲੱਗੇ : 'ਬੰਧੂ, ਸਾਡੀ ਸਰਕਾਰ ਨੇ ਕਰੋੜਾਂ ਰੁਪਏ ਵਿਕਾਸ ਉੱਤੇ ਖਰਚੇ। ਦੇਸ਼ ਦੇ ਵਿਕਾਸ ਲਈ ਦਿਨ ਰਾਤ ਇੱਕ ਕੀਤਾ। ਨਾ ਸੁੱਤੇ ਤੇ ਨਾ ਦੇਸ਼ ਨੂੰ ਸੌਣ ਦਿੱਤਾ। ਵਿਕਾਸ ਕਰਦਿਆਂ ਕਰਦਿਆਂ ਬੁੱਢੇ ਹੋ ਗਏ ਆਂ। ਪੱਲੇ ਕੀ ਪਿਆ? ਸੀ ਬੀ ਆਈ ਦੀਆਂ ਇਨਕੁਆਰੀਆਂ, ਜਾਂਚ ਕਮੇਟੀਆਂ, ਐੱਫ ਆਈ ਆਰਾਂ, ਗ੍ਰਿਫਤਾਰੀਆਂ, ਮੁਕੱਦਮੇ ਤੇ ਜੇਲ੍ਹਾਂ। ਸ਼ਰਾਫਤ ਦੀ ਮਿੱਟੀ ਪਲੀਤ। ਇਸੇ ਕਰ ਕੇ ਅਸੀਂ ਆਖਦੇ ਹਾਂ ਕਿ ਸ਼ਰਾਫਤ ਛੋੜ ਦੀ ਮੈਨੇ। ਅਸੀਂ ਸਮਝ ਗਏ ਹਾਂ ਕਿ ਇਸ ਮੁਲਕ 'ਚ ਸ਼ਰੀਫ ਆਦਮੀ ਦਾ ਮੁੱਲ ਕਾਣੀ ਕੌਡੀ ਜਿੰਨਾ ਵੀ ਨਹੀਂ। ਜੇ ਸ਼ਰੀਫ ਬਣ ਕੇ ਇਹ ਹਾਲ ਹੁੰਦੈ ਤਾਂ ਫੇਰ ਕਿਉਂ ਬਣੀਏ ਸ਼ਰੀਫ?'' ਪਾਖੰਡੀ ਰਾਮ ਦੇ ਚਿਹਰੇ 'ਤੇ ਪਛਤਾਵੇ ਦੇ ਚਿੰਨ੍ਹ ਸਾਖਸ਼ਾਤ ਪ੍ਰਗਟ ਹੋ ਗਏ ਸਨ।

ਅਗਲੀ ਵਾਰ ਅਸੀਂ ਨੇਤਾ ਦੁਲੱਤੀ ਰਾਮ ਨੂੰ ਮਿਲੇ। ਉਹ ਕਈ ਅਪਰਾਧਕ ਕੇਸਾਂ ਵਿੱਚ ਜੇਲ੍ਹ ਵਿੱਚ ਬੰਦ ਸਨ। ਉਨ੍ਹਾਂ ਦੀ ਜ਼ਮਾਨਤ ਦੀ ਅਰਜ਼ੀ ਕਈ ਵਾਰ ਰਿਜੈਕਟ ਹੋ ਚੁੱਕੀ ਸੀ। ਬਲਾਤਕਾਰ, ਉਧਾਲਾ, ਲੁੱਟਮਾਰ, ਮਾਰ-ਧਾੜ, ਗੈਰ ਕਾਨੂੰਨੀ ਹਥਿਆਰ ਰੱਖਣੇ ਆਦਿ ਕਈ ਕੇਸਾਂ ਦਾ ਉਹ ਸਾਹਮਣਾ ਕਰ ਰਹੇ ਸਨ। ਅਸੀਂ ਪੁੱਛਿਆ : 'ਨੇਤਾ ਜੀ, ਕੀ ਤੁਸੀਂ ਸ਼ਰੀਫ ਆਦਮੀ ਹੋ?'

ਝਾੜੀ-ਨੁਮਾ ਮੁੱਛਾਂ ਨੂੰ ਵੱਟ ਚਾੜ੍ਹਦੇ ਕਹਿਣ ਲੱਗੇ : 'ਭਈਆ, ਸਿੱਕੇਬੰਦ ਸ਼ਰੀਫ ਆਦਮੀ ਹਾਂ। ਪੱਕੇ ਸ਼ਰੀਫ ਆਦਮੀ।'

'...ਤੇ ਇਹ ਜੇਲ੍ਹਾਂ ਤੇ ਮੁਕੱਦਮੇ?' ਅਸੀਂ ਪੁੱਛਿਆ।

'ਇਹ ਤਾਂ ਸਾਡਾ ਸ਼ੁਗਲ ਅਤੇ ਸ਼ੌਕ ਐ ਭਾਈ। ਆਪਣੀ ਸ਼ਰਾਫਤ ਕਰ ਕੇ ਜੇਲ੍ਹ ਵਿੱਚ ਬੈਠੇ ਬੈਠੇ ਵੀ ਚੋਣ ਲੜਦੇ ਹਾਂ। ਪਿਛਲੀ ਵਾਰੀ ਸਾਡੀ ਸਿੱਕੇਬੰਦ ਸ਼ਰਾਫਤ ਕਾਰਨ ਸਾਨੂੰ ਸਾਡੀ ਪਿਆਰੀ ਜਨਤਾ ਨੇ ਜਿਤਾਇਆ ਸੀ। ਇਸ ਵਾਰ ਵੀ ਸਾਨੂੰ ਉਮੀਦ ਹੈ ਕਿ ਸਾਡੇ ਵੋਟਰ ਸਾਨੂੰ ਪਿੱਠ ਨਹੀਂ ਦਿਖਾਉਣਗੇ। ਸਾਡੀ ਸ਼ਕਲ ਤੋਂ ਤੁਹਾਨੂੰ ਅਸੀਂ ਸ਼ਰੀਫ ਨੀਂ ਲੱਗਦੇ? ਸਾਡੀ ਸ਼ਰਾਫਤ ਦੀਆਂ ਧੁੰਮਾਂ ਤਾਂ ਦੂਰ ਦੂਰ ਤੱਕ ਪਈਆਂ ਹੋਈਆਂ। ਸ਼ਰੀਫਾਂ ਦੇ ਅਜਿਹਾ ਕੀ ਲੱਗਿਆ ਹੁੰਦੇ, ਜੋ ਸਾਡੇ ਨਹੀਂ ਲੱਗਿਆ ਹੋਇਆ।'

ਅਸੀਂ ਆਪਣੇ ਇੱਕ ਸਿਆਣੇ ਮਿੱਤਰ ਨਾਲ ਇਸ ਬਾਰੇ ਗੱਲ ਕੀਤੀ ਤਾਂ ਉਹ ਵੀ ਗੰਭੀਰ ਹੋ ਕੇ ਕਹਿਣ ਲੱਗਾ : 'ਪਿਆਰੇ, ਸਾਡਾ ਲੋਕਤੰਤਰ ਹੁਣ ਏਨਾ ਅਗਾਂਹ ਲੰਘ ਗਿਐ ਕਿ ਸ਼ਰੀਫ ਨੇਤਾ ਲੱਭਣਾ ਊਠ ਦੇ ਮੂੰਹ 'ਚੋਂ ਜ਼ੀਰਾ ਲੱਭਣ ਵਾਲੀ ਗੱਲ ਆ ਜਾਂ ਪੱਥਰਾਂ ਦੇ ਢੇਰ ਵਿੱਚੋਂ ਸੂਈ ਲੱਭਣ ਵਾਂਗ ਹੈ। ਹੁਣ ਤਾਂ ਕਾਮਰੇਡ ਗਰਮਜੋਸ਼ ਦੇ ਇਨਕਲਾਬ ਵਾਂਗ ਲੋਕਤੰਤਰ ਵੀ ਬੰਦੂਕ ਦੀ ਨਾਲੀ 'ਚੋਂ ਨਿਕਲਣ ਲੱਗ ਪਿਐ। ਸਮਝਿਆ? ਹੈਂ?'

# ਅਕਾਲੀ ਦਲ: ਰਲੇਵਿਆਂ ਤੇ ਫੁੱਟਾਂ ਦਾ ਇਤਿਹਾਸ (ਭਾਗ-2)

–ਹਮੀਰ ਸਿੰਘ

...(ਕੱਲ੍ਹ ਤੋਂ ਅੱਗੇ)

ਇਸ ਪਿੱਛੋਂ 1989 ਦੀਆਂ ਲੋਕ ਸਭਾ ਚੋਣਾਂ ਸ਼੍ਰੋਮਣੀ ਅਕਾਲੀ ਦਲ (ਤਲਵੰਡੀ), ਅਕਾਲੀ ਦਲ (ਲੌਂਗੋਵਾਲ) ਤੇ ਅਕਾਲੀ ਦਲ (ਮਾਨ) ਨੇ ਵੱਖ-ਵੱਖ ਤੌਰ ਉੱਤੇ ਚੋਣਾਂ ਲੜੀਆਂ ਅਤੇ ਕੁੱਲ 13 ਵਿੱਚੋਂ ਨੌਂ ਸੀਟਾਂ ਉੱਤੇ ਅਕਾਲੀ ਦਲ (ਮਾਨ) ਸਮਰਥਕਾਂ ਦੀ ਜਿੱਤ ਹੋਈ। ਇਸ ਤੋਂ ਪਿੱਛੋਂ 1991 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਕੇਂਦਰ ਸਰਕਾਰ ਨੇ ਇੱਕ ਦਿਨ ਪਹਿਲਾਂ ਰੱਦ ਕਰ ਦਿੱਤੀਆਂ ਤੇ 1992 ਦੀਆਂ ਚੋਣਾਂ ਦਾ ਅਕਾਲੀ ਦਲ ਦੇ ਪ੍ਰਮੁੱਖ ਗਰੁੱਪਾਂ ਨੇ ਬਾਈਕਾਟ ਕਰ ਦਿੱਤਾ। ਅਕਾਲੀ ਦਲ (ਲੌਂਗੋਵਾਲ) ਨੇ ਅਮਰਿੰਦਰ ਸਿੰਘ ਦੀ ਅਗਵਾਈ ਵਾਲੇ ਅਕਾਲੀ ਦਲ ਵਜੋਂ ਚੋਣ ਲੜੀ, ਜਦੋਂ ਇਸ ਦੇ ਤਿੰਨ ਵਿਧਾਇਕ ਜਿੱਤੇ ਅਤੇ ਬਹੁਤ ਘੱਟ ਫ਼ੀਸਦੀ ਨਾਲ ਬੇਅੰਤ ਸਿੰਘ ਦੀ ਸਰਕਾਰ ਬਣੀ। ਅਗਸਤ 1995 ਵਿੱਚ ਬੇਅੰਤ ਸਿੰਘ ਦਾ ਕਤਲ ਹੋ ਗਿਆ। ਇਸੇ ਸਾਲ ਭਾਰਤ ਆਏ ਯੂ ਐੱਨ ਜਨਰਲ ਸੈਕਟਰੀ ਬੁਤਰਸ ਬੁਤਰਸ ਘਾਲੀ ਨੂੰ ਪ੍ਰਮੁੱਖ ਅਕਾਲੀ ਆਗੂਆਂ ਨੇ ਇੱਕ ਮੰਗ ਪੱਤਰ ਦਿੱਤਾ ਤੇ ਸਿੱਖਾਂ ਲਈ ਵੱਖ ਰਾਜ ਦੀ ਮੰਗ ਕੀਤੀ। 1994 ਵਿੱਚ ਅਕਾਲ ਤਖ਼ਤ ਦੇ ਜਥੇਦਾਰ ਦੀ ਹਦਾਇਤ ਉੱਤੇ ਅਕਾਲੀ ਦਲਾਂ ਦਾ ਮੁੜ ਰਲੇਵਾਂ ਹੋਇਆ ਤੇ ਬਾਦਲ ਦੇ ਨਾ ਮੰਨਣ ਕਾਰਨ ਅਕਾਲ ਤਖ਼ਤ ਨੇ ਸਖ਼ਤ ਰੁਖ਼ ਅਪਣਾਇਆ ਤਾਂ ਜਨਵਰੀ 1995 ਵਿੱਚ ਪ੍ਰਕਾਸ਼ ਸਿੰਘ ਬਾਦਲ ਨੇ ਵੀ ਰਲੇਵੇਂ ਵਿੱਚ ਸ਼ਾਮਲ ਹੋਣ ਲਈ ਐਲਾਨ ਕਰ ਦਿੱਤਾ ਪਰ ਇਹ ਸਮਝੌਤਾ ਵੀ ਥੋੜ੍ਹ ਚਿਰਾ ਸੀ।

ਅਕਾਲੀ ਦਲ ਨੇ 1995 ਵਿੱਚ ਸੰਵਿਧਾਨ ਵਿੱਚ ਸੋਧ ਕਰ ਕੇ ਪਹਿਲੀ ਵਾਰ ਗ਼ੈਰ-ਸਿੱਖਾਂ ਲਈ ਪਾਰਟੀ ਮੈਂਬਰੀ ਖੋਲ੍ਹ ਦਿੱਤੀ। ਪ੍ਰਕਾਸ਼ ਸਿੰਘ ਬਾਦਲ ਪਾਰਟੀ ਦੇ ਪ੍ਰਧਾਨ ਬਣਾ ਦਿੱਤੇ ਗਏ। 1996 ਦੀ ਮੋਗਾ ਰੈਲੀ ਵੇਲੇ ਅਕਾਲੀ ਦਲ ਇੱਕ ਤਰ੍ਹਾਂ ਪੰਜਾਬੀ ਪਾਰਟੀ ਦੇ ਰੂਪ ਵਿੱਚ ਲੋਕਾਂ ਸਾਹਮਣੇ ਆਇਆ। ਇਸ ਤੋਂ ਪਹਿਲਾਂ 1996 ਵਿੱਚ ਕੇਂਦਰ ਵਿੱਚ ਭਾਜਪਾ ਸਭ ਤੋਂ ਵੱਡੀ ਪਾਰਟੀ ਵਜੋਂ ਜਿੱਤ ਕੇ ਆਈ ਤਾਂ ਅਕਾਲੀ ਦਲ ਪਹਿਲੀ ਅਜਿਹੀ ਪਾਰਟੀ ਸੀ, ਜਿਸ ਨੇ ਭਾਜਪਾ ਨੂੰ ਬਿਨਾਂ ਸ਼ਰਤ ਹਮਾਇਤ ਦੇਣ ਦਾ ਐਲਾਨ ਕਰ ਦਿੱਤਾ। ਉਸ ਸਮੇਂ ਤੱਕ ਭਾਜਪਾ ਨਾਲ ਦੇਸ਼ ਦੀ ਕੋਈ ਵੀ ਪਾਰਟੀ ਗੱਠਜੋੜ ਬਣਾਉਣ ਲਈ ਤਿਆਰ ਨਹੀਂ ਸੀ। ਇਹ ਅਜਿਹਾ ਮੋੜ ਸੀ ਕਿ ਪਾਰਟੀ ਦੇਸ਼ ਦੀਆਂ ਹੋਰ ਘੱਟ-ਗਿਣਤੀਆਂ ਦੇ ਪੱਖ ਵਿੱਚ ਖੜ੍ਹਨ ਦੇ ਥਾਂ ਭਾਜਪਾ ਦੇ ਦਾਬੇ ਹੇਠ ਹਿੰਦੂਤਵੀ ਫ਼ੈਸਲਿਆਂ ਦਾ ਵੀ ਵਿਰੋਧ ਕਰਨ ਦੀ ਹੈਸੀਅਤ ਅਤੇ ਦਲੇਰੀ ਖੋ ਬੈਠੀ।

ਫਰਵਰੀ 1997 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ-ਭਾਜਪਾ ਨੇ ਵੱਡੇ ਬਹੁਮਤ ਨਾਲ ਸਰਕਾਰ ਬਣਾਈ। ਇਸ ਦੇ ਇੱਕ ਸਾਲ ਬਾਅਦ ਆਦਮਪੁਰ ਵਿਧਾਨ ਸਭਾ ਹਲਕੇ ਦੀ ਉੱਪ ਚੋਣ ਦੇ ਨਤੀਜਿਆਂ ਨੇ ਪੰਜਾਬ ਦੇ ਸਿਆਸੀ ਅਤੇ ਧਾਰਮਿਕ ਦ੍ਰਿਸ਼ ਉੱਤੇ ਨਵੀਂ ਇਬਾਰਤ ਲਿਖ ਦਿੱਤੀ। ਅਕਾਲੀ ਉਮੀਦਵਾਰ ਚੋਣ ਹਾਰ ਗਿਆ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਇੱਕ ਬਿਆਨ ਰਾਹੀਂ ਸੁਝਾਅ ਦੇ ਦਿੱਤਾ ਕਿ ਅਕਾਲੀ ਦਲ ਘੱਟ ਗਿਣਤੀ ਦੀ ਪਾਰਟੀ ਹੈ ਇਸ ਲਈ ਕਈ ਮੁੱਦਿਆਂ ਬਾਰੇ ਸੰਵਿਧਾਨਕ ਅੜਚਣ ਕਰ ਕੇ ਮੁੱਖ ਮੰਤਰੀ ਸਟੈਂਡ ਨਹੀਂ ਲੈ ਸਕਦਾ ਤੇ ਪਾਰਟੀ ਪ੍ਰਧਾਨ ਇਹ ਭੂਮਿਕਾ ਨਿਭਾ ਸਕਦਾ ਹੈ। ਬਾਦਲ ਆਪਣੇ ਕਿਸੇ ਭਰੋਸੇਬੰਦ ਆਗੂ ਨੂੰ ਪਾਰਟੀ ਪ੍ਰਧਾਨ ਬਣਾ ਲੈਣ। ਇਸ ਬਿਆਨ ਨੇ ਅਕਾਲੀ ਸਿਆਸਤ ਵਿੱਚ ਭੂਚਾਲ ਲਿਆ ਦਿੱਤਾ। ਜਥੇਦਾਰ ਟੌਹੜਾ ਉੱਤੇ ਸਿਆਸੀ ਹਮਲੇ ਸ਼ੁਰੂ ਹੋ ਗਏ। ਸ਼੍ਰੋਮਣੀ ਕਮੇਟੀ ਵਿੱਚ ਬਹੁਗਿਣਤੀ ਦੇ ਨਾਲ ਜਥੇਦਾਰ ਟੌਹੜਾ ਨੂੰ ਐੱਸ ਜੀ ਪੀ ਸੀ ਦੀ ਪ੍ਰਧਾਨਗੀ ਅਤੇ ਭਾਈ ਰਣਜੀਤ ਸਿੰਘ ਨੂੰ ਅਕਾਲ ਤਖ਼ਤ ਦੀ ਜਥੇਦਾਰੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ। ਖ਼ਾਲਸਾ ਪੰਥ ਦਾ ਤਿੰਨ ਸੌ ਸਾਲਾ ਸਥਾਪਨਾ ਦਿਵਸ 1999 ਨੂੰ ਅਕਾਲੀ ਦਲ (ਬਾਦਲ) ਤੇ ਟੌਹੜਾ ਗਰੁੱਪ ਨੇ ਵੱਖ-ਵੱਖ ਮਨਾਇਆ। ਜਥੇਦਾਰ ਟੌਹੜਾ ਨੇ ਇਸ ਪਿੱਛੋਂ ਸਰਬ ਹਿੰਦ ਅਕਾਲੀ ਦਲ ਨਾਂਅ ਦਾ ਨਵਾਂ ਦਲ ਬਣਾ ਲਿਆ। ਕੈਪਟਨ ਅਮਰਿੰਦਰ ਸਿੰਘ ਨੂੰ 1997 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਵੱਲੋਂ ਟਿਕਟ ਨਾ ਦੇਣ ਕਰ ਕੇ ਉਹ 1998 ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਬਣ ਗਏ।

ਵਿਧਾਨ ਸਭਾ ਦੀਆਂ 2002 ਵਿੱਚ ਹੋਈਆਂ ਚੋਣਾਂ ਦੌਰਾਨ ਅਕਾਲੀ ਦਲ ਹਾਰ ਗਿਆ ਅਤੇ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੇ ਮੁੱਖ ਮੰਤਰੀ ਬਣੇ। ਸਰਬ ਹਿੰਦ ਅਕਾਲੀ ਦਲ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਇਸ ਤੋਂ ਖ਼ੁਸ਼ ਸਨ ਕਿ ਉਨ੍ਹਾਂ ਬਾਦਲ ਦਾ ਹੈਲੀਕਾਪਟਰ ਸੜਕ ਉੱਤੇ ਲਾਹ ਲਿਆ ਹੈ। ਕੈਪਟਨ ਨੇ ਆਉਂਦਿਆਂ ਸਾਰ ਹੀ ਬਾਦਲਾਂ ਦੇ ਭ੍ਰਿਸ਼ਟਾਚਾਰ ਖ਼ਿਲਾਫ਼ ਮੁਹਿੰਮ ਵਿੱਢੀ ਤੇ ਬਾਦਲ ਤੇ ਉਨ੍ਹਾਂ ਦੀ ਪਤਨੀ ਨੂੰ ਵੀ ਕੇਸ ਵਿੱਚ ਲਪੇਟ ਲਿਆ ਗਿਆ। ਉਸ ਵੇਲੇ ਇਖ਼ਲਾਕੀ ਅਤੇ ਸਿਆਸੀ ਤੌਰ ਉੱਤੇ ਡੋਲ ਗਏ ਬਾਦਲ ਪਰਿਵਾਰ ਲਈ ਟੌਹੜਾ ਸੰਜੀਵਨੀ ਬੂਟੀ ਬਣ ਕੇ ਆਏ। ਦੋਵਾਂ ਦੀ ਏਕਤਾ ਹੋ ਗਈ। ਟੌਹੜਾ ਫਿਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣਾ ਦਿੱਤੇ ਪਰ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਤਖ਼ਤਾਂ ਦੇ ਜਥੇਦਾਰ ਪੂਰੀ ਤਰ੍ਹਾਂ ਬਾਦਲ ਦੇ ਕਬਜ਼ੇ ਵਿੱਚ ਆ ਗਏ। 2007 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਨੇ ਭਾਜਪਾ ਨਾਲ ਮਿਲ ਕੇ ਸਰਕਾਰ ਬਣਾਈ। ਬਾਦਲ ਨੇ ਸੱਤਾ ਤਬਦੀਲੀ ਦੇ ਪਹਿਲੇ ਪੜਾਅ ਵਜੋਂ ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਦਲ ਦਾ ਕਾਰਜਕਾਰੀ ਪ੍ਰਧਾਨ ਤੇ ਫਿਰ 2008 ਵਿੱਚ ਪ੍ਰਧਾਨ ਬਣਾ ਦਿੱਤਾ। ਇਸ ਦੇ ਨਾਲ ਉਪ ਮੁੱਖ ਮੰਤਰੀ ਦੇ ਅਹੁਦੇ ਨਾਲ ਵੀ ਨਿਵਾਜ ਦਿੱਤਾ ਗਿਆ। ਅਕਾਲੀ ਦਲ ਦੀ ਸਿਆਸਤ ਉੱਤੇ ਪਹਿਲੀ ਵਾਰ ਪਰਿਵਾਰਕ ਰਾਜ ਦਾ ਸਰਕਲ ਪੂਰਾ ਹੋ ਗਿਆ। ਆਪਣੀ ਟੀਮ ਦੇ ਬਾਕੀ ਵੱਡੇ ਆਗੂਆਂ ਦੇ ਬੱਚੇ ਵੀ ਵਿਧਾਇਕ ਜਾਂ ਪਾਰਲੀਮੈਂਟ ਮੈਂਬਰ ਬਣਾ ਕੇ ਐਡਜਸਟ ਕਰ ਲਏ।

ਪੰਥਕ ਮੁਹਾਵਰੇ ਤੋਂ ਸੱਖਣੇ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਅਕਾਲੀ ਦਲ ਨਵੇਂ ਰੰਗ ਵਿੱਚ ਰੰਗਿਆ ਗਿਆ। ਉਨ੍ਹਾਂ ਆਪਣੇ ਆਪ ਨੂੰ ਜਥੇਦਾਰਾਨਾ ਰਵਾਇਤ ਦੇ ਥਾਂ ਸੀ ਈ ਓ ਵਜੋਂ ਪੇਸ਼ ਕਰਨ ਨੂੰ ਪਹਿਲ ਦਿੱਤੀ। 2012 ਵਿੱਚ ਲਗਾਤਾਰ ਮਿਲੀ ਦੂਜੀ ਜਿੱਤ ਨੇ ਪਾਰਟੀ ਅਤੇ ਲੀਡਰਸ਼ਿਪ ਦਾ ਹੋਰ ਤਬਦੀਲ ਕਰ ਦਿੱਤਾ। ਪਾਰਟੀ ਅਤੇ ਸਰਕਾਰ ਉੱਤੇ ਮਾਫ਼ੀਆ ਰਾਜ ਚਲਾਉਣ ਦੇ ਦੋਸ਼ ਲੱਗਣੇ ਸ਼ੁਰੂ ਹੋ ਗਏ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਪੁਲੀਸ ਗੋਲੀ ਨਾਲ ਦੋ ਸਿੱਖਾਂ ਦੀ ਮੌਤ ਬਾਰੇ ਠੋਸ ਕਾਰਵਾਈ ਨਾ ਕਰਨ ਕਰ ਕੇ ਪਹਿਲਾਂ ਹੀ ਰੇਤ, ਕੇਬਲ, ਨਸ਼ਾ, ਟਰਾਂਸਪੋਰਟ ਮਾਫ਼ੀਆ ਦੇ ਦੋਸ਼ਾਂ ਹੇਠ ਘਿਰੇ ਬਾਦਲ ਪਰਿਵਾਰ ਤੇ ਅਕਾਲੀ ਦਲ ਦੀਆਂ ਪੰਥਕ ਜੜ੍ਹਾਂ ਨੂੰ ਸਿਉਂਕ ਲੱਗ ਗਈ। ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਮਸਾਂ 14 ਸੀਟਾਂ ਉੱਤੇ ਸਿਮਟ ਗਿਆ ਤੇ ਵਿਰੋਧੀ ਧਿਰ ਵੀ ਨਾ ਬਣ ਸਕਿਆ। ਲੋਕਾਂ ਦੇ ਮੂਡ ਵਿੱਚ ਤਬਦੀਲੀ ਨੂੰ ਦੇਖ ਕੇ ਮਾਝੇ ਨਾਲ ਸਬੰਧਤ ਕਈ ਵੱਡੇ ਆਗੂਆਂ ਨੇ ਅਕਾਲੀ ਦਲ (ਟਕਸਾਲੀ) ਬਣਾ ਲਿਆ ਅਤੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇ ਚੁੱਕੇ ਸੁਖਦੇਵ ਸਿੰਘ ਢੀਂਡਸਾ ਫਿਰ ਸਰਗਰਮ ਹੁੰਦੇ ਦਿੱਸਣ ਲੱਗ ਪਏ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਆਪਣੀ ਗ਼ਲਤੀ ਜਾਂ ਕਮਜ਼ੋਰੀ ਮੰਨਣ ਦੇ ਥਾਂ ਆਗੂਆਂ ਨੂੰ ਨਾਲ ਲਿਜਾ ਕੇ ਦੋ ਵਾਰ ਦਰਬਾਰ ਸਾਹਿਬ ਬਰਤਨ ਤੇ ਜੋੜੇ ਸਾਫ਼ ਕਰਨ ਦੀ ਸੇਵਾ ਨਿਭਾ ਚੁੱਕੇ ਹਨ। ਇਹ ਸਾਰੀ ਕਾਰਵਾਈ ਭੁੱਲ ਬਖ਼ਸ਼ਾਉਣ ਤੋਂ ਵੱਧ ਡਰਾਮੇ ਵਜੋਂ ਵੱਧ ਦੇਖੀ ਜਾ ਰਹੀ ਹੈ। ਕੇਵਲ ਬਾਦਲ ਵਿਰੋਧ ਦੀਆਂ ਹੋਈਆਂ ਕੋਸ਼ਿਸ਼ਾਂ ਵੀ ਕਾਮਯਾਬ ਨਹੀਂ ਹੋਈਆਂ।

# ਚਾਅ ਭਾਸ਼ਣਾਂ ਤੇ ਉਦਘਾਟਨਾਂ ਦਾ

–ਨੂਰ ਸੰਤੋਖਪੁਰੀ

ਇਹ ਗੱਲ ਸੌ ਪ੍ਰਤੀਸ਼ਤ ਸਹੀ ਹੈ ਕਿ ਨੇਤਣੀਆਂ ਤੇ ਨੇਤਾ ਜਿੱਥੇ ਗੋਲ ਗੋਲ ਗੱਲਾਂ ਕਰਨ 'ਚ, ਵਿਚਾਰਾਂ ਦਾ ਰੋਲ ਘਚੋਲਾ ਪੈਦਾ ਕਰਨ 'ਚ, ਰੈਲੀਆਂ-ਰੈਲੇ ਕਰ-ਕਰਵਾ ਕੇ ਭਾਸ਼ਣਾਂ ਦਾ ਰੌਲਾ ਪਾਉਣ ਵਿੱਚ ਮਾਹਰ ਹੁੰਦੇ ਹਨ, ਉਥੇ ਉਹ ਕਿਸੇ ਵੀ ਥਾਂ ਯਾਨੀ ਕਿਸੇ ਵੀ ਮੌਕੇ ਕਿਸੇ ਵੀ ਕਿਸਮ ਦਾ ਉਦਘਾਟਨ 'ਦੁਰਘਾਟਨ', 'ਫਟਘਾਟਨ', 'ਲਟਘਾਟਨ', 'ਮਰਘਾਟਨ' ਆਦਿ ਕਰਨ ਲਈ ਪੱਬਾਂ ਭਾਰ ਹੋਏ ਰਹਿੰਦੇ ਹਨ। ਬੜੇ ਉਤਾਵਲੇ ਰਹਿੰਦੇ ਹਨ।

ਲੀਡਰਾਂ ਤੇ ਲੀਡਰਨੀਆਂ ਕੋਲੋਂ ਭਾਸ਼ਣਾਂ ਤੇ ਉਦਘਾਟਨਾਂ ਦਾ ਚਾਅ ਚੁੱਕਿਆ (ਸੰਭਾਲਿਆ) ਨਹੀਂ ਜਾਂਦਾ। ਛੜਿਆਂ ਨੂੰ ਆਪਣੇ ਵਿਆਹਾਂ ਦਾ ਓਨਾ ਚਾਅ ਨਹੀਂ ਹੁੰਦਾ, ਜਿੰਨਾ ਨੇਤਾਵਾਂ ਅਤੇ ਨੇਤਣੀਆਂ ਨੂੰ ਭਾਸ਼ਣਾਂ ਤੇ ਉਦਘਾਟਨਾਂ ਦਾ ਹੁੰਦਾ ਹੈ। ਕੁਝ ਨੇਤਣੀਆਂ ਤੇ ਨੇਤਾ ਇਸ ਕਾਰਨ ਛੜੀਆਂ ਤੇ ਛੜੇ ਰਹਿ ਜਾਂਦੇ ਹਨ ਕਿ ਉਹ ਦੇਸ਼ ਸੇਵਾ ਤੇ ਸਮਾਜ ਸੇਵਾ ਵਿੱਚ ਰੁੱਝੇ (ਖੁੱਭੇ) ਹੋਣ ਕਾਰਨ ਵਿਆਹ ਕਰਵਾਉਣਾ ਭੁੱਲ ਜਾਂਦੇ ਹਨ ...ਤੇ ਕਈ ਐਨਾ ਜ਼ਿਆਦਾ ਯਾਦ ਰੱਖਦੇ ਹਨ ਕਿ ਇੱਕ ਵਿਆਹ ਕਰਵਾਉਣ ਦੀ ਜਗ੍ਹਾ ਦੋ-ਦੋ, ਤਿੰਨ-ਤਿੰਨ ਵਿਆਹ ਕਰਵਾ ਲੈਂਦੇ ਹਨ। ਦੋ ਨੰਬਰ ਦੇ ਧੰਦਿਆਂ ਵਾਂਗ ਕਈ ਲੀਡਰਾਂ-ਲੀਡਰਨੀਆਂ ਨੂੰ ਦੋ ਨੰਬਰ ਦੇ ਵਿਆਹ ਵੀ ਰਾਸ ਆਉਂਦੇ ਹਨ। ਕਿਸੇ ਕਿਸਮ ਦੇ ਕਲੇਸ਼ ਤੇ 'ਕਲੈਸ਼' ਤੋਂ ਉਹ ਨਹੀਂ ਡਰਦੇ। ਰਾਜਨੀਤਕ ਤਾਕਤ ਦੀ ਵਰਤੋਂ ਹਰ ਜਗ੍ਹਾ, ਹਰ ਮਾਮਲੇ 'ਚ ਕਰਨਾ ਉਹ ਚੰਗੀ ਤਰ੍ਹਾਂ ਜਾਣਦੇ ਹਨ ਤੇ ਅੜਨ, ਰਾਹ 'ਚ ਆਕੜ ਕੇ ਖੜ੍ਹਨ ਵਾਲਿਆਂ ਦੀਆਂ ਦੁੜਕੀਆਂ, ਬਾਜ਼ੀਆਂ ਲੁਆ ਦਿੰਦੇ ਹਨ। ਪੂਛਾਂ ਚੁਕਵਾ ਦਿੰਦੇ ਹਨ।

ਜਿਵੇਂ ਪ੍ਰਵਚਨ ਕਰਤਾ ਵੱਖ-ਵੱਖ ਤਰ੍ਹਾਂ ਦੇ ਪ੍ਰਵਚਨ, ਕਥਾਵਾਚ, ਧਾਰਮਿਕ ਕਥਾਵਾਂ ਤੇ ਵਿਚਾਰ ਤੋਤਿਆਂ ਵਾਂਗ ਰੱਟ ਕੇ ਰੱਖਦੇ ਹਨ, ਉਵੇਂ ਸਿਆਸੀ ਆਗੂ ਵੱਖ-ਵੱਖ ਤਰ੍ਹਾਂ ਦੇ ਭਾਸ਼ਣ ਮੂੰਹ ਜ਼ੁਬਾਨੀ ਯਾਦ ਰੱਖਦੇ ਹਨ, ਭਾਵੇਂ ਸਕੂਲ 'ਚ ਪੜ੍ਹਦੇ ਸਮੇਂ ਕੋਈ ਪਹਾੜਾ ਮੂੰਹ-ਜ਼ੁਬਾਨੀ ਆਪਣੇ ਅਧਿਆਪਕਾਂ ਜਾਂ ਅਧਿਆਪਕਾਵਾਂ ਨੂੰ ਕਦੇ ਸੁਣਾ ਨਾ ਸਕੇ ਹੋਣ।

ਉਂਝ ਵੀ ਰਾਜਨੀਤਕ ਖੇਤਰ ਵਿੱਚ ਲੋਕਾਂ ਦੀਆਂ ਧੌਣਾਂ ਉੱਤੇ ਸੁਆਰ ਹੋਣ ਲਈ, ਭਾਵ ਕਾਮਯਾਬ ਹੋਣ ਲਈ ਤਾਲੀਮ-ਯਾਫਤਾ ਹੋਣਾ ਲਾਜ਼ਮੀ ਨਹੀਂ। ਬੱਸ, ਕੋਠੇ ਉੱਤੇ ਚੜ੍ਹਾ ਕੇ ਪੌੜੀ ਖਿੱਚਣ ਦੀ, ਵਿਰੋਧੀਆਂ ਦੀਆਂ ਲੱਤਾਂ ਖਿੱਚਣ ਦੀ, ਠਿੱਬੀ ਲਾਉਣ, ਕੈਂਚੀ ਮਾਰਨ, ਤਾਅਨੇ-ਮਿਹਣੇ ਮਾਰਨ ਦੀ, ਇਲਜ਼ਾਮ ਲਾਉਣ ਦੀ, ਚਿੱਕੜ-ਗਾਰਾ ਉਛਾਲਣ ਦੀ, ਟੋਪੀਆਂ ਤੇ ਪੱਗਾਂ ਦੇ ਰੰਗ ਵਟਾਉਣ ਦੀ, ਟੋਪੀਆਂ ਘੁਮਾਉਣ ਦੀ ਕਲਾ (ਯੋਗਤਾ) ਹੋਣੀ ਬਹੁਤ ਜ਼ਰੂਰੀ ਹੈ। ਜਿਹੜੇ ਸਿਆਸੀ ਠੇਕੇਦਾਰ ...ਸੌਰੀ, ਆਗੂ ਭਾਸ਼ਣ ਤੋਤਿਆਂ ਵਾਂਗ ਰਟ ਨਹੀਂ ਸਕਦੇ, ਉਹ ਆਪਣੇ ਪੜ੍ਹੇ-ਲਿਖੇ ਨਿੱਜੀ ਸਹਾਇਕਾਂ ਤੋਂ ਲਿਖਵਾ ਕੇ ਆਪਣੇ ਕੁੜਤਿਆਂ ਦੀਆਂ ਜੇਬਾਂ ਵਿੱਚ ਤੁੰਨ ਰੱਖਦੇ ਹਨ। ਕਈ ਛੋਟੀਆਂ ਕੈਂਚੀਆਂ ਵੀ ਆਪਣੇ ਕੋਲ ਰੱਖਦੇ ਹਨ ਕਿ ਕਿਤੇ ਕਿਸੇ ਉਦਘਾਟਨ ਦਾ ਮੌਕਾ ਮਿਲ ਜਾਵੇ ਤੇ ਰਿਬਨ ਕੱਟਣ ਲਈ ਕੋਈ ਕੈਂਚੀ ਹੀ ਨਾ ਲੱਭੇ। ਨਾ ਭਾਸ਼ਣ ਦੇਣ ਦਾ ਮਜ਼ਾ ਆਵੇ ਤੇ ਨਾ ਹੀ ਉਦਘਾਟਨ ਕਰਨ ਦਾ ਚਾਅ ਪੂਰਾ ਹੋਵੇ। ਆਗੂ ਆਪਣੇ ਕੋਲ ਸੂਈਆਂ ਨਹੀਂ ਰੱਖਦੇ।

ਬਿਨਾਂ ਵਿਉਂਤਬੰਦੀ ਤੋਂ ਤਿਆਰ ਕੀਤੇ ਕਿਸੇ ਪੁਲ ਦਾ ਜਾਂ ਕਿਸੇ ਸੜਕ ਦਾ ਕਿਸੇ ਨੇਤਾ ਜਾਂ ਨੇਤਣੀ ਵੱਲੋਂ ਕਾਹਲੀ ਵਿੱਚ (ਸਿਹਰਾ ਲੈਣ ਖਾਤਰ) ਕੀਤਾ ਗਿਆ ਉਦਘਾਟਨ ਉਦੋਂ 'ਦੁਰਘਾਟਨ' ਸਿੱਧ ਹੋਣ ਲੱਗਦਾ ਹੈ, ਜਦੋਂ ਆਵਾਜਾਈ ਲਈ ਚਾਲੂ ਹੋਣ ਉਪਰੰਤ ਉਸ ਪੁਲ ਜਾਂ ਸੜਕ ਉਪਰ ਦੁਰਘਟਨਾ-ਦਰ-ਦੁਰਘਟਨਾ ਹੋਣ ਲੱਗ ਪਏ। ਅਣਆਈ ਮੌਤ ਮਰ-ਮਰ ਕੇ ਰੂਹਾਂ ਧਰਤੀ ਤੋਂ ਜਾ-ਜਾ ਕੇ ਧਰਮਰਾਜ ਦਾ ਦਰ ਖੜਕਾਉਣ ਲੱਗ ਜਾਣ। 'ਫਟਘਾਟਨ' ਫਟਾਫਟ ਕੀਤਾ ਗਿਆ ਉਦਘਾਟਨ ਹੁੰਦਾ ਹੈ। ਇਸ ਲਈ ਕਿਸੇ ਨੂੰ ਆਪਣੇ ਧੀਆਂ-ਪੁੱਤਰਾਂ ਦੇ ਵਿਆਹਾਂ ਮੌਕੇ ਵੀ ਕਿਸੇ ਲੀਡਰ-ਸ਼ੀਡਰ ਨੂੰ ਸੋਚ-ਸਮਝ ਕੇ ਸੱਦਣਾ ਚਾਹੀਦਾ ਹੈ। ਕੀ ਪਤਾ ਲੀਡਰਨੁਮਾ ਕੋਈ ਬੰਦਾ ਕੁਬੰਦਾ ਆਪਣੀ ਜੇਬ ਵਿੱਚੋਂ ਕੈਂਚੀ ਕੱਢ ਕੇ ਰਿਬਨ ਕੱਟਣ ਦੀ ਰਸਮ ਦਾ ਉਦਘਾਟਨ ਸਮਝ ਕੇ ਲਾੜੇ ਤੋਂ ਪਹਿਲਾਂ ਹੀ ਰਿਬਨ ਕੱਟ ਕੇ 'ਔਹ ਜਾਵੇ-ਔਹ ਜਾਵੇ' ਹੋ ਜਾਵੇ। ਕਿਸੇ ਵੀ ਸਮਾਗਮ ਮੌਕੇ ਬੰਨ੍ਹਿਆਂ ਜਾਂ ਫੜਿਆ ਰਿਬਨ ਕੱਟ ਕੇ ਰਿਬਨ ਕੱਟਣ ਦਾ ਚਾਅ ਲੀਡਰਾਂ-ਸ਼ੀਡਰਾਂ ਕੋਲੋਂ ਚੁੱਕਿਆ ਨਹੀਂ ਜਾਂਦਾ। ਰੰਗ ਵਿੱਚ ਭੰਗ ਪੈ ਸਕਦੀ ਹੈ। ਲੋੜੀਂਦੇ ਫੰਡ ਦੀ ਘਾਟ ਕਾਰਨ ਕਈ ਪ੍ਰੋਜੈਕਟਾਂ ਦੇ ਨੀਂਹ ਪੱਥਰ ਧਰੇ-ਧਰਾਏ ਰਹਿ ਜਾਂਦੇ ਹਨ। ਕੁਝ ਪ੍ਰੋਜੈਕਟ ਪੂਰੀ ਤਰ੍ਹਾਂ ਤਿਆਰ ਨਹੀਂ ਹੋਏ ਹੁੰਦੇ ਤੇ ਉਨ੍ਹਾਂ ਦੇ ਅੱਧ-ਵਿਚਾਲੇ ਕੀਤੇ ਉਦਘਾਟਨ ਫਿਰ ਲਟਘਾਟਨ ਸਿੱਧ ਹੁੰਦੇ ਹਨ, ਜਦੋਂ ਉਨ੍ਹਾਂ ਦੇ ਮੁਕੰਮਲ ਹੋਣ ਦਾ ਕੰਮ ਲਟਕਦਾ ਹੀ ਚਲਿਆ ਜਾਂਦਾ ਹੈ।

ਇੱਕ ਵਾਰ ਇੱਕ ਸ਼ਹਿਰ ਵਿੱਚ ਮੁਰਦਿਆਂ ਦੇ ਅੰਤਿਮ ਸਸਕਾਰ ਲਈ ਐਲ ਪੀ ਜੀ ਗੈਸ ਨਾਲ ਚੱਲਣ ਵਾਲੀ ਆਧੁਨਿਕ ਮਸ਼ੀਨ ਫਿੱਟ ਕਰਵਾਉਣ ਤੇ ਇਸ ਲਈ ਇਮਾਰਤ ਉਸਾਰਨ ਦਾ ਕੰਮ ਮੁਕਾ ਕੇ ਉਥੋਂ ਦੀ ਪ੍ਰਬੰਧਕ ਕਮੇਟੀ ਨੇ ਉਦਘਾਟਨ ਸੰਬੰਧੀ ਸਮਾਗਮ ਦਾ ਨਾ ਸਿਰਫ ਪ੍ਰੋਗਰਾਮ ਜਾਰੀ ਕਰ ਦਿੱਤਾ, ਸਗੋਂ ਉਦਘਾਟਨੀ ਪੱਥਰ ਵੀ ਲਾ ਦਿੱਤਾ ਅਤੇ ਪ੍ਰਬੰਧਕ ਕਮੇਟੀ ਵੱਲੋਂ ਉਚੇਚੇ ਤੌਰ 'ਤੇ ਸੱਦੀ ਗਈ ਇੱਕ ਨੇਤਣੀ ਬੀਬੀ ਨੇ ਉਸ ਨਵੀਂ ਸ਼ਮਸ਼ਾਨਘਾਟ ਦਾ ਉਦਘਾਟਨ ਕਰ ਦਿੱਤਾ। ਸੱਦੇ ਗਏ ਜਿਊਂਦੇ ਜਾਗਦੇ ਲੋਕਾਂ ਤੇ ਪ੍ਰੈੱਸ ਰਿਪੋਰਟਰਾਂ ਵੱਲੋਂ ਇਸ ਉਦਘਾਟਨ ਨੂੰ ਮਰਘਾਟਨ ਕਹਿਣ 'ਤੇ ਉਦਘਾਟਨੀ ਪੱਥਰ 'ਤੇ ਚੇਪੀ ਲਾ ਕੇ 'ਸਮਾਜ ਨੂੰ ਸਮਰਪਿਤ' ਸ਼ਬਦ ਲਿਖ ਦਿੱਤੇ ਗਏ।

# ਹਲਕਾ ਫੁਲਕਾ

ਪਤੀ ਵਾਲ ਕਟਵਾ ਕੇ ਘਰ ਮੁੜਿਆ ਅਤੇ ਪਤਨੀ ਨੂੰ ਕਹਿਣ ਲੱਗਾ, ''ਦੇਖ ਭਾਗਵਾਨੇ, ਮੈਂ ਤੇਰੇ ਨਾਲੋਂ 10 ਸਾਲ ਛੋਟਾ ਲੱਗਦਾ ਹਾਂ ਜਾਂ ਨਹੀਂ?''

ਹਾਜ਼ਰ-ਜਵਾਬ ਪਤਨੀ ਬੋਲੀ, ''ਮੁੰਡਨ ਕਰਵਾ ਲਓ, ਅਜਿਹਾ ਲੱਗੇਗਾ, ਤਾਜ਼ਾ-ਤਾਜ਼ਾ ਪੈਦਾ ਹੋਏ ਹੋ।''

*********

ਗੋਪੀ, ''ਗਰਲ ਫਰੈਂਡ ਬਣਾਉਣ ਲਈ ਮੇਰੇ ਵਿੱਚ ਕੀ ਹੋਣਾ ਚਾਹੀਦਾ ਹੈ?''

ਕਮਲ, ''ਕਿਸਮਤ।''

ਗੋਪੀ, ''...ਅਤੇ ਸ਼ਕਲ?''

ਕਮਲ, ''ਉਹ ਤਾਂ ਤੇਰੀ ਖਰਾਬ ਹੈ, ਇਸੇ ਲਈ ਕਿਸਮਤ ਕਿਹਾ ਹੈ।''

*********

ਇੱਕ ਹਰਿਆਣਵੀ ਤਾਊ ਮਰਨ ਕੰਢੇ ਪਹੁੰਚ ਗਿਆ।

ਘਰ ਵਾਲਿਆਂ ਨੇ ਕਿਹਾ, ''ਤਾਊ, ਆਖਰੀ ਸਮਾਂ ਆ ਗਿਆ, ਅੱਜ ਤਾਂ ਰੱਬ ਦਾ ਨਾਂਅ ਲੈ ਲੈ।''

ਤਾਊ ਬੋਲਿਆ, ''ਐਸ ਵੇਲੇ ਨਾਂਅ ਕੀ ਲੈਣਾ, 10-15 ਮਿੰਟ ਬਾਅਦ ਆਹ-ਮਣਾ-ਸਾਹਮਣਾ ਹੋ ਹੀ ਜਾਵੇਗਾ।''

********

ਇੱਕ ਕੁੜੀ ਨੇ ਆਪਣਾ ਮੰਗੇਤਰ ਸਹੇਲੀ ਨੂੰ ਦਿਖਾਇਆ ਤਾਂ ਸਹੇਲੀ ਬੋਲੀ, ''ਮੁੰਡਾ ਤਾਂ ਠੀਕ-ਠਾਕ ਹੈ, ਪਰ ਜਦੋਂ ਹੱਸਦਾ ਹੈ, ਇਸ ਦੇ ਦੰਦ ਬਿਲਕੁਲ ਚੰਗੇ ਨਹੀਂ ਲੱਗਦੇ।''

ਕੁੜੀ ਬੋਲੀ, ''ਉਂਝ ਵੀ ਮੈਂ ਵਿਆਹ ਤੋਂ ਬਾਅਦ ਇਸ ਨੂੰ ਹੱਸਣ ਦਾ ਮੌਕਾ ਨਹੀਂ ਦੇਣ ਲੱਗੀ।''

********

ਇੱਕ ਆਦਮੀ ਦੀ ਪਤਨੀ ਮਰ ਗਈ। ਸ਼ੋਕ ਸਭਾ ਵਿੱਚ ਆਏ ਇੱਕ ਦੋਸਤ ਨੇ ਪੁੱਛਿਆ, ''ਕਿਵੇਂ ਹੋਇਆ ਇਹ?''

ਆਦਮੀ, ''ਕੁਝ ਨਹੀਂ, ਚਾਹ ਪੀ ਰਹੀ ਸੀ ਅਤੇ ਅਚਾਨਕ...।''

ਦੋਸਤ, ''ਕੀ ਉਹ ਵਾਲੀ ਚਾਹ ਪੱਤੀ ਬਚੀ ਹੈ?''

********

ਪਤਨੀ (ਪਤੀ ਨੂੰ), ''ਮੈਂ ਬਚਾਂਗੀ ਨਹੀਂ, ਮਰ ਜਾਵਾਂਗੀ।''

ਪਤੀ, ''ਮੈਂ ਵੀ ਮਰ ਜਾਵਾਂਗੀ ਪਾਗਲ।''

ਪਤਨੀ, ''ਮੈਂ ਤਾਂ ਬੀਮਾਰ ਹਾਂ, ਇਸ ਲਈ ਮਰ ਜਾਵਾਂਗੀ। ਤੁਸੀਂ ਕਿਉਂ ਮਰੋਗੇ ਭਲਾ?''

ਪਤੀ, ''ਮੈਂ ਇੰਨੀ ਖ਼ੁਸ਼ੀ ਬਰਦਾਸ਼ਤ ਨਹੀਂ ਕਰ ਸਕਦਾ।''





## ਅਫਗਾਨਿਸਤਾਨ ਬਾਰੇ ਕੈਪਟਨ ਅਮਰਿੰਦਰ ਦੇ ਸਵਾਲ ਉੱਤੇ ਬ੍ਰਿਟੇਨ ਦੇ ਫੌਜੀ ਅਫਸਰ ਨਿਰਉਤਰ

ਚੰਡੀਗੜ੍ਹ, 16 ਦਸੰਬਰ (ਪੋਸਟ ਬਿਊਰੋ)- ਮਿਲਟਰੀ ਲਿਟਰੇਚਰ ਫੈਸਟੀਵਲ ਵਿੱਚ ਬ੍ਰਿਟਿਸ਼ ਫੌਜ ਦੇ ਅਫਸਰ ਕੱਲ੍ਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਵਾਲ ਅੱਗੇ ਨਿਰ ਉਤਰ ਹੋ ਗਏ।

ਸੋਲਜਰ ਟੂ ਸੋਲਜਰ ਡਾਇਲਾਗ ਦੇ ਦੌਰਾਨ ਇੰਗਲੈਂਡ ਦੇ ਫੌਜੀ ਅਧਿਕਾਰੀਆਂ ਨਾਲ ਕੈਪਟਨ ਅਮਰਿੰਦਰ ਸਿੰਘ ਨੇ ਮੰਚ ਸਾਂਝਾ ਕੀਤਾ ਤਾਂ ਇਸ ਮੌਕੇ ਉਨ੍ਹਾਂ ਨੇ ਸਿੱਖ ਰੈਜੀਮੈਂਟ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਉਨ੍ਹਾਂ ਨੇ ਅਫਗਾਨਿਸਤਾਨ ਦੀਆਂ ਪਹਾੜੀਆਂ ਵਿੱਚ ਇੰਗਲੈਂਡ ਦੀ ਫੌਜ ਦੇ ਜਾਣ ਉੱਤੇ ਵੀ ਸਵਾਲ ਉਠਾ ਦਿੱਤਾ। ਮੁੱਖ ਮੰਤਰੀ ਨੇ ਕਿਹਾ, ਅੱਜ ਤੱਕ ਦੋ ਵਾਰ ਐਂਗਲੋ-ਅਫਗਾਨ ਜੰਗ ਹੋਈ ਹੈ। ਮਹਾਰਾਜਾ ਰਣਜੀਤ ਸਿੰਘ ਨੇ ਵੀ ਅਫਗਾਨਿਸਤਾਨ ਨਾਲ ਜੰਗ ਲੜੀ, ਪਰ ਉਨ੍ਹਾਂ ਦੀ ਨੀਤੀ ਦਾ ਹਿੱਸਾ ਸੀ ਕਿ ਉਹ ਕਦੇ ਜੰਗ ਪਹਾੜੀਆਂ ਵਿੱਚ ਨਹੀਂ ਲੜਦੇ ਸਨ। ਉਨ੍ਹਾਂ ਨੇ ਅਫਗਾਨਿਸਤਾਨ ਨਾਲ ਜਦ ਵੀ ਜੰਗ ਲੜੀ ਤਾਂ ਮੈਦਾਨੀ ਇਲਾਕਿਆਂ ਵਿੱਚ ਲੜੀ। ਇਹ ਉਨ੍ਹਾਂ ਦੀ ਰਣਨੀਤੀ ਦਾ ਹਿੱਸਾ ਸੀ, ਕਿਉਂਕਿ ਅਫਗਾਨੀ ਲੜਾਕਾ ਕੌਮ ਹੈ। ਮੁੱਖ ਮੰਤਰੀ ਨੇ ਸਵਾਲ ਕੀਤਾ ਕਿ ਬ੍ਰਿਟਿਸ਼ ਫੌਜ ਨੇ ਐਂਗਲੋ-ਅਫਗਾਨ ਜੰਗ ਤੋਂ ਸਬਕ ਕਿਉਂ ਨਾ ਲਿਆ। ਆਖਰ ਉਹ ਅਫਗਾਨਿਸਤਾਨ ਵਿੱਚ ਕਿਵੇਂ ਫਸ ਗਏ?

ਇਸ ਉੱਤੇ ਇੰਗਲੈਂਡ ਦੇ ਅਧਿਕਾਰੀਆਂ ਨੇ ਕਿਹਾ, ਅਸੀਂ ਫੌਜੀ ਹਾਂ। ਰਣਨੀਤਕ ਫੈਸਲੇ ਲੈਣ ਦਾ ਸਾਡਾ ਅਧਿਕਾਰ ਨਹੀਂ ਹੈ। ਵਰਨਣ ਯੋਗ ਹੈ ਕਿ ਨਾਟੋ ਮਿਸ਼ਨ ਦੇ ਤਹਿਤ ਇੰਗਲੈਂਡ ਨੇ ਆਪਣੀਆਂ ਫੌਜਾਂ ਅਫਗਾਨਿਸਤਾਨ ਭੇਜੀਆਂ ਸਨ। ਇਸ ਸੈਮੀਨਾਰ ਮੌਕੇ ਬ੍ਰਿਟਿਸ਼ ਫੌਜ ਦੇ ਬ੍ਰਿਗੇਡੀਅਰ ਗੇਵਿਨ ਥਾਮਸਨ, ਬ੍ਰਿਗੇਡੀਅਰ ਸੀਲੀਆ ਹਾਰਵੀ, ਕੈਪਟਨ ਜੇ ਐੱਸ ਸੋਹਲ ਆਦਿ ਮੌਜੂਦ ਸਨ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਭਾਰਤੀ ਫੌਜ ਦੇ ਆਪਣੇ ਟ੍ਰੈਡੀਸ਼ਨ ਹਨ, ਪਰੰਤੂ ਕੁਝ ਚੀਜ਼ਾਂ ਅਸੀਂ ਇੰਗਲੈਂਡ ਦੀ ਫੌਜ ਤੋਂ ਵੀ ਸਿੱਖੀਆਂ ਹਨ।

## ਪੰਜਾਬ ਵਿੱਚ ਖਾਲਿਸਤਾਨ ਦੇ ਲਈ ਕੋਈ ਜਗ੍ਹਾ ਹੀ ਨਹੀਂ: ਰਿਪੁਦਮਨ ਮਲਿਕ

### * ਮਲਿਕ ਨੇ ਰੈਫਰੈਂਡਮ 2020 ਨੂੰ ਵੀ ਸਿਰੇ ਤੋਂ ਨਕਾਰਿਆ

ਚੰਡੀਗੜ੍ਹ, 16 ਦਸੰਬਰ (ਪੋਸਟ ਬਿਊਰੋ)- ਕਿਸੇ ਸਮੇਂ ਖਾਲਿਸਤਾਨ ਦੇ ਸਮਰਥਕ ਗਿਣੇ ਜਾਂਦੇ ਰਹੇ ਬ੍ਰਿਟਿਸ਼ ਕੋਲੰਬੀਆ ਦੇ ਸਿੱਖ ਆਗੂ ਅਤੇ ਕਾਰੋਬਾਰੀ ਰਿਪੁਦਮਨ ਸਿੰਘ ਮਲਿਕ ਨੇ ਕਿਹਾ ਹੈ ਕਿ ਖਾਲਿਸਤਾਨ ਦੇ ਲਈ ਪੰਜਾਬ ਵਿੱਚ ਕੋਈ ਜਗ੍ਹਾ ਨਹੀਂ ਹੈ। ਇੱਕ ਟੀ ਵੀ ਚੈਨਲ ਨੂੰ ਦਿੱਤੀ ਇੰਟਰਵਿਊ ਵਿੱਚ ਉਨ੍ਹਾ ਕਿਹਾ ਕਿ ਜੇ ਖਾਲਿਸਤਾਨ ਲਈ ਪਾਕਿਸਤਾਨ ਵਿੱਚ ਜੇ ਕੋਈ ਜਗ੍ਹਾ ਹੈ ਤਾਂ ਉਸ ਦਾ ਉਨ੍ਹਾਂ ਨੂੰ ਨਹੀਂ ਪਤਾ, ਕਿਉਂਕਿ ਉਹ ਉਥੇ ਕਦੇ ਗਏ ਨਹੀਂ, ਪਰ ਭਾਰਤੀ ਪੰਜਾਬ ਵਿੱਚ ਦੋ ਹਫਤੇ ਬਿਤਾਏ ਹਨ ਅਤੇ ਉਸ ਪਿੱਛੋਂ ਕਹਿ ਸਕਦਾ ਹਾਂ ਕਿ ਏਥੇ ਖਾਲਿਸਤਾਨ ਲਈ ਕੋਈ ਜਗ੍ਹਾ ਨਹੀਂ ਹੈ।

ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਵਿੱਚ ਰਹਿੰਦੇ ਰਿਪੁਦਮਨ ਸਿੰਘ ਮਲਿਕ ਨੂੰ ਏਅਰ ਇੰਡੀਆ ਦੀ ਉਡਾਣ ਦੇ ਜਹਾਜ਼ ਕਨਿਸ਼ਕ ਨੂੰ 23 ਜੂਨ 1985 ਵਿੱਚ ਬੰਬ ਨਾਲ ਉਡਾ ਦੇਣ ਵਿੱਚ ਸ਼ੱਕੀ ਮੰਨਿਆ ਜਾਂਦਾ ਸੀ। ਇਹ ਜਹਾਜ਼ ਕੈਨੇਡਾ ਤੋਂ ਭਾਰਤ ਆ ਰਿਹਾ ਸੀ ਤੇ ਇਸ ਜਹਾਜ਼ ਦੇ ਸਮੁੰਦਰ ਵਿੱਚ ਡਿੱਗਣ ਕਾਰਨ ਇਸ ਦੇ ਸਵਾਰ ਸਾਰੇ 331 ਲੋਕ ਮਾਰੇ ਗਏ ਸਨ। ਰਿਪੁਦਮਨ ਸਿੰਘ ਮਲਿਕ ਸਾਲ 2000 ਤੋਂ ਲੈ ਕੇ 2004 ਤੱਕ ਜੇਲ੍ਹ ਵਿੱਚ ਰਹੇ ਸਨ ਅਤੇ 2005 ਵਿਚ ਇਸ ਕੇਸ ਵਿੱਚ ਅਜੈਬ ਸਿੰਘ ਬਾਗੜੀ ਸਮੇਤ ਬਰੀ ਹੋਏ ਸਨ। ਇਸ ਕੇਸ ਵਿੱਚ ਸਿਰਫ ਇੰਦਰਜੀਤ ਸਿੰਘ ਰੈਅਤ ਨੂੰ ਸਜ਼ਾ ਹੋਈ ਸੀ ਤੇ ਇਸ ਕੇਸ ਦਾ ਇੱਕ ਹੋਰ ਸ਼ੱਕੀ ਤਲਵਿੰਦਰ ਸਿੰਘ ਪਰਮਾਰ ਪੰਜਾਬ ਵਿੱਚ 1992 ਵਿੱਚ ਆਇਆ ਮਾਰਿਆ ਗਿਆ ਸੀ। ਰਿਪੁਦਮਨ ਸਿੰਘ ਮਲਿਕ 1995 ਵਿੱਚ ਭਾਰਤ ਆਪਣੇ ਪਿਤਾ ਦੀ ਮੌਤ ਦਾ ਬਾਅਦ ਆਇਆ ਸੀ ਅਤੇ 25 ਸਾਲ ਬਾਅਦ ਉਹ ਫਿਰ ਭਾਰਤ ਆਇਆ ਹੈ। ਉਸ ਦਾ ਨਾਂਅ ਪਿੱਛੇ ਜਿਹੇ ਕਾਲੀ ਸੂਚੀ ਵਿੱਚੋਂ ਕੱਢਿਆ ਗਿਆ ਹੈ। ਪਿਛਲੇ ਕੁਝ ਦਿਨਾਂ ਤੋਂ ਉਹ ਦਿੱਲੀ ਆਪਣੇ ਭਰਾ ਜਸਜੀਤ ਸਿੰਘ ਕੋਲ ਠਹਿਰਾਇਆ



ਹੋਇਆ ਸੀ। ਉਸ ਦੀ ਇੱਛਾ ਦਰਬਾਰ ਸਾਹਿਬ ਮੱਥਾ ਟੇਕਣ ਦੀ ਸੀ ਤੇ ਉਹ ਪੂਰੀ ਹੋ ਗਈ ਹੈ। ਉਸ ਦੇ ਭਰਾ ਨੇ ਕਿਹਾ ਕਿ ਮਲਿਕ ਕਿਸੇ ਸਰਕਾਰੀ ਅਫਸਰ ਨੂੰ ਨਹੀਂ ਮਿਲਿਆ, ਪਰ ਕੁਝ ਲੋਕ ਕਹਿ ਰਹੇ ਸਨ ਕਿ ਉਹ ਕੇਂਦਰ ਸਰਕਾਰ ਦੀ ਮਦਦ ਨਾਲ ਭਾਰਤ ਆਇਆ ਹੈ। ਉਸ ਦੇ ਭਰਾ ਨੇ ਇਸ ਯਾਤਰਾ ਦੌਰਾਨ ਮਲਿਕ ਵੱਲੋਂ ਕਿਸੇ ਅਫਸਰ ਨੂੰ ਮਿਲਣ ਦੀ ਗੱਲ ਤੋਂ ਇਨਕਾਰ ਕੀਤਾ ਹੈ।

ਇਸ ਦੌਰਾਨ ਰੈਫਰੈਂਡਮ 2020 ਨੂੰ ਸਿਰੇ ਤੋਂ ਨਕਾਰਦੇ ਹੋਏ ਰਿਪੁਦਮਨ ਸਿੰਘ ਮਲਿਕ ਨੇ ਸਾਫ ਕਿਹਾ ਕਿ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਵਿੱਚ ਰੈਫਰੈਂਡਮ ਕਰਾਉਣ ਦੀ ਕੋਈ ਤੁਕ ਨਹੀਂ ਤੇ ਮੇਰਾ ਇਸ ਰੈਫਰੈਂਡਮ ਨਾਲ ਕੋਈ ਵਾਸਤਾ ਨਹੀਂ, ਜੇ ਇਹ ਪੰਜਾਬ ਵਿੱਚ ਕਰਾਇਆ ਜਾਵੇ ਤਾਂ ਇਸ ਦਾ ਕੋਈ ਅਸਰ ਨਹੀਂ ਪੈਣਾ। ਭਾਰਤ ਸਰਕਾਰ ਤੇ ਪਾਕਿਸਤਾਨ ਸਰਕਾਰ ਦਾ ਕਰਤਾਰਪੁਰ ਕਾਰੀਡੋਰ ਬਣਾਉਣ ਲਈ ਧੰਨਵਾਦ ਕਰਦੇ ਹੋਏ ਮਲਿਕ ਨੇ ਕਿਹਾ ਕਿ ਚੰਗੀ ਗੱਲ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਤੇ ਪਾਕਿਸਤਾਨ ਦੋਸਤ ਬਣ ਜਾਣ, ਇਸ ਨਾਲ ਦੋਵਾਂ ਦੇਸ਼ਾਂ ਵਿੱਚ ਖੁਸ਼ਹਾਲੀ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਉਹ ਕਦੇ ਪਾਕਿਸਤਾਨ ਨਹੀਂ ਗਏ, ਇਸ ਲਈ ਉਨ੍ਹਾਂ ਨੂੰ ਭਾਰਤ ਅਤੇ ਪਾਕਿਸਤਾਨ ਦੀ ਰਾਜਨੀਤੀ ਦਾ ਬਹੁਤਾ ਨਹੀਂ ਪਤਾ।

ਸ੍ਰੀ ਹਰਮੰਦਰ ਸਾਹਿਬ ਵਿਖੇ ਹੋਏ ਫੌਜੀ ਆਪਰੇਸ਼ਨ ਕਰਨ ਵਾਲਿਆਂ ਦੇ ਖਿਲਾਫ ਕਾਰਵਾਈ ਦੇ ਕਰਨ ਬਾਰੇ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਉਹ ਬਹੁਤ ਦੁਖਦਾਈ ਸੀ ਤੇ ਉਸ ਕਾਰਨ ਸਿੱਖ ਭਾਈਚਾਰੇ ਨੂੰ ਬਹੁਤ ਦੁੱਖ ਹੋਇਆ ਸੀ, ਪਰ ਇਸ ਗੱਲ ਨੂੰ 35 ਸਾਲ ਹੋ ਚੁੱਕੇ ਹਨ ਤੇ ਅੱਜ ਅੱਗੇ ਵਧਣ ਦਾ ਸਮਾਂ ਹੈ। ਉਨ੍ਹਾ ਕਿਹਾ ਕਿ ਫੌਜੀ ਹਮਲੇ ਦੇ ਬਾਰੇ ਕੇਂਦਰ ਸਰਕਾਰ ਮੁਆਫੀ ਮੰਗੇ ਅਤੇ ਜਿਹੜੇ ਸਿੱਖ ਕੈਦੀ ਅਜੇ ਵੀ ਜੇਲ੍ਹਾਂ ਵਿੱਚ ਹਨ, ਉਨ੍ਹਾਂ ਨੂੰ ਛੱਡ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਆਪਣੇ ਪਰਵਾਰਾਂ ਨੂੰ ਮਿਲਣ ਦਾ ਮੌਕਾ ਦੇਣਾ ਚਾਹੀਦਾ ਹੈ।

ਵਰਨਣ ਯੋਗ ਹੈ ਕਿ ਆਰ ਐੱਸ ਐੱਸ ਦੀ ਸਿੱਖ ਜਥੇਬੰਦੀ ਰਾਸ਼ਟਰੀ ਸਿੱਖ ਸੰਗਤ ਲੰਬੇ ਸਮੇਂ ਤੋਂ ਖਾਲਿਸਤਾਨ ਪੱਖੀ ਲੋਕਾਂ ਨੂੰ ਮੁਖ-ਧਾਰਾ ਵਿੱਚ ਲਿਆਉਣ ਲਈ ਕੰਮ ਕਰ ਰਹੀ ਹੈ। ਇਹ ਯਤਨ ਪਹਿਲਾਂ ਇੰਗਲੈਂਡ ਤੋਂ ਸ਼ੁਰੂ ਹੋਏ ਸਨ। ਜਦ ਲਾਲ ਕ੍ਰਿਸ਼ਨ ਅਡਵਾਨੀ ਗ੍ਰਹਿ ਮੰਤਰੀ ਸਨ, ਤਾਂ ਕੁਝ ਲੋਕਾਂ ਦੇ ਨਾਂਅ ਕਾਲੀ ਸੂਚੀ ਵਿੱਚੋਂ ਕੱਢੇ ਗਏ ਸਨ। ਸੂਤਰਾਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਨੇ ਰੈਫਰੈਂਡਮ 2020 ਨੂੰ ਕਾਊਂਟਰ ਕਰਨ ਲਈ ਵਿਦੇਸ਼ ਵਿੱਚ ਭਾਰਤੀ ਦੂਤਘਰਾਂ ਨੂੰ ਭਾਰਤ ਵਿਰੋਧੀ ਕਾਰਵਾਈਆਂ ਵਿੱਚ ਸ਼ਾਮਲ ਸਿੱਖ ਨੇਤਾਵਾਂ ਨੂੰ ਮੁੱਖਧਾਰਾ ਵਿੱਚ ਲਿਆਉਣ ਲਈ ਕੰਮ ਕਰਨ ਨੂੰ ਕਿਹਾ ਹੈ।

## ਪਿਤਾ ਦੀ ਜ਼ਿੱਦ ਨੇ ਖੁਸ਼ੀ ਨੂੰ ਇਨਾਮ ਜੇਤੂ ਮੁੱਕੇਬਾਜ਼ ਬਣਾਇਆ

ਪਟਿਆਲਾ, 16 ਦਸੰਬਰ (ਪੋਸਟ ਬਿਊਰੋ)- ਪੰਜ ਫੁੱਟ 10 ਇੰਚ ਕੱਦ ਵਾਲੀ ਮੁੱਕੇਬਾਜ਼ ਖੁਸ਼ੀ ਜਦੋਂ ਰਿੰਗ ਵਿੱਚ ਉਤਰਦੀ ਹੈ ਤਾਂ ਵਿਰੋਧੀਆਂ ਲਈ ਮੁਸ਼ਕਲ ਪੈਦਾ ਕਰ ਦਿੰਦੀ ਹੈ। 17 ਸਾਲ ਦੀ ਉਮਰ ਵਿੱਚ ਦੇਸ਼ ਲਈ ਚਾਰ ਅੰਤਰਰਾਸ਼ਟਰੀ ਮੈਡਲ ਹਾਸਲ ਕਰ ਚੁੱਕੀ ਇਸ ਮੁੱਕੇਬਾਜ਼ ਦਾ ਸਫਰ ਬਾਕਸਿੰਗ ਵਿੱਚ ਆਉਣ ਤੋਂ ਪਹਿਲਾਂ ਦਿਲਚਸਪ ਰਿਹਾ ਹੈ।

ਸਿਰਸਾ ਦੇ ਪੱਛੜੇ ਇਲਾਕੇ ਤੋਂ ਆਈ ਖੁਸ਼ੀ ਨੂੰ ਉਥੇ ਦੇ ਲੋਕਾਂ ਨੇ ਪਹਿਲਾਂ ਖੇਡਾਂ ਵਿੱਚ ਆਉਣ ਤੋਂ ਰੋਕਿਆ ਤੇ ਫਿਰ ਪਿਤਾ ਜਗਸੀਰ ਸਿੰਘ ਦੀ ਜ਼ਿੱਦ ਸੀ ਕਿ ਬੇਟੀ ਨੂੰ ਅੱਗੇ ਵਧਾਉਣਾ ਹੈ ਤਾਂ ਉਹ 2011 ਵਿੱਚ ਪਟਿਆਲਾ ਆ ਗਏ। ਘਰ ਦਾ ਖਰਚਾ ਚਲਾਉਣ ਲਈ ਇਥੇ ਇੱਕ ਦੁਕਾਨ 'ਤੇ ਹੈਲਪਰ ਲੱਗੇ ਅਤੇ ਸਵਾਲ ਇਹ ਉਠਿਆ ਕਿ ਉਹ ਬੇਟੀ ਨੂੰ ਕਿਸ ਖੇਡ ਨਾਲ ਸ਼ੁਰੂਆਤ ਕਰਾਉਣ। ਇਸ ਵਿੱਚ ਕੁਝ ਸਮਾਂ ਨਿਕਲ ਗਿਆ ਅਤੇ ਫਿਰ ਬੇਟੀ ਦੀ ਦਿਲਚਸਪੀ ਸਕੇਟਿੰਗ ਵਿੱਚ ਦਿਸੀ। ਪਿਤਾ ਨੇ ਸਕੇਟਿੰਗ ਸ਼ੁਰੂ ਕਰਵਾ ਦਿੱਤੀ ਤੇ ਇੱਕ ਸਾਲ ਖੁਸ਼ੀ ਨੇ ਸਕੇਟਿੰਗ ਕੀਤੀ, ਪਰ ਇਸ ਦਾ ਸਕੋਪ ਨਹੀਂ ਸੀ ਤਾਂ ਸੋਚ ਵਿੱਚ ਪੈ ਗਏ। ਖੁਸ਼ੀ ਨੇ ਕਿਹਾ ਕਿ ਉਸ ਨੂੰ ਹਰ ਖੇਡ ਵਧੀਆ ਲੱਗਦੀ ਹੈ, ਕਿਤੋਂ ਵੀ ਸ਼ੁਰੂ ਕਰਵਾ ਦਿਓ। ਕਿਸੇ ਦੀ ਸਲਾਹ ਲਈ ਅਤੇ ਬੇਟੀ ਨੂੰ ਮਲਟੀਪਰਪਜ਼ ਸਕੂਲ ਦੇ ਬਾਕਸਿੰਗ ਟਰੇਨਿੰਗ ਸੈਂਟਰ ਵਿੱਚ ਭੇਜਿਆ, ਉਥੇ ਕੋਚ ਹਰਪ੍ਰੀਤ ਹੁੰਦਲ ਨੇ ਖੁਸ਼ੀ ਦੇ ਕੱਦ ਤੇ ਜਜ਼ਬੇ ਨੂੰ ਦੇਖ ਕੇ ਉਸ ਨੂੰ ਟਰੇਨਿੰਗ ਦੇਣੀ ਸ਼ੁਰੂ ਕਰ ਦਿੱਤੀ। ਖੁਸ਼ੀ ਨੂੰ ਖੇਡ ਨਾਲ ਇੰਨਾ ਪਿਆਰ ਸੀ ਕਿ ਇਸ ਦੌਰਾਨ ਉਸ ਨੇ ਆਪਣੇ ਬਹੁਤ ਲੰਬੇ ਵਾਲ ਵੀ ਕਟਵਾ ਦਿੱਤੇ ਸਨ। ਖੁਸ਼ੀ ਨੇ ਦੱਸਿਆ ਕਿ ਜਦੋਂ ਉਸ ਨੇ ਬਾਕਸਿੰਗ ਸ਼ੁਰੂ ਕੀਤੀ ਤਾਂ ਥੋੜ੍ਹਾ ਮੁਸ਼ਕਲ ਲੱਗਾ ਕਿਉਂਕਿ ਸ਼ੁਰੂ ਵਿੱਚ ਪ੍ਰਦਰਸ਼ਨ ਠੀਕ ਨਹੀਂ ਸੀ ਅਤੇ ਕਈ ਵਾਰ ਕੋਈ ਪੁਜ਼ੀਸ਼ਨ ਨਾ ਆਉਣ ਕਾਰਨ ਦੁਖੀ ਵੀ ਹੋਈ, ਪਰ ਪਿਤਾ ਜਗਸੀਰ ਸਿੰਘ ਤੇ ਮਾਤਾ ਕੁਲਦੀਪ ਕੌਰ ਨੇ ਕਿਹਾ ਕਿ ਮਨ ਬਿਲਕੁਲ ਵੀ ਦੁਖੀ ਨਹੀਂ ਕਰਨਾ, ਬੱਸ ਮਿਹਨਤ ਕਰਨੀ ਹੈ ਅਤੇ ਅੱਗੇ ਫਲ ਜ਼ਰੂਰ ਮਿਲੇਗਾ।

ਖੁਸ਼ੀ ਦੀ ਤਿੰਨ ਸਾਲ ਪਹਿਲਾਂ ਇੰਡੀਅਨ ਕੈਂਪ ਲਈ ਸਿਲੈਕਸ਼ਨ ਹੋਈ ਸੀ। ਉਸ ਤੋਂ ਬਾਅਦ ਉਹ ਰੋਹਤਕ ਵਿੱਚ ਯੂਥ ਕੈਂਪ ਵਿੱਚ ਟਰੇਨਿੰਗ ਹਾਸਲ ਕਰ ਰਹੀ ਹੈ। ਸਿਵਲ ਲਾਈਨਜ਼ ਸਕੂਲ ਦੀ 12ਵੀਂ ਦੀ ਵਿਦਿਆਰਥਣ ਖੁਸ਼ੀ ਇਸ ਤੋਂ ਬਾਅਦ ਭਾਰਤੀ ਸੀਨੀਅਰ ਕੈਂਪ ਵਿੱਚ ਜਗ੍ਹਾ ਬਣਾਏਗੀ। ਆਪਣੇ ਸੁਫਨਿਆਂ ਬਾਰੇ ਉਸ ਨੇ ਦੱਸਿਆ ਕਿ ਸਿਰਫ ਬਾਕਸਿੰਗ ਕਰਨੀ ਹੈ ਅਤੇ ਉਸ ਦਾ ਟੀਚਾ ਮੈਰੀਕਾਮ ਦੀ ਤਰ੍ਹਾਂ ਵਰਲਡ ਲੈਵਲ ਅਤੇ ਓਲੰਪਿਕ ਵਿੱਚ ਦੇਸ਼ ਲਈ ਮੈਡਲ ਲਿਆਉਣਾ ਹੈ। ਉਸ ਨੇ ਕਿਹਾ ਕਿ ਉਹ ਆਪਣੇ ਪਿਤਾ ਦਾ ਪੂਰੀ ਦੁਨੀਆ ਵਿੱਚ ਨਾਂਅ ਚਮਕਾਉਣਾ ਚਾਹੁੰਦੀ ਹੈ ਕਿਉਂਕਿ ਉਸ ਦੇ ਪਿਤਾ ਨੇ ਘੱਟ ਆਮਦਨੀ ਹੋਣ ਦੇ ਬਾਵਜੂਦ ਵੀ ਉਸ ਨੂੰ ਅੱਗੇ ਵਧਾਇਆ ਹੈ।

## ਪੁਲਸ ਵੱਲੋਂ ਕੰਪਨੀ ਡਾਇਰੈਟਰ ਗੁਪਤਾ ਗ੍ਰਿਫ਼ਤਾਰ, ਚਾਰ ਦਿਨ ਦਾ ਰਿਮਾਂਡ

ਐਸ ਏ ਐਸ ਨਗਰ, 16 ਦਸੰਬਰ (ਪੋਸਟ ਬਿਊਰੋ)- ਬਾਬਾ ਬੰਦਾ ਸਿੰਘ ਬਹਾਦਰ ਨਵਾਂ ਬੱਸ ਅੱਡਾ ਬਣਾਉਣ ਵਾਲੀ ਕੰਪਨੀ ਸੀ ਐਂਡ ਸੀ ਦੇ ਪ੍ਰਬੰਧਕਾਂ ਵੱਲੋਂ ਕਰੋੜਾ ਦੀ ਧੋਖਾਧੜੀ ਕਰਨ ਦੇ ਮਾਮਲੇ ਵਿੱਚ ਮਹਾਲੀ ਪੁਲਸ ਵੱਲੋਂ ਦੋ ਕਰੋੜ 39 ਲੱਖ 58 ਹਜ਼ਾਰ 510 ਰੁਪਏ ਦੀ ਧੋਖਧਾੜੀ ਦੇ ਮਾਮਲੇ 'ਚ ਉਸ ਕੰਪਨੀ ਦੇ ਡਾਇਰੈਕਟਰ ਸੰਜੇ ਗੁਪਤਾ ਦੀ ਗ੍ਰਿਫ਼ਤਾਰੀ ਪਾ ਲਈ ਗਈ ਹੈ। ਇਸ ਦੇ ਜਾਂਚ ਅਧਿਕਾਰੀ ਬਲਜਿੰਦਰ ਸਿੰਘ ਮੰਡ ਨੇ ਦੱਸਿਆ ਕਿ ਸੰਜੇ ਗੁਪਤਾ ਨੂੰ ਡਿਊਟੀ ਮੈਜਿਸਟ੍ਰੇਟ ਦੀ ਅਦਾਲਤ 'ਚ ਪੇਸ਼ ਕੀਤਾ ਤਾਂ ਅਦਾਲਤ ਨੇ ਉਸ ਨੂੰ ਚਾਰ ਦਿਨ ਦੇ ਪੁਲਸ ਰਿਮਾਂਡ 'ਤੇ ਭੇਜ ਦਿੱਤਾ ਹੈ।

ਸੰਜੇ ਗੁਪਤਾ ਨੂੰ ਕਰੀਬ ਸਾਢੇ ਤਿੰਨ ਕਰੋੜ ਦੀ ਧੋਖਾਧੜੀ ਦੇ ਮਾਮਲੇ 'ਚ ਅਦਾਲਤ ਵੱਲੋਂ ਜੁਡੀਸ਼ਲ ਹਿਰਾਸਤ 'ਚ ਭੇਜ ਦਿੱਤਾ ਗਿਆ ਸੀ। ਇਸ



ਮਾਮਲੇ 'ਚ ਨਾਮਜਦ ਗੁਰਜੀਤ ਸਿੰਘ ਜੌਹਰ ਅਤੇ ਮੈਨੇਜਿੰਗ ਡਾਇਰੈਕਟਰ ਚਰਨਵੀਰ ਸਿੰਘ ਸੇਠੀ ਫਰਾਰ ਹਾਲੇ ਚੱਲ ਰਹੇ ਹਨ। ਮਿਲੀ ਜਾਣਕਾਰੀ ਅਨੁਸਾਰ ਇਸ ਮਾਮਲੇ 'ਚ 10 ਸ਼ਿਕਾਇਕਤ ਕਰਤਾਵਾਂ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਕਤ ਮੁਲਜ਼ਮਾਂ ਨੇ ਕਰੋੜਾਂ ਰੁਪਏ ਦੀ ਧੋਖਾਧੜੀ ਕੀਤੀ ਹੈ, ਜਿਸ ਵਿੱਚ ਸ਼ਿਕਾਇਤ ਕਰਤਾ ਰਣਜੀਤ ਸਿੰਘ ਵਾਸੀ ਪਟਿਆਲਾ ਅਤੇ ਹੋਰਨਾਂ ਨਾਲ 2 ਕਰੋੜ 39 ਲੱਖ 58 ਹਜ਼ਾਰ 510 ਰੁਪਏ ਦਾ ਧੋਖਾਧੜੀ ਹੋਈ ਹੈ। ਸ਼ਿਕਾਇਤ ਕਰਤਾਵਾਂ ਮੁਤਾਬਕ ਨਵੇਂ ਬੱਸ ਅੱਡੇ ਫੇਜ-6 ਮੁਹਾਲੀ ਵਿੱਚ ਦੁਕਾਨਾਂ ਅਤੇ ਦਫ਼ਤਰ ਖਰੀਦਣ ਲਈ ਪੂਰੇ ਪੈਸੇ ਦਿੱਤੇ ਸੀ, ਪਰ ਪ੍ਰਾਜੈਕਟ ਅਧੂਰਾ ਕਾਰਨ ਉਨ੍ਹਾਂ ਕੰਪਨੀ ਦੇ ਅਧਿਕਾਰੀ ਵਾਰ-ਵਾਰ ਟਾਲਮਟੋਲ ਕਰਨ ਲੱਗ ਪਏ ਤਾਂ ਉਨ੍ਹਾਂ ਜ਼ਿਲ੍ਹਾ ਪੁਲਸ ਮੁਖੀ ਨੂੰ ਸ਼ਿਕਾਇਤ ਕਰ ਦਿੱਤੀ। ਇਸ ਮਾਮਲੇ 'ਚ ਥਾਣਾ ਫੇਜ-1 ਵਿਖੇ ਉਕਤ ਕੰਪਨੀ ਪ੍ਰਬੰਧਕਾਂ ਖਿਲਾਫ਼ ਧਾਰਾ-406, 420 ਅਤੇ 120 ਬੀ ਤਹਿਤ ਚਾਰ ਵੱਖ-ਵੱਖ ਮਾਮਲੇ ਦਰਜ ਕੀਤੇ ਗਏ ਹਨ।

## ਡੀ ਐੱਸ ਪੀ ਸੇਖੋਂ ਕਹਿੰਦੈ:

### ਮੈਨੂੰ ਕੁਝ ਹੋਇਆ ਤਾਂ ਮੰਤਰੀ ਆਸ਼ੂ ਤੇ ਪੁਲਸ ਅਫਸਰ ਜ਼ਿੰਮੇਵਾਰ ਹੋਣਗੇ

ਲੁਧਿਆਣਾ, 16 ਦਸੰਬਰ (ਪੋਸਟ ਬਿਊਰੋ)- ਗ੍ਰੈਂਡ ਮੈਨਰ ਹੋਮ ਹਾਊਸਿੰਗ ਪ੍ਰੋਜੈਕਟ ਦੀ ਜਾਂਚ ਰਿਪੋਰਟ ਵਿੱਚ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਦਾ ਨਾਂਅ ਆਉਣ ਪਿੱਛੋਂ ਡੀ ਐੱਸ ਪੀ ਬਲਵਿੰਦਰ ਸਿੰਘ ਸੇਖੋਂ ਲਈ ਮੁਸ਼ਕਲਾਂ ਵਧ ਗਈਆਂ ਹਨ। ਪਿਛਲੇ ਦਿਨੀਂ ਪੰਜਾਬ ਸਰਕਾਰ ਨੇ ਡੀ ਐੱਸ ਪੀ ਸੇਖੋਂ ਨੂੰ ਸਸਪੈਂਡ ਕਰਨ ਪਿੱਛੋਂ ਉਸ ਤੋਂ ਅਸਲਾ ਵਾਪਸ ਲੈ ਲਿਆ ਤੇ ਸੁਰੱਖਿਆ ਲਈ ਸਿਰਫ ਦੋ ਗੰਨਮੈਨ ਦਿੱਤੇ ਹਨ, ਪਰ ਉਹ ਇਹ ਗੰਨਮੈਨ ਲੈਣ ਲਈ ਤਿਆਰ ਨਹੀਂ।

ਡੀ ਐੱਸ ਪੀ ਸੇਖੋਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਜੋ ਗੰਨਮੈਨ ਮਿਲੇ ਹਨ, ਉਨ੍ਹਾਂ ਨੂੰ ਉਹ ਜਾਣਦੇ ਨਹੀਂ, ਇਸ ਲਈ ਮਹਿਕਮੇ ਨੂੰ ਪੱਤਰ ਲਿਖ ਕੇ ਵਾਪਸ ਕਰ ਦੇਣਗੇ। ਉਨ੍ਹਾ ਕਿਹਾ ਕਿ ਉਨ੍ਹਾਂ ਨੂੰ ਲਗਾਤਾਰ ਧਮਕੀ ਮਿਲ ਰਹੀ ਹੈ। ਇਸ ਲਈ ਜੇ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਵਾਰ ਨੂੰ ਕੁਝ ਹੁੰਦਾ ਹੈ ਤਾਂ ਇਸ ਦੇ



ਲਈ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਤੇ ਪੁਲਸ ਮਹਿਕਮਾ ਸਿੱਧੇ ਜ਼ਿੰਮੇਵਾਰ ਹੋਣਗੇ। ਉਨ੍ਹਾਂ ਨੇ ਕਿਹਾ ਕਿ ਜਦ ਤੋਂ ਗ੍ਰੈਂਡ ਮੈਨਰ ਹੋਮ ਪ੍ਰੋਜੈਕਟ ਵਿੱਚ ਗੜਬੜ ਦੀ ਜਾਂਚ ਕੀਤੀ ਅਤੇ ਉਸ ਵਿੱਚ ਮੰਤਰੀ ਆਸ਼ੂ ਦਾ ਨਾਂਅ ਆਇਆ, ਤਦ ਤੋਂ ਉਨ੍ਹਾਂ ਨੂੰ ਵਾਰ-ਵਾਰ ਧਮਕਾਇਆ ਜਾ ਰਿਹਾ ਹੈ। ਉਹ ਇਸ ਬਾਰੇ ਡੀ ਜੀ ਪੀ ਅਤੇ ਮੁੱਖ ਮੰਤਰੀ ਨੂੰ ਜਾਣੂ ਕਰਵਾ ਚੁੱਕੇ ਹਨ, ਪਰ ਕਿਸੇ ਨੇ ਉਨ੍ਹਾਂ ਦੀ ਨਹੀਂ ਸੁਣੀ। ਉਨ੍ਹਾਂ ਦਾ ਪਰਵਾਰ ਇਸ ਸਮੇਂ ਡਰਿਆ ਪਿਆ ਹੈ, ਪਰ ਉਹ ਇਸ ਲੜਾਈ ਵਿੱਚ ਚੁੱਪ ਬੈਠਣ ਵਾਲੇ ਨਹੀਂ।

## ਨੌਕਰੀ ਨਾ ਮਿਲਣ ਤੋਂ ਪ੍ਰੇਸ਼ਾਨ ਨੌਜਵਾਨ ਵੱਲੋਂ ਖੁਦਕੁਸ਼ੀ

ਜਲੰਧਰ, 16 ਦਸੰਬਰ (ਪੋਸਟ ਬਿਊਰੋ)- ਨੌਕਰੀ ਨਾ ਮਿਲਣ ਤੋਂ ਪ੍ਰੇਸ਼ਾਨ ਇੱਕ ਨੌਜਵਾਨ ਨੇ ਸੋਢਲ ਫਾਟਕ ਤੋਂ ਕੁਝ ਦੂਰੀ 'ਤੇ ਰੇਲਵੇ ਟ੍ਰੈਕ 'ਤੇ ਚਲਦੀ ਟਰੇਨ ਅੱਗੇ ਛਾਲ ਮਾਰ ਕੇ ਆਤਮ ਹੱਤਿਆ ਕਰ ਲਈ। ਨੌਜਵਾਨ ਦੀ ਪਛਾਣ ਪ੍ਰਤਾਪ ਨਗਰ ਵਾਸੀ ਰਾਹੁਲ ਮੋਹਨ (31) ਪੁੱਤਰ ਦਿਨੇਸ਼ ਮੋਹਨ ਦੇ ਰੂਪ ਵਿੱਚ ਹੋਈ ਹੈ।

ਕੱਲ੍ਹ ਦੁਪਹਿਰ ਡੇਢ ਵਜੇ ਦੇ ਕਰੀਬ ਰਾਹੁਲ ਰੇਲਵੇ ਟਰੈਕ ਨੇੜੇ ਘੁੰਮ ਰਿਹਾ ਸੀ। ਇਸੇ ਦੌਰਾਨ ਉਸ ਨੇ ਅੰਮ੍ਰਿਤਸਰ ਵੱਲ ਜਾਂਦੀ ਸ਼ਾਨ-ਏ-ਪੰਜਾਬ ਐਕਸਪਰੈਸ ਦੇ ਅੱਗੇ ਛਾਲ ਮਾਰ ਦਿੱਤੀ। ਟਰੇਨ ਦੀ ਲਪੇਟ ਵਿੱਚ ਆਉਣ ਕਾਰਨ ਰਾਹੁਲ ਦੇ ਸਰੀਰ ਦੇ ਦੋ ਟੁਕੜੇ ਹੋ ਗਏ। ਲੋਕਾਂ ਨੇ ਦੱਸਿਆ ਕਿ ਤਿੰਨ ਸਾਲ ਪਹਿਲਾਂ ਦਸੰਬਰ ਮਹੀਨੇ ਵਿੱਚ ਰਾਹੁਲ ਦੇ ਪਿਤਾ ਦਿਨੇਸ਼ ਮੋਹਨ ਦੀ ਵੀ ਟਰੇਨ ਦੀ ਲਪੇਟ ਵਿੱਚ ਆਉਣ ਕਾਰਨ ਮੌਤ ਹੋਈ ਸੀ। ਮੌਕੇ 'ਤੇ ਪਹੁੰਚੀ ਰਾਹੁਲ ਦੀ ਮਾਂ ਵਨੀਤਾ ਮੋਹਨ ਨੇ ਦੱਸਿਆ ਕਿ ਉਸ ਦਾ ਬੇਟਾ ਰਾਹੁਲ ਇੱਕ ਪੇਂਟ ਕੰਪਨੀ ਦੀ ਮਾਰਕੀਟਿੰਗ ਦਾ ਕੰਮ ਕਰਦਾ ਸੀ ਤੇ ਕੁਝ ਸਮਾਂ ਪਹਿਲਾਂ ਕਿਸੇ ਕਾਰਨ ਨੌਕਰੀ ਛੱਡ ਦਿੱਤੀ ਸੀ। ਉਹ ਕੁਝ ਦਿਨ ਪਹਿਲਾਂ ਨੌਕਰੀ ਦੀ ਤਲਾਸ਼ ਵਿੱਚ ਦਿੱਲੀ ਗਿਆ ਸੀ, ਜਿੱਥੋਂ ਉਹ ਸ਼ਨੀਵਾਰ ਮੁੜਿਆ ਸੀ। ਕੱਲ੍ਹ ਸਵੇਰੇ ਨੌਂ ਵਜੇ ਦੇ ਕਰੀਬ ਨਾਸ਼ਤਾ ਕਰ ਕੇ ਘਰੋਂ ਨਿਕਲਿਆ ਸੀ। ਇਸੇ ਦੌਰਾਨ ਦੁਪਹਿਰ ਵਿੱਚ ਹਾਦਸੇ ਦੀ ਸੂਚਨਾ ਮਿਲੀ।

## ਬੰਗਲਾ ਦੇਸ਼ ਜੰਗ ਮੌਕੇ ਪਾਕਿ ਸਬ ਮੈਰੀਨ ਉਡਾਉਣ ਲਈ ਕੰਡੋਮ ਨਾਲ ਲਪੇਟੇ ਸਨ ਲਿੰਪੇਟ ਮਾਈਨ

ਚੰਡੀਗੜ੍ਹ, 16 ਦਸੰਬਰ (ਪੋਸਟ ਬਿਊਰੋ)- ਸਾਲ 1971, ਬੰਗਲਾ ਦੇਸ਼ (ਉਸ ਵੇਲੇ ਈਸਟ ਪਾਕਿ-ਸਤਾਨ) ਦੇ ਵਿੱਚ ਇੱਕ ਆਪਰੇਸ਼ਨ ਹੋਇਆ ਸੀ, ਜਿਸ ਨੂੰ ਆਪਰੇਸ਼ਨ ਜੈਕਪਾਟ ਦਾ ਨਾਂਅ ਦਿੱਤਾ ਗਿਆ ਸੀ। ਇਹ ਆਪਰੇਸ਼ਨ ਇੰਨਾ ਸੀਕਰੇਟ ਸੀ ਕਿ ਪਿੱਛੋਂ ਇਸ ਦਾ ਕੋਈ ਦਸਤਾਵੇਜ਼ ਬਚਾਇਆ ਨਹੀਂ ਗਿਆ ਤੇ ਲੋਕਾਂ ਨੂੰ ਇਸ ਦਾ ਪਤਾ ਨਹੀਂ ਲੱਗਾ।

ਲੇਖਕ ਸੰਦੀਪ ਉਨੀਥਨ ਇਸੇ ਅੰਦਾਜ਼ ਵਿੱਚ ਆਪਣੀ ਕਿਤਾਬ 'ਆਪਰੇਸ਼ਨ ਐਕਸ' ਬਾਰੇ ਗੱਲ ਕਰਦੇ ਹਨ। ਕੱਲ੍ਹ ਉਹ ਸੁਖਨਾ ਲੇਕ ਕਲੱਬ ਵਿੱਚ ਹੋਏ ਮਿਲਟਰੀ ਲਿਟਰੇਚਰ ਫੈਸਟੀਵਲ ਦੇ ਆਖਰੀ ਦਿਨ ਇਸ 'ਤੇ ਚਰਚਾ ਕਰਨ ਪਹੁੰਚੇ ਸਨ। ਸੰਦੀਪ ਨੇ ਕਿਹਾ ਕਿ ਯੋਜਨਾ ਮੁਤਾਬਕ ਬਹੁਤ ਦੇਸੀ ਅੰਦਾਜ਼ ਦੇਖਿਆ ਗਿਆ ਸੀ। ਉਸ ਦੌਰਾਨ ਭਾਰਤੀ ਨੇਵੀ ਇੰਨੀ ਮਜ਼ਬੂਤ ਨਹੀਂ ਸੀ, ਪਰ ਹੁਸ਼ਿਆਰੀ ਨਾਲ ਨੇਵੀ ਨੇ ਇਸ ਜੰਗ ਨੂੰ ਜਿੱਤ ਲਿਆ ਅਤੇ ਬੰਗਲਾ ਦੇਸ਼ ਬਣ ਗਿਆ। ਦਰਅਸਲ 1971 ਵਿੱਚ ਕੁਝ ਬਾਗੀ ਹੋਏ ਬੰਗਾਲੀ ਮੁਸਲਿਮ ਕਿਸ਼ਤੀ ਚਲਾਉਣ ਵਾਲੇ ਪਾਕਿਸਤਾਨ ਦੀ ਸਬ ਮੈਰੀਨ ਬੋਟ ਨੂੰ ਛੱਡ ਕੇ ਫਰਾਂਸ ਵਿੱਚ ਭਾਰਤੀ ਦੂਤਘਰ ਵਿੱਚ ਪੁੱਜੇ ਸਨ। ਇਸ ਪਿੱਛੋਂ ਇਨ੍ਹਾਂ ਕਿਸ਼ਤੀ ਚਲਾਉਣ ਵਾਲਿਆਂ ਨੂੰ ਰਾਅ ਦੇ ਸੇਫ ਹਾਊਸ ਵਿੱਚ ਭਾਰਤ ਲਿਆਂਦਾ ਗਿਆ ਜਿੱਥੇ ਇਨ੍ਹਾਂ ਨੂੰ ਇਸ ਆਪਰੇਸ਼ਨ ਲਈ ਟ੍ਰੇਂਡ ਕੀਤਾ ਗਿਆ। ਇਸ ਕੰਮ ਦੇ ਲਈ ਦਿੱਲੀ ਨੂੰ ਚੁਣਿਆ ਗਿਆ, ਪਰ ਆਪਰੇਸ਼ਨ ਦੀ ਕਿਸੇ ਨੂੰ ਭਣਕ ਨਾ ਹੋਵੇ, ਇਸ ਲਈ ਇਸ ਨੂੰ ਕੋਲਕਾਤਾ ਬਦਲ ਦਿੱਤਾ ਗਿਆ ਸੀ। ਇਨ੍ਹਾਂ ਕਿਸ਼ਤੀਆਂ ਚਲਾਉਣ ਵਾਲਿਆਂ ਨਾਲ ਈਸਟ ਪਾਕਿਸਤਾਨ ਤੋਂ ਆਏ ਕਈ ਬਾਗੀ ਸ਼ਾਮਲ ਹੋਏ, ਜਿਨ੍ਹਾਂ ਨੂੰ ਤੈਰਾਕੀ ਸਿਖਾਈ ਗਈ। ਮੁੱਖ ਮੁੱਦਾ ਲਿੰਪੇਟ ਮਾਈਨ ਬਣਾਉਣ ਦਾ ਸੀ, ਜਿਸ ਨਾਲ ਈਸਟ ਪਾਕਿਸਤਾਨ ਦੀ ਬੰਦਰਗਾਹ ਵਿੱਚ ਖੜ੍ਹੀ ਪਾਕਿਸਤਾਨੀ ਸਬ ਮੈਰੀਨ ਨੂੰ ਉਡਾਇਆ ਜਾ ਸਕੇ। ਚਿੰਤਾ ਇਹ ਸੀ ਕਿ ਲਿੰਪੇਟ ਮਾਈਨ ਨੂੰ ਲਾਉਣ ਦੇ ਲਈ ਇੱਕ ਘੰਟਾ ਲੱਗਦਾ ਸੀ, ਪਰ ਇਸ ਦਾ ਸਵਿੱਚ ਅੱਧੇ ਘੰਟੇ ਵਿੱਚ ਪਾਣੀ ਵਿੱਚ ਘੁਲ ਜਾਂਦਾ ਸੀ, ਜਿਸ ਕਾਰਨ ਪਾਟ ਜਾਣਾ ਸੀ। ਇਸ ਦੇ ਲਈ ਕੰਡੋਮ ਦੀ ਵਰਤੋਂ ਕੀਤੀ ਗਈ। ਇਹ ਕੰਡੋਮ ਲਿੰਪੇਟ ਲਾਉਂਦੇ ਸਾਰ ਸਵਿੱਚ 'ਤੇ ਚਾੜ੍ਹ ਦਿੱਤੇ ਜਾਂਦੇ ਸਨ, ਬੰਬ ਲਾਉਣ ਦੇ ਬਾਅਦ ਇਨ੍ਹਾਂ ਨੂੰ ਕੱਢ ਲਿਆ ਜਾਂਦਾ ਸੀ। ਉਸ ਸਾਲ ਦੇਸ਼ ਭਰ ਵਿੱਚ ਸਭ ਤੋਂ ਵੱਧ ਕੰਡੋਮ ਦੀ ਵਰਤੋਂ ਭਾਰਤੀ ਨੇਵੀ ਨੇ ਕੀਤੀ, ਪਰ ਇਹ ਖੁਫੀਆ ਮਿਸ਼ਨ ਸੀ ਜਿਸ ਦੇ ਬਾਅਦ ਇਸ ਨਾਲ ਜੁੜਿਆ ਹਰ ਦਸਤਾਵੇਜ਼ ਸਾੜ ਦਿੱਤਾ ਗਿਆ।

## ਸੁਖਦੇਵ ਸਿੰਘ ਢੀਂਡਸਾ ਦਾ ਐਲਾਨ: ਪਿੱਛੇ ਹਟਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ

ਸੰਗਰੂਰ, 16 ਦਸੰਬਰ (ਪੋਸਟ ਬਿਊਰੋ)- ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਮੈਂਬਰ ਰਾਜ ਸਭਾ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਹੈ ਕਿ ਪਾਰਟੀ ਦੀ ਦਿੱਖ ਸੰਵਾਰਨ ਲਈ ਉਨ੍ਹਾਂ ਜੋ ਰੁਖ ਅਪਣਾਇਆ ਹੈ, ਉਸ ਤੋਂ ਪਿੱਛੇ ਹਟਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਹਰ ਸਮਝੌਤੇ ਦੇ ਕਿਆਫੇ ਗਲਤ ਹਨ। ਉਨ੍ਹਾਂ ਕਿਹਾ ਕਿ ਉਹ ਸੰਗਰੂਰ ਵਿੱਚ ਆਪਣੇ ਸਾਥੀਆਂ ਨਾਲ ਵਿਚਾਰ ਕਰਨਗੇ ਤੇ ਉਸ ਤੋਂ ਬਾਅਦ ਵਰਕਰਾਂ ਦਾ ਇਕੱਠ ਕੀਤਾ ਜਾਵੇਗਾ।

ਅਕਾਲੀ ਦਲ ਵਿੱਚ ਪੈਦਾ ਹੋਏ ਵਿਵਾਦ ਬਾਰੇ ਸਾਬਕਾ ਚੀਫ ਪਾਰਲੀਮੈਂਟਰੀ ਸਕੱਤਰ ਪ੍ਰਕਾਸ਼ ਚੰਦ ਗਰਗ ਨੇ ਕਿਹਾ ਹੈ ਕਿ ਪਾਰਟੀ ਨੂੰ ਇਸ ਸੰਕਟ ਵਿੱਚੋਂ ਕੱਢਣ ਦਾ ਸਭ ਤੋਂ ਢੁੱਕਵਾਂ ਰਸਤਾ ਇਹੋ ਹੈ ਕਿ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਦੇਵ ਸਿੰਘ ਢੀਂਡਸਾ ਵਿਚਾਲੇ ਬੈਠਕ ਹੋਵੇ। ਵਿਨਰਜੀਤ ਸਿੰਘ ਗੋਲਡੀ ਨੇ ਕਿਹਾ ਕਿ ਮਸਲੇ ਦਾ ਹੱਲ ਕੱਢਣ ਦੇ ਯਤਨ ਜਾਰੀ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਉਨ੍ਹਾਂ ਦਾ ਧਿਆਨ ਕੇਵਲ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ਤੱਕ ਹੈ। ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਜੈ ਪਾਲ ਸਿੰਘ ਮੰਡੀਆਂ ਅਤੇ ਮਲਕੀਤ ਸਿੰਘ ਚੰਗਾਲ ਅਤੇ ਹੋਰ ਬਹੁਤ ਸਾਰੇ ਅਕਾਲੀ ਆਗੂਆਂ ਨੇ ਢੀਂਡਸਾ ਦੇ ਰੁਖ ਨੂੰ ਸਹੀ ਕਿਹਾ ਹੈ। ਜਥੇਦਾਰ ਹਰਦੇਵ ਸਿੰਘ ਰੋਗਲਾ ਮੈਂਬਰ ਸ਼੍ਰੋਮਣੀ ਕਮੇਟੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵਿੱਚ ਸਿਆਸੀ ਦਖਲ ਬੰਦ ਹੋਣਾ ਚਾਹੀਦਾ ਹੈ।

## ਤੇਜ਼ਾਬੀ ਪਾਣੀ ਪੀਣ ਨਾਲ ਚਾਰ ਘੋੜੇ ਮਰੇ

ਜਲੰਧਰ, 16 ਦਸੰਬਰ (ਪੋਸਟ ਬਿਊਰੋ)- ਚੌਕੀ ਫੋਕਲ ਪੁਆਇੰਟ ਦੀ ਹੱਦ ਵਿਚਲੇ ਸਈਪੁਰ 'ਚ ਅਚਾਨਕ ਤਿੰਨ ਘੋੜਿਆਂ ਦੀ ਮੌਤ ਕਾਰਨ ਘੋੜਿਆਂ ਦੇ ਮਾਲਕਾਂ 'ਚ ਰੋਸ ਪਾਇਆ ਜਾ ਰਿਹਾ ਹੈ, ਜਿਸ ਦੀ ਸ਼ਿਕਾਇਤ ਉਨ੍ਹਾਂ ਚੌਕੀ ਫੋਕਲ ਪੁਆਇਟ ਦੀ ਪੁਲਸ ਨੂੰ ਦਿੱਤੀ ਹੈ ਅਤੇ ਪੁਲਸ ਜਾਂਚ ਕਰ ਰਹੀ ਹੈ।

ਇਸ ਸਬੰਧ ਵਿੱਚ ਗੁਰਮੇਲ ਸਿੰਘ ਅਤੇ ਸੁਨੀਲ ਕੁਮਾਰ ਨੇ ਦੱਸਿਆ ਕਿ ਦੋ ਵਛੇਰੇ ਅਤੇ ਇੱਕ ਘੋੜੇ ਦੀ ਚਾਰ ਦਿਨ ਪਹਿਲਾਂ ਮੌਤ ਹੋ ਗਈ ਸੀ। ਉਸ ਨੇ ਦੋਸ ਲਾਇਆ ਕਿ ਉਸ ਦੀ ਪਲਾਟ ਵਿੱਚ ਨਾਲ ਲੱਗਦੀ ਫੈਕਟਰੀ ਤੋਂ ਤੇਜ਼ਾਬ ਆ ਰਿਹਾ ਸੀ ਤੇ ਉਸ ਤੇਜ਼ਾਬੀ ਪਾਣੀ ਪੀਣ ਨਾਲ ਉਨ੍ਹਾਂ ਦੇ ਤਿੰਨ ਪਸ਼ੂਆਂ ਦੀ ਮੌਤ ਹੋ ਗਈ ਹੈ। ਉਨ੍ਹਾਂ ਕਿਹਾ ਕਿ ਰਿਹਾਇਸ਼ੀ ਇਲਾਕੇ 'ਚੇ ਤੇਜ਼ਾਬ ਫੈਕਟਰੀ ਲਾਈ ਨਹੀਂ ਜਾ ਸਕਦੀ, ਜੋ ਲੰਮੇ ਸਮੇਂ ਤੋਂ ਗੈਰ-ਕਾਨੂੰਨੀ ਢੰਗ ਨਾਲ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਇਲਾਕੇ ਦੇ ਲੋਕਾਂ ਨੇ ਕਈ ਵਾਰ ਮਾਲਕ ਨੂੰ ਫੈਕਟਰੀ ਬੰਦ ਕਰਨ ਲਈ ਕਿਹਾ, ਪਰ ਉਹ ਲੋਕਾਂ ਨੂੰ ਫੈਕਟਰੀ ਸ਼ਿਫਟ ਕਰਨ ਦਾ ਲਾਲਚ ਦੇ ਰਿਹਾ ਹੈ।


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224



## ਜਾਮੀਆ ਦੇ ਵਿਦਿਆਰਥੀਆਂ ਦੇ ਹੱਕ ਵਿਚ ਉਤਰੀ ਸ਼ਿਵ ਸੈਨਾ

ਮੁੰਬਈ, 16 ਦਸੰਬਰ (ਪੋਸਟ ਬਿਊਰੋ)- ਨਾਗਰਿਕਤਾ ਸੋਧ ਕਾਨੂੰਨ ਦੇ ਵਿਰੋਧ ਵਿਚ ਦਿੱਲੀ ਦੇ ਜਾਮੀਆ ਨਗਰ ਇਲਾਕੇ ਵਿਚ ਭੜਕੀ ਹਿੰਸਾ ਪੂਰੇ ਦੇਸ਼ ਵਿਚ ਚਰਚਾ ਦਾ ਵਿਸ਼ਾ ਬਣੀ ਤੇ ਇਹ ਕੇਸ ਸੁਪਰੀਮ ਕੋਰਟ ਵੀ ਚਲਾ ਗਿਆ ਹੈ। ਦੇਸ਼ ਭਰ ਦੀ ਵੱਖ-ਵੱਖ ਯੂਨੀਵਰਸਿਟੀਆਂ ਦੇ ਵਿਦਿਆਰਥੀ ਜਾਮੀਆ ਦੇ ਵਿਦਿਆਰਥੀਆਂ ਦੇ ਸਮਰਥਨ ਵਿਚ ਬੋਲੇ ਤੇ ਸ਼ਿਵ ਸੈਨਾ ਨੇ ਵੀ ਉਨ੍ਹਾਂ ਦਾ ਪੱਖ ਲਿਆ ਹੈ। ਇਹੀ ਨਹੀਂ ਸ਼ਿਵ ਸੈਨਾ ਨੇ ਸਰਕਾਰ ਦੀ ਵੀ ਤਿੱਖੀ ਆਲੋਚਨਾ ਕੀਤੀ ਹੈ।

ਅੱਜ ਸ਼ਿਵ ਸੈਨਾ ਪਾਰਲੀਮੈਂਟ ਮੈਂਬਰ ਸੰਜੇ ਰਾਊਤ ਨੇ ਕਿਹਾ ਹੈ ਕਿ ਸਰਕਾਰ ਨੂੰ ਵਿਦਿਆਰਥੀਆਂ ਦੀ ਗੱਲ ਸੁਣਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇ ਨਾਗਰਿਕਤਾ ਕਾਨੂੰਨ ਵਿਚ ਖਾਮੀਆਂ ਸਨ ਤਾਂ ਸਭ ਨਾਲ ਗੱਲ ਕਰਕੇ ਉਨ੍ਹਾਂ ਨੂੰ ਦੂਰ ਕਰ ਲਿਆ ਹੁੰਦਾ ਤੇ ਦੇਸ਼ ਨਾ ਸੜਦਾ। ਉਨ੍ਹਾਂ ਸਰਕਾਰ ਦੀ ਤਿੱਖੀ ਆਲੋਚਨਾ ਕਰਦੇ ਹੋਏ ਕਿਹਾ ਕਿ ਜੇ ਕਿਸੇ ਹੋਰ ਦੀ ਸਰਕਾਰ ਹੁੰਦੀ ਤਾਂ ਇਹ ਸਰਕਾਰ ਨੂੰ ਕੁੱਟ ਦਿੰਦੇ। ਸੰਜੇ ਰਾਊਤ ਨੇ ਕਿਹਾ ਕਿ ਦੇਸ਼ ਚਲਾਉਣ ਵਾਲੇ ਲੀਡਰਾਂ ਦਾ ਇਹ ਕਹਿਣਾ ਸਹੀ ਨਹੀਂ ਕਿ ਵਿਦਿਆਰਥੀ ਪਾਕਿਸਤਾਨ ਦੀ ਭਾਸ਼ਾ ਬੋਲਦੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਰਾਜ ਵਾਲੇ ਸੂਬੇ ਸੜ ਰਹੇ ਹਨ। ਸੰਜੇ ਰਾਊਤ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਹਿੰਸਾ ਬਾਰੇ ਸਰਬ ਪਾਰਟੀ ਮੀਟਿੰਗ ਸੱਦਣ ਦੀ ਮੰਗ ਕੀਤੀ ਹੈ।

## ਨਾਗਰਿਕਤਾ ਕਾਨੂੰਨ ਬਾਰੇ ਆਸਾਮ ਗਣ ਪ੍ਰੀਸ਼ਦ ਦਾ ਯੂ-ਟਰਨ, ਸੁਪਰੀਮ ਕੋਰਟ ਜਾਏਗੀ




ਗੁਹਾਟੀ, 16 ਦਸੰਬਰ (ਪੋਸਟ ਬਿਊਰੋ)- ਨਾਗਰਿਕਤਾ ਸੋਧ ਕਾਨੂੰਨ ਦੇ ਖਿਲਾਫ ਆਸਾਮ ਵਿੱਚ ਜਾਰੀ ਅੰਦੋਲਨ ਨੇ ਇਥੋਂ ਦੇ ਸਿਆਸੀ ਦਲਾਂ ਨੂੰ ਵੱਡੀ ਸਿਆਸੀ ਦਿੱਕਤ ਵਿੱਚ ਪਾ ਦਿੱਤਾ ਹੈ। ਕਾਨੂੰਨ ਦਾ ਸਮਰਥਨ ਕਰ ਰਹੀ ਸੱਤਾਧਾਰੀ ਭਾਜਪਾ ਆਮ ਲੋਕਾਂ ਦੇ ਅੰਦੋਲਨ ਤੋਂ ਰੱਖਿਆਤਮਕ ਹੋ ਰਹੀ ਹੈ ਤਾਂ ਉਸ ਦੀ ਸਹਿਯੋਗੀ ਆਸਾਮ ਗਣ ਪ੍ਰੀਸ਼ਦ (ਏ ਜੀ ਪੀ) ਨੇ ਯੂ-ਟਰਨ ਲੈਂਦੇ ਹੋਏ ਇਸ ਦੇ ਖਿਲਾਫ ਸੁਪਰੀਮ ਕੋਰਟ ਜਾਣ ਦਾ ਫੈਸਲਾ ਕੀਤਾ ਹੈ। ਕਾਂਗਰਸ ਨਾਗਰਿਕਤਾ ਕਾਨੂੰਨ ਦਾ ਵਿਰੋਧ ਦੇ ਬਾਵਜੂਦ ਸੜਕ 'ਤੇ ਉਤਰਨ ਤੋਂ ਪ੍ਰਹੇਜ ਕਰ ਰਹੀ ਹੈ।

ਪਾਰਲੀਮੈਂਟ ਵਿੱਚ ਨਾਗਰਿਕਤਾ ਸੋਧ ਬਿੱਲ ਦੇ ਹੱਕ ਵਿੱਚ ਵੋਟ ਪਾਉਣ ਵਾਲੀ ਏ ਜੀ ਪੀ ਨੇ ਆਪਣੀ ਪਾਰਟੀ ਵਿੱਚ ਬਗਾਵਤ ਨੂੰ ਦੇਖਦੇ ਹੋਏ ਕੱਲ੍ਹ ਇਸ ਦੇ ਖਿਲਾਫ ਸੁਪਰੀਮ ਕੋਰਟ ਜਾਣ ਦਾ ਐਲਾਨ ਕਰ ਦਿੱਤਾ ਹੈ। ਸੱਤਾਧਾਰੀ ਭਾਜਪਾ ਦੀ ਸਹਿਯੋਗੀ ਇਸ ਪਾਰਟੀ ਦੇ ਨੇਤਾ ਕੁਮਾਰ ਦੀਪਕ ਦਾਸ ਨੇ ਦੱਸਿਆ ਕਿ ਉਨ੍ਹਾਂ ਦੀ ਪਾਰਟੀ ਸੁਪਰੀਮ ਕੋਰਟ ਵਿੱਚ ਅਰਜ਼ੀ ਦਾਇਰ ਕਰੇਗੀ, ਜਿਸ ਵਿੱਚ ਨਾਗਰਿਕਤਾ ਸੋਧ ਕਾਨੂੰਨ ਨੂੰ ਰੱਦ ਕਰਨ ਦੀ ਅਪੀਲ ਕੀਤੀ ਜਾਏਗੀ। ਰਾਜ ਸਭਾ ਦੇ ਸਾਬਕਾ ਪਾਰਲੀਮੈਂਟ ਮੈਂਬਰ ਦਾਸ ਨੇ ਕਿਹਾ, ਅਸੀਂ ਸੋਧਿਆ ਹੋਇਆ ਕਾਨੂੰਨ ਲਿਆਉਣ ਲਈ ਕਾਨੂੰਨੀ ਰਾਹ ਅਪਣਾਵਾਂਗੇ ਕਿਉਂਕਿ ਆਸਾਮ ਦੇ ਸਥਾਨਕ ਲੋਕਾਂ ਨੂੰ ਸ਼ੱਕ ਹੈ ਕਿ ਉਨ੍ਹਾਂ ਦੀ ਪਛਾਣ, ਭਾਸ਼ਾ ਖਤਰੇ ਵਿੱਚ ਆ ਸਕਦੀ ਹੈ। ਸੂਤਰਾਂ ਨੇ ਦੱਸਿਆ ਕਿ ਦਾਸ ਦੀ ਅਗਵਾਈ ਵਿੱਚ ਏ ਜੀ ਪੀ ਦਾ ਇੱਕ ਪ੍ਰਤੀਨਿਧੀ ਮੰਡਲ ਸੁਪਰੀਮ ਕੋਰਟ ਵਿੱਚ ਅਰਜ਼ੀ ਦਾਇਰ ਕਰਨ ਦੇ ਲਈ ਬੀਤੀ ਸ਼ਾਮ ਦਿੱਲੀ ਰਵਾਨਾ ਹੋ ਗਿਆ। ਇਸ ਮਾਮਲੇ 'ਤੇ ਸੁਣਵਾਈ 18 ਦਸੰਬਰ ਨੂੰ ਹੋ ਸਕਦੀ ਹੈ।

ਇਸ ਦੌਰਾਨ ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਨੇ ਨਾਗਰਿਕਤਾ ਸੋਧ ਕਾਨੂੰਨ ਦਾ ਵਿਰੋਧ ਕਰਦੇ ਹੋਏ ਇਸ ਨੂੰ ਸਾਵਰਕਰ ਦੇ ਵਿਚਾਰਾਂ ਦੇ ਖਿਲਾਫ ਦੱਸਿਆ ਹੈ। ਮਹਾਰਾਸ਼ਟਰ ਵਿਧਾਨ ਮੰਡਲ ਦੇ ਸਰਦ ਰੁੱਤ ਸੈਸ਼ਨ ਮੌਕੇ ਉਨ੍ਹਾਂ ਨੇ ਕਿਹਾ ਕਿ ਸਾਵਰਕਰ ਨੇ ਸਿੰਧੂ ਨਦੀ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਇੱਕ ਦੇਸ਼ ਬਣਾਉਣ ਦੀ ਮੰਗ ਕੀਤੀ ਸੀ। ਇਸ ਦੇ ਲਈ ਕੰਮ ਕਰਨ ਦੇ ਥਾਂ ਕੇਂਦਰ ਸਰਕਾਰ ਸਿਰਫ ਗੁਆਂਢੀ ਦੇਸ਼ਾਂ ਦੇ ਸ਼ਰਨਾਰਥੀਆਂ ਨੂੰ ਅਪਣਾ ਰਹੀ ਹੈ। ਊਧਵ ਠਾਕਰੇ ਨੇ ਕਿਹਾ ਕਿ ਮਹਿਲਾ ਸੁਰੱਖਿਆ ਵਿੱਚ ਕਮੀ, ਬੇਰੋਜ਼ਗਾਰੀ ਤੇ ਕਿਸਾਨਾਂ ਦੀਆਂ ਸਮੱਸਿਆਵਾਂ ਤੋਂ ਧਿਆਨ ਹਟਾਉਣ ਦੇ ਲਈ ਨਾਗਰਿਕਤਾ ਕਾਨੂੰਨ ਦਾ ਮੁੱਦਾ ਉਠਾਇਆ ਗਿਆ ਹੈ।

## ਗਾਂਧੀ-ਨਹਿਰੂ ਪਰਵਾਰ ਵਿਰੁੱਧ ਟਿੱਪਣੀਆਂ ਕਰਨ ਵਾਲੀ ਅਦਾਕਾਰਾ ਪਾਇਲ ਰੋਹਤਗੀ ਗ੍ਰਿਫਤਾਰ



ਕੋਟਾ, 16 ਦਸੰਬਰ (ਪੋਸਟ ਬਿਊਰੋ)- ਗਾਂਧੀ-ਨਹਿਰੂ ਪਰਵਾਰ ਵਿਰੁੱਧ ਸੋਸ਼ਲ ਮੀਡੀਆ ਵਿੱਚ ਇਤਰਾਜ਼ ਯੋਗ ਸਮੱਗਰੀ ਪਾਉਣ ਦੇ ਦੋਸ਼ ਵਿੱਚ ਪੁੱਛ ਪੜਤਾਲ ਕਰਨ ਲਈ ਰਾਜਸਥਾਨ ਪੁਲਸ ਨੇ ਬਾਲੀਵੁੱਡ ਅਦਾਕਾਰਾ ਪਾਇਲ ਰੋਹਤਗੀ ਨੂੰ ਉਸ ਦੇ ਅਹਿਮਦਾਬਾਦ ਵਾਲੇ ਘਰ ਤੋਂ ਕੱਲ੍ਹ ਸਵੇਰੇ ਗ੍ਰਿਫਤਾਰ ਕਰ ਲਿਆ।

ਵਰਨਣ ਯੋਗ ਹੈ ਕਿ ਰਾਜਸਥਾਨ ਪੁਲਸ ਨੇ ਮੋਤੀ ਲਾਲ ਨਹਿਰੂ, ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ ਅਤੇ ਗਾਂਧੀ ਨਹਿਰੂ ਪਰਵਾਰ ਦੇ ਹੋਰ ਜੀਆਂ ਵਿਰੁੱਧ ਇਤਰਾਜ਼ ਯੋਗ ਸਮੱਗਰੀ ਪਾਉਣ ਕਾਰਨ ਅਦਾਕਾਰਾ ਪਾਇਲ ਰੋਹਤਗੀ ਦੇ ਵਿਰੁੱਧ 10 ਅਕਤੂਬਰ ਨੂੰ ਸੂਚਨਾ ਤਕਨੀਕ ਕਾਨੂੰਨ ਦਾ ਕੇਸ ਦਰਜ ਕੀਤਾ ਸੀ। ਉਸ ਨੂੰ ਇਸ ਮਹੀਨੇ ਦੇ ਸ਼ੁਰੂ ਵਿੱਚ ਨੋਟਿਸ ਦਿੱਤਾ ਗਿਆ ਸੀ ਤੇ ਇਸ ਸੰਬੰਧ ਵਿੱਚ ਜਵਾਬ ਦੇਣ ਲਈ ਕਿਹਾ ਗਿਆ ਸੀ। ਪਾਇਲ ਨੇ ਕਿਹਾ ਸੀ, 'ਮੋਤੀ ਲਾਲ ਨਹਿਰੂ ਬਾਰੇ ਵੀਡੀਓ ਬਣਾਉਣ ਕਾਰਨ ਮੈਨੂੰ ਰਾਜਸਥਾਨ ਪੁਲਸ ਨੇ ਗ੍ਰਿਫਤਾਰ ਕਰ ਲਿਆ, ਜਿਸ ਨੂੰ ਮੈਂ ਗੂਗਲ ਤੋਂ ਜਾਣਕਾਰੀ ਇਕੱਠੀ ਕਰ ਕੇ ਬਣਾਇਆ ਸੀ। ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਮਜ਼ਾਕ ਹੈ।' ਪੁਲਸ ਨੇ ਕਿਹਾ, 'ਪੁਲਸ ਨੇ ਕੱਲ੍ਹ ਰੋਹਤਗੀ ਨੂੰ ਆਈ ਟੀ ਕਾਨੂੰਨ ਹੇਠ ਦਰਜ ਕੇਸ ਵਿੱਚ ਪੁੱਛ ਪੜਤਾਲ ਲਈ ਅਹਿਮਦਾਬਾਦ ਵਿਚਲੇ ਉਸ ਦੇ ਘਰੋਂ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਕਿਹਾ ਕਿ ਅਦਾਕਾਰਾ ਜਾਂਚ ਵਿੱਚ ਸਿਹਯੋਗ ਨਹੀਂ ਕਰ ਰਹੀ, ਇਸ ਲਈ ਪੁਲਸ ਦੀ ਟੀਮ ਉਸ ਨੂੰ ਬੂੰਦੀ ਲਿਆ ਰਹੀ ਹੈ। ਪੁਲਸ ਅਫਸਰ ਨੇ ਕਿਹਾ ਕਿ ਉਸ ਨੂੰ ਰਸਮੀ ਰੂਪ ਵਿੱਚ ਗ੍ਰਿਫਤਾਰ ਨਹੀਂ ਕੀਤਾ ਗਿਆ। ਰੋਹਤਗੀ ਨੇ 3 ਸਤੰਬਰ ਅਤੇ 21 ਸਤੰਬਰ ਨੂੰ ਸੋਸ਼ਲ ਮੀਡੀਆ ਵਿੱਚ ਇਤਰਾਜ਼ ਯੋਗ ਟਿੱਪਣੀ ਪਾਈ ਸੀ।

## ਆਮ ਨਾਗਰਿਕਾਂ ਨਾਲੋਂ 46 ਗੁਣਾ ਮਹਿੰਗਾ ਹੈ ਭਾਰਤੀ ਪਾਰਲੀਮੈਂਟ ਮੈਂਬਰਾਂ ਦਾ ਇਲਾਜ ਖਰਚ



ਨਵੀਂ ਦਿੱਲੀ, 16 ਦਸੰਬਰ (ਪੋਸਟ ਬਿਊਰੋ)- ਭਾਰਤ ਦੀ ਜਨਤਾ ਚੰਗੀਆਂ ਸਿਹਤ ਸਹੂਲਤਾਂ ਤੋਂ ਵਾਂਝੀ ਹੈ, ਪਰ ਭਾਰਤ ਦੇ ਪਾਰਲੀਮੈਂਟ ਮੈਂਬਰ ਆਮ ਲੋਕਾਂ ਤੋਂ ਕਿਤੇ ਵਧੀਆ ਸਿਹਤ ਸਹੂਲਤਾਂ ਜਨਤਕ ਖਰਚੇ 'ਤੇ ਮਾਣਦੇ ਹਨ।

ਸੂਚਨਾ ਅਧਿਕਾਰ (ਆਰ ਟੀ ਆਈ) ਕਾਨੂੰਨ ਅਧੀਨ ਰਾਜ ਸਭਾ ਸਕੱਤਰੇਤ ਤੋਂ ਮਿਲੀ ਜਾਣਕਾਰੀ ਦੇ ਆਧਾਰ ਉੱਤੇ ਖੁਲਾਸਾ ਕਰਦਿਆਂ ਸਮਾਜਕ ਕਾਰਜਕਰਤਾ ਵਕੀਲ ਦਿਨੇਸ਼ ਚੱਢਾ ਨੇ ਦੱਸਿਆ ਕਿ ਸਾਲ 2018-19 'ਚ ਜਨਤਕ ਖਜ਼ਾਨੇ ਵਿੱਚੋਂ ਰਾਜ ਸਭਾ ਮੈਂਬਰਾਂ ਦੇ ਇਲਾਜ 'ਤੇ 1 ਕਰੋੜ 26 ਲੱਖ ਰੁਪਏ ਖਰਚ ਹੋਏ ਹਨ। ਕੁੱਲ 245 ਮੈਂਬਰਾਂ ਅਨੁਸਾਰ ਪ੍ਰਤੀ ਮੈਂਬਰ ਇਹ ਇਲਾਜ ਖਰਚ ਸਾਲਾਨਾ 51,513 ਰੁਪਏ ਬਣਦਾ ਹੈ। ਦੂਜੇ ਪਾਸੇ ਭਾਰਤੀ ਨਾਗਰਿਕਾਂ ਦੇ ਇਲਾਜ ਦਾ ਪ੍ਰਤੀ ਨਾਗਰਿਕ ਸਾਲਾਨਾ ਖਰਚ 1,112 ਰੁਪਏ ਹੈ, ਜੋ ਕਿ ਦੁਨੀਆ 'ਚ ਸਭ ਤੋਂ ਘੱਟ ਖਰਚ ਵਾਲਿਆਂ ਵਿੱਚ ਸ਼ਾਮਲ ਹੈ। ਇਸ ਹਿਸਾਬ ਨਾਲ ਭਾਰਤ ਦੇ ਪਾਰਲੀਮੈਂਟ ਮੈਂਬਰ ਦਾ ਇਲਾਜ ਖਰਚ ਆਮ ਨਾਗਰਿਕਾਂ ਨਾਲੋਂ 46 ਗੁਣਾ ਵੱਧ ਹੈ। ਦੂਜੇ ਪਾਸੇ ਰਾਜ ਸਭਾ ਵਿੱਚ ਕੰਮ ਕਰਦੇ ਮੁਲਾਜ਼ਮਾਂ ਦਾ 2018-19 ਵਿੱਚ ਇਲਾਜ ਖਰਚ ਇੱਕ ਕਰੋੜ 65 ਲੱਖ ਰੁਪਏ ਹੈ, 2017 ਵਿਚ ਰਾਜ ਸਭਾ ਵਿੱਚ ਕੰਮ ਕਰਦੇ ਲੋਕਾਂ ਦੀ ਗਿਣਤੀ 1,812 ਸੀ। ਇਸ ਤਰ੍ਹਾਂ ਪ੍ਰਤੀ ਮੁਲਾਜ਼ਮ ਇਲਾਜ ਖਰਚ 9,126 ਰੁਪਏ ਬਣਦਾ ਹੈ। ਪ੍ਰਤੀ ਪਾਰਲੀਮੈਂਟ ਮੈਂਬਰ ਇਲਾਜ ਖਰਚ ਪਾਰਲੀਮੈਂਟ 'ਚ ਕੰਮ ਕਰਨ ਵਾਲੇ ਪ੍ਰਤੀ ਮੁਲਾਜ਼ਮ ਖਰਚ ਤੋਂ ਵੀ ਛੇ ਗੁਣਾ ਵੱਧ ਹੈ। ਵਕੀਲ ਚੱਢਾ ਦਾ ਕਹਿਣਾ ਹੈ ਕਿ ਭਾਰਤੀ ਲੋਕਤੰਤਰ ਦੇ ਕਾਨੂੰਨੀ ਰਾਜੇ ਲੋਕ ਹਨ, ਜੋ ਪਾਰਲੀਮੈਂਟ ਮੈਂਬਰਾਂ ਨੂੰ ਵੋਟਾਂ ਪਾ ਕੇ ਚੁਣਦੇ ਹਨ, ਪਰ ਅਸਲ ਵਿੱਚ ਚੁਣੇ ਜਾਣ ਤੋਂ ਬਾਅਦ ਲੋਕਾਂ ਦੀਆਂ ਮੁਸ਼ਕਲਾਂ ਨੂੰ ਭੁੱਲ ਕੇ ਭਾਰਤੀ ਸਿਆਸਤਦਾਨ ਖੁਦ ਰਾਜਿਆਂ ਵਰਗੀ ਜ਼ਿੰਦਗੀ ਬਤੀਤ ਕਰਦੇ ਹਨ। ਚੱਢਾ ਨੇ ਦੱਸਿਆ ਕਿ ਵਿੱਤੀ ਵਰ੍ਹੇ 2018-19 ਵਿੱਚ ਰਾਜ ਸਭਾ ਦਾ ਕੁੱਲ ਖਰਚ 412 ਕਰੋੜ ਰੁਪਏ ਹੋਇਆ। ਇਸ 'ਚੋਂ ਰਾਜ ਸਭਾ ਚੈਨਲ ਦਾ ਖਰਚ ਕਰੀਬ 63 ਕਰੋੜ ਹੈ, ਜਿਸ 'ਚੋਂ ਕਰੀਬ 32 ਕਰੋੜ ਚੈਨਲ ਦੇ ਕਿਰਾਏ/ਟੈਕਸ ਆਦਿ ਦਾ ਖਰਚ ਹੈ।

## 'ਗਰਮ ਹਵਾ' ਅਤੇ 'ਸ਼ੋਲੇ' ਦੀ ਅਦਾਕਾਰਾ ਗੀਤਾ ਸਿਧਾਰਥ ਦਾ ਦਿਹਾਂਤ

ਮੁੰਬਈ, 15 ਦਸੰਬਰ (ਪੋਸਟ ਬਿਊਰੋ)- 'ਗਰਮ ਹਵਾ', 'ਪਰੀਚੇ', 'ਸ਼ੋਲੇ' ਤੇ 'ਤ੍ਰਿਸ਼ੂਲ' ਵਰਗੀਆਂ ਮਸ਼ਹੂਰ ਫਿਲਮਾਂ ਦੀ ਅਦਾਕਾਰ ਗੀਤਾ ਸਿਧਾਂਰਥ ਦਾ ਦਿਹਾਂਤ ਹੋ ਗਿਆ। ਗੀਤਾ ਸਿਧਾਂਰਤ ਨੇ ਬਾਲੀਵੁੱਡ 'ਚ ਆਪਣੇ ਕੈਰੀਅਰ ਦੀ ਸ਼ੁਰੂਆਤ ਐਮ ਐਸ ਸਤੀਊ ਦੀ 1973 'ਚ ਆਈ ਕੌਮੀ ਪੁਰਸਕਾਰ ਜੇਤੂ ਫਿਲਮ 'ਗਰਮ ਹਵ' ਨਾਲ ਕੀਤੀ ਸਂ, ਜਿਸ 'ਚ ਉਸ ਨੇ ਸਲੀਮ (ਬਲਰਾਜ ਸਾਹਨੀ) ਦੀ ਧੀ ਅਮੀਨਾ ਦੀ ਭੂਮੀਕਾ ਨਿਭਾਈ ਸੀ। ਗੁਲਜ਼ਾਰ ਦੀ 'ਪਰੀਚੇ' ਵਿੱਚ ਉਹ ਜਿਤੇਂਦਰ, ਜੈਯਾ ਭਾਦੁਨੀ, ਪ੍ਰਾਣ ਤੇ ਸੰਜੀਵ ਕੁਮਾਰ ਵਰਗੇ ਸਿਤਾਰਿਆਂ ਨਾਲ ਨਜ਼ਰ ਆਈ ਸੀ। ਉਸ ਦੀਆਂ ਹੋਰ ਯਾਦਗਾਰੀ ਫਿਲਮਾਂ 'ਚ 'ਸ਼ੋਲੇ', 'ਤ੍ਰਿਸ਼ੂਲ', 'ਨੂਰੀ', 'ਅਰਥ' ਤੇ 'ਮੰਡੀ' ਸ਼ਾਮਲ ਹਨ।

ਗੀਤਾ ਦਾ ਵਿਆਹ ਦਸਤਾਵੇਜ਼ੀ ਫਿਲਮਾਂ ਤੇ ਟੈਲੀਵਿਜ਼ਨ ਲੜੀਵਾਰਾਂ ਦੇ ਨਿਰਮਾਤਾ ਤੇ ਪੇਸ਼ਕਾਰ ਸਿਧਾਂਰਥ ਕਾਕ ਨਾਲ ਹੋਇਆ, ਜੋ ਕਿ 90ਵਿਆਂ 'ਚ ਆਪਣੇ ਸ਼ੋਅ 'ਸੁਰਭੀ' ਲਈ ਜਾਣੇ ਜਾਂਦੇ ਹਨ। ਉਨ੍ਹਾਂ ਦੀ ਬੇਟੀ ਅੰਤਰਾ ਫਿਲਮ ਨਿਰਦੇਸ਼ਕ ਤੇ ਨਿਰਮਾਤਾ ਹੈ।

## ਦਿੱਲੀ ਦੀ ਸਤਾ ਸੰਭਾਲਣ ਲਈ 12 ਸੁਰੱਖਿਅਤ ਸੀਟਾਂ 'ਤੇ ਧਿਆਨ ਦੇ ਰਹੀ ਹੈ ਭਾਜਪਾ



ਨਵੀਂ ਦਿੱਲੀ, 15 ਦਸੰਬਰ (ਪੋਸਟ ਬਿਊਰੋ)- ਦਿੱਲੀ ਦੀ ਸਤਾ ਤੋਂ ਆਮ ਆਦਮੀ ਪਾਰਟੀ (ਆਪ) ਸਰਕਾਰ ਨੂੰ ਬੇਦਖਲ ਕਰ ਦੋ ਦਹਾਕਿਆਂ ਬਾਅਦ ਵਾਪਸੀ ਦੇ ਔਖੇ ਨਿਸ਼ਾਨੇ ਨੂੰ ਹਾਸਲ ਕਰਨ ਦਾ ਯਤਨ ਕਰ ਰਹੀ ਭਾਜਪਾ ਇਸ ਵਕਤ ਕੁੱਲ 12 ਸੁਰੱਖਿਅਤ ਸੀਟਾਂ 'ਤੇ ਆਪਣਾ ਧਿਆਨ ਕੇਂਦਰਿਤ ਕਰ ਰਹੀ ਹੈ।

ਪਤਾ ਲੱਗਾ ਹੈ ਕਿ ਦਿੱਲੀ ਭਾਜਪਾ ਦਾ ਅਨੁਸੂਚਿਤ ਜਾਤੀ ਮੋਰਚਾ ਅਗਲੇ ਸਾਲ ਹੋਣ ਵਾਲੀਆਂ ਚੋਣਾਂ ਕਾਰਨ ਵੋਟਰਾਂ ਵਿੱਚ ਜੜ੍ਹ ਜਮਾਉਣ ਦੇ ਲਈ ਨਵੰਬਰ ਤੋਂ ਵੱਖ-ਵੱਖ ਅਨੁਸੂਚਿਤ ਜਾਤਾਂ ਦੇ 'ਸਮਾਜਿਕ ਸਮੇਲਨ' ਕਰ ਰਿਹਾ ਹੈ। ਦਿੱਲੀ ਭਾਜਪਾ ਅਨੁਸੂਚਿਤ ਜਾਤੀ ਮੋਰਚਾ ਦੇ ਆਗੂ ਮਨੋਹਰ ਲਾਲ ਗਿਹਰਾ ਨੇ ਦੱਸਿਆ ਕਿ ਅਸੀਂ ਪਹਿਲਾਂ ਬਾਲਮੀਕੀ, ਜਾਟਵ, ਖਟੀਕ, ਧਨੁਕ ਅਤੇ ਮਲਹਲ ਸਮੇਤ 13 ਅਨੁਸੂਚਿਤ ਜਾਤਾਂ ਨਾਲ ਬੈਠਕ ਕਰ ਚੁੱਕੇ ਹਨ। ਆਉਣ ਵਾਲੇ ਦਿਨਾਂ ਵਿੱਚ ਕੁਝ ਹੋਰ ਬੈਠਕਾਂ ਕਰਨ ਦੀ ਯੋਜਨਾ ਹੈ। ਦਿੱਲੀ ਭਾਜਪਾ ਦੇ ਸੀਨੀਅਰ ਨੇਤਾ ਨੇ ਕਿਹਾ ਕਿ ਪਾਰਟੀ 1998 ਤੋਂ ਦਿੱਲੀ ਦੀ ਸਤਾ ਨਾਲ ਬਾਹਰ ਹੋਈ ਸੀ ਤੇ ਉਨ੍ਹਾਂ 20 ਸੀਟਾਂ 'ਤੇ ਪ੍ਰਦਰਸ਼ਨ ਤਰਸ ਯੋਗ ਸੀ, ਜਿਥੇ ਅਨੁਸੂਚਿਤ ਜਾਤੀ ਤੇ ਮੁਸਲਮ ਵੋਟਰ ਨਤੀਜੇ ਤੈਅ ਕਰਦੇ ਹਨ। ਗਿਹਰਾ ਨੇ ਕਿਹਾ ਕਿ ਕਈ ਅਨੁਸੂਚਿਤ ਜਾਤੀਆਂ ਨੇ ਉਨ੍ਹਾਂ ਤੱਕ ਪਹੁੰਚਣ ਲਈ ਭਾਜਪਾ ਦੀ ਪਹਿਲ 'ਤੇ ਸਕਾਰਾਤਮਕ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਨੁਸੂਚਿਤ ਜਾਤੀ ਦੇ ਲੋਕ ਸਨਮਾਨ ਚਾਹੁੰਦੇ ਹਨ, ਜੋ ਸਾਡੇ ਸਮਾਜ ਵਿੱਚ ਉਨ੍ਹਾਂ ਦੀ ਭੂਮਿਕਾ ਮੰਨ ਕੇ ਅਤੇ ਸਮਾਜਿਕ ਸਮੇਲਨ ਕਰਕੇ ਦਿੱਤਾ ਜਾ ਰਿਹਾ ਹੈ। ਇਹ ਵੀ ਤੈਅ ਹੈ ਕਿ ਮੋਦੀ ਸਰਕਾਰ ਦੀ ਉਜਵਲਾ ਯੋਜਨਾਅਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਦੇ ਬਹੁਤੇ ਲਾਭ ਪਾਤਰ ਅਨੁਸੂਚਿਤ ਜਾਤੀਆਂ ਦੇ ਮੈਂਬਰ ਹਨ। ਗਿਹਰਾ ਨੇ ਕਿਹਾ ਕਿ ਅਨੁਸੂਚਿਤ ਜਾਤੀ ਮੋਰਚਾ ਨੇ ਉਸ ਦੇ ਨਾਲ ਭਾਜਪਾ ਦੇ ਸੰਬੰਧ ਨੂੰ ਮਜ਼ਬੂਤ ਕਰਨ ਦੇ ਲਈ ਕੱਲ੍ਹ ਰਿਜ਼ਰਵ ਵਿਧਾਨ ਸਭਾ ਖੇਤਰਾਂ ਵਿੱਚ ਸਵਾਭਿਮਾਨ ਆਯੋਜਿਤ ਕੀਤਾ ਹੈ।

## ਨਾਸਾ ਨੇ ਕਿਹਾ: ਪੁਲਾੜ ਮਿਸ਼ਨਾਂ ਦੀ ਨਾਕਾਮੀ ਤੋਂ ਨਿਰਾਸ਼ ਨਾ ਹੋਵੋ

ਨਵੀਂ ਦਿੱਲੀ, 15 ਦਸੰਬਰ (ਪੋਸਟ ਬਿਊਰੋ)- ਪੁਲਾੜ ਮਿਸ਼ਨ ਅਸਫਲ ਹੁੰਦੇ ਹਨ ਅਤੇ ਵਿਗਿਆਨਕ ਭਾਈਚਾਰੇ ਨੂੰ ਇਸ ਤੋਂ ਨਿਰਾਸ਼ ਨਹੀਂ ਹੋਣਾ ਚਾਹੀਦਾ। ਇਹ ਠੀਕ ਹੈ ਕਿ ਵਿਕਰਮ ਲੈਂਡਰ ਚੰਦਰਮਾ ਦੀ ਸਤ੍ਹਾ 'ਤੇ ਨਹੀਂ ਉਤਰ ਸਕਿਆ, ਪ੍ਰੰਤੂ ਇਸ ਲਈ ਫਿਰ ਯਤਨ ਕਰਨਾ ਚਾਹੀਦਾ ਹੈ ਕਿਉਂਕਿ ਇਹ ਇੱਕ ਪੇਸ਼ਾਵਰ ਕੰਮ ਹੈ। ਇਹ ਗੱਲ ਨਾਸਾ ਜੇ ਪੀ ਐਲ (ਜੈਟ ਪ੍ਰੋਪਲਸ਼ਨ ਲੈਬਾਰਟਰੀ) ਦੇ ਤਕਨੀਕੀ ਅਧਿਕਾਰੀ ਟਾਮ ਸੋਡਰ ਸਟ੍ਰਾਮ ਨੇ ਕਹੀ।

ਟਾਮ ਸੋਡਰ ਸਟ੍ਰਾਮ ਕਿਹਾ ਕਿ ਚੰਦਰਮਾ ਦਾ ਸਤ੍ਹਾ ਉਤੇ ਵਿਕਰਮ ਲੈਂਡਰ ਦਾ ਮਲਬਾ ਮੌਜੂਦ ਹੈ ਅਤੇ ਇਸ ਵਿੱਚ ਕਈ ਗ਼ਲਤੀਆਂ ਮੌਜੂਦ ਹਨ। ਦੇਖਣਾ ਇਹ ਹੈ ਕਿ ਇਸ ਦਾ ਪਤਾ ਨਾਸਾ ਅਤੇ ਇਸਰੋ ਵਿੱਚੋਂ ਕੌਣ ਪਹਿਲੇ ਲਾਉਂਦਾ ਹੈ। ਚੰਦਰਯਾਨ-2 ਮਿਸ਼ਨ ਦਾ ਸਭ ਤੋਂ ਵੱਡਾ ਸਬਕ ਇਹ ਹੈ ਕਿ ਇਸ ਤਰ੍ਹਾਂ ਦੇ ਮਿਸ਼ਨ ਅਸਫਲ ਹੋਣ ਲਈ ਹੁੰਦੇ ਹਨ ਅਤੇ ਨਾਸਾ ਤੋਂ ਬਿਹਤਰ ਇਸ ਨੂੰ ਕੋਈ ਹੋਰ ਨਹੀਂ ਜਾਣਦਾ। ਰੋਵਰ ਨੂੰ ਸਤ੍ਹਾ 'ਤੇ ਉਤਾਰਨਾ ਬਹੁਤ ਮੁਸ਼ਕਲ ਕੰਮ ਹੈ। ਇਹ ਕਦੀ-ਕਦੀ ਕੰਮ ਕਰਦਾ ਹੈ, ਇਸ ਲਈ ਅਸੀਂ ਹਰ ਵਾਰ ਸੁਪਰ ਨਰਵਸ ਹੋ ਜਾਂਦੇ ਹਾਂ। ਸਾਨੂੰ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਜੇ ਇੱਕ ਵੀ ਚੀਜ਼ ਗ਼ਲਤ ਹੋ ਗਈ ਤਾਂ ਪੂਰਾ ਮਿਸ਼ਨ ਫੇਲ੍ਹ ਹੋ ਸਕਦਾ ਹੈ। ਇਸ ਲਈ ਇਸ ਬਾਰੇ ਨਿਰਾਸ਼ ਹੋਣ ਦੀ ਜ਼ਰੂਰਤ ਨਹੀਂ, ਸਗੋਂ ਅੱਗੇ ਵਧਣਾ ਚਾਹੀਦਾ ਹੈ। ਸੋਡਨ ਸਟ੍ਰਾਮ ਨੇ ਕਿਹਾ ਕਿ ਇਹ ਕਠਿਨ ਕੰਮ ਹੈ ਅਤੇ ਅਸੀਂ ਸਿਰਫ਼ ਇਸ ਲਈ ਕਰਨਾ ਬੰਦ ਨਹੀਂ ਕਰ ਸਕਦੇ ਕਿ ਕਿਉਂਕਿ ਸਾਡੇ ਇੱਕ ਜਾਂ ਦੋ ਵਾਰ ਰੋਵਰ ਸਫਲਤਾ ਪੂਰਵਕ ਸਤ੍ਹਾ 'ਤੇ ਨਹੀਂ ਉਤਰ ਸਕੇ। ਉਨ੍ਹਾਂ ਕਿਹਾ ਕਿ ਜਦੋਂ ਅਸੀਂ ਚੰਦਰਮਾ 'ਤੇ ਗਏ ਤਾਂ ਕਈ ਵਾਰ ਅਸਫਲ ਹੋਏ ਸੀ ਪ੍ਰੰਤੂ ਅਖੀਰ ਇਸ ਵਿੱਚ ਸਫਲ ਹੋਏ। ਇਸ ਬਾਰੇ ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਦੇ ਪ੍ਰਧਾਨ ਸਿਵਨ ਨੇ ਕਿਹਾ ਹੈ ਕਿ ਉਸ ਦੇ ਆਪਣੇ ਆਰਬਿਟਰ ਨੇ ਹਾਦਸਾਗ੍ਰਸਤ ਵਿਕਰਮ ਲੈਂਡਰ ਦਾ ਪਤਾ ਲਾ ਲਿਆ ਸੀ। ਉਨ੍ਹਾਂ ਕਿਹਾ ਕਿ ਇਸਰੋ ਨਾਸਾ ਵੱਲੋਂ ਕੀਤੇ ਗਏ ਦਾਅਵਿਆਂ ਦਾ ਖੰਡਨ ਨਹੀਂ ਕਰੇਗਾ।

## ਵਿੰਟੇਜ ਵਾਹਨਾਂ ਲਈ ਰੈਗੂਲੇਸ਼ਨ ਜਲਦੀ, ਨੰਬਰ ਪਲੇਟ ਉੱਤੇ ਵੀ ਏ ਲਿਖਿਆ ਹੋਵੇਗਾ

ਨਵੀਂ ਦਿੱਲੀ, 16 ਦਸੰਬਰ (ਪੋਸਟ ਬਿਊਰੋ)- ਵਿੰਟੇਜ ਜਾਂ ਪੁਰਾਣੇ ਵਾਹਨਾਂ ਦੇ ਸ਼ੌਕੀਨਾਂ ਨੂੰ ਜਲਦ ਖੁਸ਼ਖਬਰੀ ਮਿਲ ਸਕਦੀ ਹੈ। 50 ਸਾਲ ਤੋਂ ਵੱਧ ਪੁਰਾਣੇ ਇਨ੍ਹਾਂ ਕਲਾਸਿਕ ਵਾਹਨਾਂ ਲਈ ਰੈਗੂਲੇਸ਼ਨ ਨੂੰ ਅੰਤਿਮ ਰੂਪ ਦਿੱਤੇ ਜਾਣ ਤੋਂ ਬਾਅਦ ਇਨ੍ਹਾਂ ਨੂੰ ਵਾਹਨ ਕਬਾੜ ਨੀਤੀ ਤੋਂ ਛੋਟ ਮਿਲੇਗੀ। ਇਸ ਤਰ੍ਹਾਂ ਦੇ ਵਾਹਨਾਂ ਲਈ ਵਿਸ਼ੇਸ਼ ਨੰਬਰ ਪਲੇਟ ਹੋਵੇਗੀ, ਜਿਸ 'ਤੇ ਵੀ ਏ ਲਿਖਿਆ ਹੋਵੇਗਾ। ਸੜਕ ਆਵਾਜਾਈ ਅਤੇ ਹਾਈਵੇਜ਼ ਮੰਤਰਾਲਾ ਨੇ ਵਿੰਟੇਜ ਵਾਹਨਾਂ ਦੇ ਰੈਗੂਲੇਸ਼ਨ ਅਤੇ ਰਜਿਸਟਰੇਸ਼ਨ ਲਈ ਨੋਟੀਫਿਕੇਸ਼ਨ ਦਾ ਖਰੜਾ ਜਾਰੀ ਕੀਤਾ ਹੈ। ਇਸ 'ਚ ਵਿੰਟੇਜ ਵਾਹਨਾਂ ਦੇ ਰਜਿਸਟਰੇਸ਼ਨ ਨੰਬਰ 'ਚ ਵਿੰਟੇਜ ਦਾ ਜ਼ਿਕਰ ਹੋਵੇਗਾ ਅਤੇ ਇਨ੍ਹਾਂ ਲਈ ਵਿਸ਼ੇਸ਼ ਨੰਬਰ ਪਲੇਟ ਹੋਵੇਗੀ, ਜਿਸ 'ਤੇ ਵੀ ਏ ਸ਼ਬਦ ਲਿਖੇ ਹੋਣਗੇ।

ਇਸ ਨੋਟੀਫਿਕੇਸ਼ਨ ਦੇ ਖਰੜੇ ਵਿੱਚ ਕਿਹਾ ਗਿਆ ਹੈ ਕਿ 50 ਸਾਲ ਤੋਂ ਜ਼ਿਆਦਾ ਪੁਰਾਣੇ ਵਾਹਨਾਂ ਦੇ ਇਤਿਹਾਸਕ, ਸੰਸਕ੍ਰਿਤਕ, ਤਕਨੀਕੀ ਅਤੇ ਕਲਾਤਮਕ ਮਹੱਤਵ ਨੂੰ ਵੇਖਦੇ ਹੋਏ ਇਨ੍ਹਾਂ ਦੀ ਹਿਫਾਜ਼ਤ ਜ਼ਰੂਰੀ ਹੋ ਜਾਂਦੀ ਹੈ। ਮੋਟਰ ਵਾਹਨ ਕਾਨੂੰਨ 'ਚ ਮਿਲੇ ਅਧਿਕਾਰਾਂ ਹੇਠ ਜੇ ਕੇਂਦਰ ਸਰਕਾਰ ਇਸ ਗੱਲ ਤੋਂ ਸੰਤੁਸ਼ਟ ਹੋ ਜਾਂਦੀ ਹੈ ਕਿ ਤਕਨੀਕੀ, ਮੋਟਰਿੰਗ ਅਤੇ ਸੱਭਿਆਚਾਰ ਵਿਰਾਸਤ ਦੇ ਉਤਸ਼ਾਹ ਲਈ ਵਿੰਟੇਜ ਵਾਹਨਾਂ ਦੀ ਹਿਫਾਜ਼ਤ ਦੇ ਕਦਮ ਚੁੱਕਣ ਦੀ ਲੋੜ ਹੈ ਤਾਂ ਉਹ ਉਨ੍ਹਾਂ ਦੇ ਰਜਿਸਟਰੇਸ਼ਨ ਜਾਂ ਮੁੜ ਰਜਿਸਟਰੇਸ਼ਨ ਲਈ ਰੈਗੂਲੇਸ਼ਨ ਜਾਰੀ ਕਰ ਸਕਦੀ ਹੈ। ਵਿੰਟੇਜ ਮੋਟਰ ਵਾਹਨ ਆਦੇਸ਼ 2019 ਦੇ ਨਿਯਮ 'ਚ ਕਿਹਾ ਗਿਆ ਹੈ ਕਿ ਇਨ੍ਹਾਂ ਦੀ ਰਜਿਸਟਰੇਸ਼ਨ ਪਲੇਟ ਉਚ ਸੁਰੱਖਿਆ ਵਾਲੀ ਹੋਵੇਗੀ। ਨੰਬਰ ਪਲੇਟ 'ਤੇ ਐਕਸ ਐਕਸ ਵੀ ਏ ਵਾਈ ਵਾਈ ਲਿਖਿਆ ਹੋਵੇਗਾ। ਇਸ ਵਿੱਚ ਵੀ ਏ ਦਾ ਮਤਲਬ ਵਿੰਟੇਜ, ਐਕਸ ਦਾ ਸੂਬੇ ਦੇ ਕੋਡ ਤੋਂ ਅਤੇ ਵਾਈ ਵਾਈ ਦੋ ਸ਼ਬਦਾਂ ਦੀ ਲੜੀ ਹੋਵੇਗੀ। ਉਸ ਤੋਂ ਬਾਅਦ ਇੱਕ ਤੋਂ ਨੌਂ ਤੱਕ ਨੰਬਰ ਹੋਵੇਗਾ, ਜੋ ਸੂਬਾ ਰਜਿਸਟਰੇਸ਼ਨ ਅਥਾਰਟੀ ਵੱਲੋਂ ਵੰਡ ਕੀਤਾ ਜਾਵੇਗਾ। ਪ੍ਰਸਤਾਵਿਤ ਹਨ। ਇਸ ਨਾਲ ਲੋਕ ਵਿੰਟੇਜ ਵਾਹਨਾਂ ਦੀ ਪਛਾਣ ਅਤੇ ਨਿਯਮ ਫਾਲੋ ਕਰ ਸਕਣਗੇ। ਇੱਕ ਅਧਿਕਾਰੀ ਨੇ ਕਿਹਾ ਕਿ ਇਸ ਕਦਮ ਦਾ ਮਕਸਦ ਅਜਿਹੇ ਵਾਹਨਾਂ ਦੇ ਸ਼ੌਕੀਨਾਂ ਨੂੰ ਤਬਦੀਲੀ ਯੋਗ ਏਜੰਸੀਆਂ ਤੋਂ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਤੋਂ ਬਚਾਉਣਾ ਹੈ। ਸਰਕੂਲਰ ਦੇ ਖਰੜੇ 'ਚ ਕਿਹਾ ਗਿਆ ਹੈ ਕਿ ਇਸ ਵਿਸ਼ੇਸ਼ ਰਜਿਸਟਰੇਸ਼ਨ ਜ਼ਰੀਏ ਉਲਟ ਹਾਲਾਤ 'ਚ ਇਨ੍ਹਾਂ ਵਾਹਨਾਂ ਨੂੰ ਸੜਕਾਂ 'ਤੇ ਲਿਆਂਦਾ ਜਾ ਸਕੇਗਾ। ਕਮਰਸ਼ੀਅਲ ਵਰਤੋਂ ਲਈ ਅਜਿਹਾ ਨਹੀਂ ਕੀਤਾ ਜਾ ਸਕੇਗਾ। ਇਸ ਤੋਂ ਪਹਿਲਾਂ ਸਰਕਾਰ ਨੇ ਵਿੰਟੇਜ ਕਾਰ ਰੈਲੀ ਵਿੱਚ ਭਾਗ ਲੈਣ ਲਈ ਇਹੋ ਜਿਹੇ ਵਾਹਨਾਂ ਨੂੰ ਬਿਨਾਂ ਰਜਿਸਟਰੇਸ਼ਨ ਚਲਾਉਣ ਦੀ ਇਜਾਜ਼ਤ ਦਿੱਤੀ ਸੀ।

MICHELIN
Hankook
Continental
ROADLUX
BFGoodrich
AEOLUS
COMPASAL
Chevron
Delo
Special OIL CHANGE Rates

BEST TRUCK REPAIR & TIRE CENTRE

We also Specialize in Engine, AC, Transmission, Differential Rebuild, Safety Inspection & All Kinds of Electric Work

ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ

SPECIAL ON TRUCK ALIGNMENT | BRAND NEW MACHINES 2018

Brake & Drum - On Special Sale! Made in U.S

Special Sale 4 CAT Batteries $550 with Installation

Special Sale on Smartway Approved Tires $245 each

4 Mechanics Needed Urgently

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲ੍ਹਾ
30 Truck Parking Also Available!

1715 Sismet Rd, Mississauga | Call Ranjit: 416.624.8351 | Tel: 905.625.0055



## ਭਾਰਤੀ ਮੂਲ ਦੀ ਜਮਾਇਕਨ ਟੋਨੀ ਐਨ ਸਿੰਘ ਚੁਣੀ ਗਈ 'ਮਿਸ ਵਰਲਡ 2019'




ਲੰਡਨ, 16 ਦਸੰਬਰ (ਪੋਸਟ ਬਿਊਰੋ)- ਭਾਰਤ ਮੂਲ ਦੀ ਜਮਾਇਕਾ ਦੀ ਰਹਿਣ ਵਾਲੀ ਟੋਨੀ ਐਨ ਸਿੰਘ 'ਮਿਸ ਵਰਲਡ 2019' ਚੁਣੀ ਗਈ ਹੈ। ਲੰਡਨ 'ਚ ਹੋਏ ਸਮਾਗਮ ਦੌਰਾਨ 2018 ਦੀ 'ਮਿਸ ਵਰਲਡ' ਵਨੇਸਾ ਪੋਂਸ ਨੇ ਟੋਨੀ ਦੇ ਸਿਰ 'ਤੇ 'ਮਿਸ ਵਰਲਡ' ਦਾ ਤਾਜ ਸਜਾਇਆ। ਵਨੇਸਾ ਮੈਕਸੀਕੋ ਦੀ ਰਹਿਣ ਵਾਲੀ ਹੈ।

ਵਰਨਣ ਯੋਗ ਹੈ ਕਿ 2019 ਵਿੱਚ 'ਮਿਸ ਵਰਲਡ' ਤੇ 'ਮਿਸ ਵਰਲਡ' ਅਤੇ 'ਮਿਸ ਯਨੀਵਰਸ' ਦੋਵੇਂ ਕਾਲੇ ਰੰਗ ਦੀਆਂ ਸੁੰਦਰੀਆਂ ਚੁਣੀਆਂ ਗਈਆਂ ਹਨ। ਉਂਜ ਇਸ ਤੋਂ ਪਹਿਲਾਂ 8 ਦਸੰਬਰ ਨੂੰ ਦੱਖਣੀ ਅਫਰੀਕਾ ਦੀ 26 ਸਾਲ ਦੀ ਜੋਜੀਬਿਨੀ ਟੂੰਜੀ 'ਮਿਸ ਯੂਨੀਵਰਸ 2019' ਚੁਣੀ ਗਈ ਸੀ।' 'ਮਿਸ ਵਰਲਡ' ਮੁਕਾਬਲੇ 'ਚ ਭਾਰਤ ਦੀ ਸੁਮਨ ਰਤਨ ਸਿੰਘ ਰਾਓ ਨੇ ਵੀ ਦੇਸ਼ ਦਾ ਨਾਂਅ ਰੌਸ਼ਨ ਕੀਤਾ ਹੈ, ਉਹ ਇਸ ਮੁਕਾਬਲੇ 'ਚ ਤੀਜੇ ਸਥਾਨ 'ਤੇ ਰਹੀ ਹੈ। ਦੂਜੇ ਨੰਬਰ 'ਤੇ 'ਮਿਸ ਫਰਾਂਸ' ਓਪੇਲੀ ਮੇਜਿਨੋ ਰਹੀ। ਸੁਮਨ ਨੇ 'ਮਿਸ ਵਰਲਡ ਏਸ਼ੀਆ 2019' ਦਾ ਵੀ ਤਾਜ ਆਪਣੇ ਨਾਂਅ ਕੀਤਾ ਸੀ। ਇਸਤੋਂ ਪਹਿਲਾਂ ਜੂਨ 'ਚ ਉਹ 'ਮਿਸ ਇੰਡੀਆ 2019' ਚੁਣੀ ਗਈ ਸੀ। 20 ਸਾਲ ਦੀ ਸੁਮਨ ਰਾਓ ਰਾਜਸਥਾਨ ਦੀ ਰਹਿਣ ਵਾਲੀ ਹੈ, ਅਤੇ 'ਮਿਸ ਇੰਡੀਆ' ਚੁਣੇ ਜਾਣ ਤੋਂ ਬਾਅਦ ਉਹ ਲਗਾਤਾਰ 'ਮਾਡਲਿੰਗ ਅਸਾਈਨਮੈਂਟ' ਕਰਨ ਵਿੱਚ ਲੱਗੀ ਹੋਈ ਹੈ, ਤੇ ਆਪਣਾ ਭਵਿੱਖਾ ਬਾਲੀਵੁੱਡ 'ਚ ਦੇਖਦੀ ਹੈ। 'ਮਿਸ ਵਰਲਡ' ਟੋਨੀ ਸਿੰਘ ਦੀ ਗੱਲ ਕਰੀਏ, ਤਾਂ ਉਹ ਫਲੋਰੀਡਾ ਸਟੇਟ ਯੂਨੀਵਰਸਿਟੀ 'ਚ ਪੜ੍ਹਾਈ ਕਰ ਚੁੱਕੀ ਹੈ।

## ਯੂ ਐੱਨ ਰਿਪੋਰਟ ਅਨੁਸਾਰ ਪਾਕਿ ਸਰਕਾਰ ਨੇ ਕੱਟੜਪੰਥੀਆਂ ਨੂੰ ਘੱਟ ਗਿਣਤੀਆਂ 'ਤੇ ਹਮਲੇ ਲਈ ਭੜਕਾਇਐ



ਨਿਊ ਯਾਰਕ, 16 ਦਸੰਬਰ (ਪੋਸਟ ਬਿਊਰੋ)- ਯੂ ਐੱਨ ਓ ਨੇ ਕਿਹਾ ਹੈ ਕਿ ਪਾਕਿਸਤਾਨ ਵਿੱਚ ਇਮਰਾਨ ਖਾਨ ਸਰਕਾਰ ਵਿੱਚ ਧਾਰਮਿਕ ਆਜ਼ਾਦੀ ਦੀ ਸਥਿਤੀ ਲਗਾਤਾਰ ਖਰਾਬ ਹੋ ਰਹੀ ਹੈ। ਇਥੋਂ ਦਾ ਹਿੰਦੂ ਅਤੇ ਈਸਾਈ ਭਾਈਚਾਰਾ ਸਭ ਤੋਂ ਵੱਧ ਖਤਰੇ ਵਿੱਚ ਹੈ। ਯੂ ਐੱਨ ਕਮਿਸ਼ਨ ਆਨ ਸਟੇਟਸ ਆਫ ਵੂਮੈਨ (ਸੀ ਐੱਸ ਡਬਲਯੂ) ਦੀ ਦਸੰਬਰ ਵਿੱਚ ਜਾਰੀ ਹੋਈ ਰਿਪੋਰਟ ਮੁਤਾਬਕ ਪਾਕਿਸਤਾਨ ਸਰਕਾਰ ਧਾਰਮਿਕ ਘੱਟ ਗਿਣਤੀਆਂ 'ਤੇ ਹਮਲੇ ਲਈ ਲੋਕਾਂ ਨੂੰ ਕੱਟੜਪੰਥੀ ਵਿਚਾਰਾਂ ਨਾਲ ਭਰ ਰਹੀ ਹੈ। ਕਮਿਸ਼ਨ ਨੇ ਆਪਣੀ 47 ਸਫਿਆਂ ਦੀ ਰਿਪੋਰਟ ਨੂੰ 'ਪਾਕਿ-ਸਤਾਨ : ਧਾਰਮਕ ਆਜ਼ਾਦੀ 'ਤੇ ਹਮਲਾ' ਨਾਂਅ ਦਿੱਤਾ ਹੈ ਅਤੇ ਇਸ ਨੂੰ ਚਿੰਤਾ ਜਨਕ ਵੀ ਦੱਸਿਆ ਹੈ।

ਸੀ ਐੱਸ ਡਬਲਯੂ ਨੇ ਪਾਕਿਸਤਾਨ ਵਿੱਚ ਧਰਮ ਨਿੰਦਾ ਤੇ ਅਹਿਮਦੀਆ ਵਿਰੋਧੀ ਕਾਨੂੰਨ ਦੇ ਵਧਦੇ ਰਾਜਸੀਕਰਨ 'ਤੇ ਚਿੰਤਾ ਜ਼ਾਹਰ ਕੀਤੀ ਹੈ। ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਕਾਨੂੰਨਾਂ ਨੂੰ ਕੱਟੜਪੰਥੀ ਇਸਲਾਮੀ ਸੰਗਠਨ ਸਿਰਫ ਘੱਟ ਗਿਣਤੀਆਂ ਨੂੰ ਮਾਰਨ ਲਈ ਨਹੀਂ ਸਗੋਂ ਰਾਜਨੀਤੀ ਵਿੱਚ ਜਗ੍ਹਾ ਬਣਾਉਣ ਲਈ ਵੀ ਹਥਿਆਰ ਵਾਂਗੇ ਵਰਤ ਰਹੇ ਹਨ। ਯੂ ਐਨ ਦੇ ਆਰਥਕ ਅਤੇ ਸਮਾਜਕ ਕਮਿਸ਼ਨ ਦੇ ਤਹਿਤ ਆਉਣ ਵਾਲੇ ਸੀ ਐੱਸ ਡਬਲਯੂ ਦਾ ਕਹਿਣਾ ਹੈ ਕਿ ਪਾਕਿ-ਸਤਾਨ ਵਿੱਚ ਹਿੰਦੂ ਅਤੇ ਈਸਾਈ ਭਾਈਚਾਰਾ ਸਭ ਤੋਂ ਵੱਧ ਖਤਰੇ ਵਿੱਚ ਹੈ। ਖਾਸ ਕਰ ਕੇ ਇਸ ਭਾਈਚਾਰੇ ਦੀਆਂ ਔਰਤਾਂ ਤੇ ਬੱਚੀਆਂ। ਹਰ ਸਾਲ ਸੈਂਕੜੇ ਬੱਚੀਆਂ ਨੂੰ ਅਗਵਾ ਕਰ ਕੇ ਉਨ੍ਹਾਂ ਦਾ ਧਰਮ ਪਰਿਵਰਤਨ ਕੀਤਾ ਜਾਂਦਾ ਹੈ ਅਤੇ ਫਿਰ ਉਨ੍ਹਾਂ ਦਾ ਵਿਆਹ ਮੁਸਲਿਮ ਮਰਦਾਂ ਨਾਲ ਕਰ ਦਿੱਤਾ ਜਾਂਦਾ ਹੈ। ਅਗਵਾ ਕਰਨ ਵਾਲਿਆਂ ਦੇ ਡਰਨ ਨਾਲ ਪੀੜਤਾਂ ਦੇ ਆਪਣੇ ਪਰਵਾਰ ਕੋਲ ਵਾਪਸ ਪਰਤਣ ਦੀ ਆਸ ਕਾਫੀ ਘੱਟ ਹੁੰਦੀ ਹੈ।

ਰਿਪੋਰਟ ਵਿੱਚ ਪਾਕਿਸਤਾਨ ਦੀ ਪੁਲਸ ਅਤੇ ਨਿਆਂ ਵਿਵਸਥਾ ਉਤੇ ਵੀ ਸਵਾਲ ਖੜ੍ਹੇ ਕੀਤੇ ਗਏ ਹਨ। ਇਸ ਵਿੱਚ ਕਿਹਾ ਗਿਆ ਹੈ ਕਿ ਅਗਵਾ ਕੀਤੀਆਂ ਔਰਤਾਂ ਦੀ ਪ੍ਰੇਸ਼ਾਨੀ ਇਸ ਲਈ ਵੱਧ ਜਾਂਦੀ ਹੈ ਕਿ ਪੁਲਸ ਜਲਦੀ ਕੋਈ ਕਾਰਵਾਈ ਨਹੀਂ ਕਰਦੀ। ਆਪਣੀ ਰਿਪੋਰਟ ਵਿੱਚ ਕਮਿਸ਼ਨ ਨੇ ਘੱਟ ਗਿਣਤੀਆਂ ਦੇ ਹਾਲਾਤ ਬਾਰੇ ਕੁਝ ਉਦਾਹਰਣ ਵੀ ਦਿੱਤੇ ਹਨ। ਇਸ ਵਿੱਚ ਦੱਸਿਆ ਗਿਆ ਹੈ ਕਿ ਮਈ 2019 ਵਿੱਚ ਸਿੰਧ ਦੇ ਮੀਰਪੁਰਦਾਸ ਦੇ ਇੱਕ ਹਿੰਦੂ ਵੈਟਰਨਰੀ ਸਰਜਨ ਰਮੇਸ਼ ਕੁਮਾਰ ਮਲਹੀ 'ਤੇ ਕੁਰਾਨ ਦੇ ਸਫਿਆਂ ਵਿੱਚ ਦਵਾਈ ਲਪੇਟ ਕੇ ਦੇਣ ਲਈ ਧਰਮ ਨਿੰਦਾ ਦਾ ਦੋਸ਼ ਲਾ ਦਿੱਤਾ ਅਤੇ ਇਸ ਕਾਰਨ ਪ੍ਰਦਰਸ਼ਨਕਾਰੀਆਂ ਨੇ ਰਮੇਸ਼ ਦੇ ਕਲੀਨਿਕ ਅਤੇ ਆਲੇ ਦੁਆਲੇ ਦੇ ਹਿੰਦੂਆਂ ਦੀਆਂ ਦੁਕਾਨਾਂ ਸਾੜ ਦਿੱਤੀਆਂ ਸਨ।

## ਦੇਸ਼ ਨੂੰ ਕੱਟੜ ਨਜ਼ਰੀਏ ਵਾਲੇ ਅੱਤਵਾਦੀਆਂ ਦਾ ਬੰਦੀ ਨਹੀਂ ਬਣਨ ਦੇਵਾਂਗੇ: ਇਮਰਾਨ ਖਾਨ



ਇਸਲਾਮਾਬਾਦ, 16 ਦਸੰਬਰ (ਪੋਸਟ ਬਿਊਰੋ)- ਪੇਸ਼ਾਵਰ ਵਿਚ ਆਰਮੀ ਪਬਲਿਕ ਸਕੂਲ ਵਿਚ ਅੱਤਵਾਦੀਆਂ ਦੇ ਹਮਲੇ ਦੀ 5ਵੀਂ ਬਰਸੀ ਮੌਕੇ ਅੱਜ ਸੋਮਵਾਰ ਨੂੰ ਪਾਕਿਸਤਾਨ ਦੀ ਚੋਟੀ ਦੀ ਸਿਆਸੀ ਅਤੇ ਫੌਜੀ ਲੀਡਰਸ਼ਿਪ ਨੇ ਕੱਟੜ ਨਜ਼ਰੀਏ ਵਾਲੇ ਅੱਤਵਾਦੀਆਂ ਨੂੰ ਦੇਸ਼ ਨੂੰ ਬੰਦੀ ਨਾ ਬਣਾਉਣ ਦੇਣ ਦਾ ਸੰਕਲਪ ਲਿਆ ਹੈ। ਵਰਨਣ ਯੋਗ ਹੈ ਕਿ ਪੈਰਾ ਮਿਲਟਰੀ ਫਰੰਟੀਅਰ ਕੋਰ ਦੀ ਵਰਦੀ ਪਹਿਨੇ ਹੋਏ 8-10 ਫਿਦਾਈਨ ਹਮਲਾਵਰ 16 ਦਸੰਬਰ 2014 ਨੂੰ ਪੇਸ਼ਾਵਰ ਦੇ ਆਰਮੀ ਪਬਲਿਕ ਸਕੂਲ ਵਿਚ ਦਾਖਲ ਹੋ ਗਏ ਅਤੇ ਉਨ੍ਹਾਂ ਨੇ ਕਲਾਸਾਂ ਵਿਚ ਅੰਨ੍ਹੇਵਾਹ ਗੋਲੀਬਾਰੀ ਕੀਤੀ ਸੀ, ਜਿਸ ਵਿਚ 132 ਵਿਦਿਆਰਥੀਆਂ ਸਮੇਤ 149 ਲੋਕਾਂ ਦੀ ਮੌਤ ਹੋ ਗਈ ਸੀ। ਇਹ ਦੁਨੀਆ ਵਿਚ ਬੱਚਿਆਂ ਉੱਤੇ ਕੀਤਾ ਗਿਆ ਸਭ ਤੋਂ ਭਿਆਨਕ ਹਮਲਾ ਸੀ। ਇਕ ਸਮਾਚਾਰ ਏਜੰਸੀ ਦੀ ਖਬਰ ਮੁਤਾਬਕ ਉਸ ਘਟਨਾ ਦੇ ਬਾਅਦ ਪਾਕਿਸਤਾਨ ਨੇ ਹਮਲੇ ਲਈ ਜ਼ਿੰਮੇਵਾਰ ਚਾਰ ਵਿਅਕਤੀਆਂ ਨੂੰ ਫਾਂਸੀ ਦੇ ਦਿੱਤੀ ਸੀ।

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਅੱਜ ਆਪਣੇ ਸੰਦੇਸ਼ ਵਿਚ ਕਿਹਾ ਕਿ ਅੱਤਵਾਦੀ ਮਾਨਸਿਕਤਾ ਨੂੰ ਦੇਸ਼ ਉੱਤੇ ਕਬਜ਼ਾ ਨਹੀਂ ਕਰਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ, 'ਅਸੀਂ ਅੱਜ ਦੇ ਦਿਨ ਇਹ ਸੰਕਲਪ ਲੈਂਦੇ ਹਾਂ ਕਿ ਅਸੀਂ ਅੱਤਵਾਦੀਆਂ ਨੂੰ ਉਨ੍ਹਾਂ ਦੇ ਕੱਟੜਪੰਥੀ ਨਜ਼ਰੀਏ ਅੱਗੇ ਦੇਸ਼ ਨੂੰ ਬੰਦੀ ਬਣਾਉਣ ਦੀ ਇਜਾਜ਼ਤ ਨਹੀਂ ਦੇਵਾਂਗੇ।' ਇਸ ਦੌਰਾਨ ਰਾਸ਼ਟਰਪਤੀ ਆਰਿਫ ਅਲਵੀ ਨੇ ਆਪਣੇ ਸੰਦੇਸ਼ ਵਿਚ ਕਿਹਾ ਕਿ ਦੇਸ਼ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਅਧਿਆਪਕਾਂ ਦੇ ਕਤਲੇਆਮ ਨੂੰ ਕਦੇ ਨਹੀਂ ਭੁੱਲੇਗਾ। ਉਨ੍ਹਾਂ ਨੇ ਕਿਹਾ, 'ਅੱਖਾਂ ਵਿਚ ਹੰਝੂਆਂ ਬਿਨਾਂ ਇਸ ਦਿਨ ਨੂੰ ਯਾਦ ਕਰਨਾ ਮੁਸ਼ਕਲ ਹੈ। ਅਸੀਂ ਆਪਣੇ ਦੇਸ਼ ਤੋਂ ਹਰ ਤਰ੍ਹਾਂ ਦਾ ਅੱਤਵਾਦ ਤੇ ਕੱਟੜਪੰਥ ਖਤਮ ਕਰਨ ਦਾ ਸੰਕਲਪ ਦੁਹਰਾਉਂਦੇ ਹਾਂ।'

## ਬੰਗਲਾ ਦੇਸ਼ ਨੇ ਵਾਪਸੀ ਦੀ ਖੁੱਲ੍ਹ ਦੇਣ ਵਾਸਤੇ ਭਾਰਤ ਤੋਂ ਆਪਣੇ ਲੋਕਾਂ ਦੀ ਸੂਚੀ ਮੰਗੀ

ਢਾਕਾ, 16 ਦਸੰਬਰ (ਪੋਸਟ ਬਿਊਰੋ)- ਬੰਗਲਾ ਦੇਸ਼ ਦੇ ਵਿਦੇਸ਼ ਮੰਤਰੀ ਏ ਕੇ ਅਬਦੁੱਲ ਮੋਮਨ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਦੇਸ਼ ਨੇ ਭਾਰਤ ਨੂੰ ਅਪੀਲ ਕੀਤੀ ਹੈ ਕਿ ਉਹ ਬੰਗਲਾ ਦੇਸ਼ ਦੇ ਨਾਗਰਿਕਾਂ ਦੀ ਸੂਚੀ ਦੇਵੇ, ਜਿਹੜੇ ਭਾਰਤ ਵਿਚ ਗੈਰ ਕਾਨੂੰਨੀ ਤੌਰ ਉੱਤੇ ਰਹਿ ਰਹੇ ਹਨ। ਉਹ ਅਜਿਹੇ ਲੋਕਾਂ ਨੂੰ ਵਾਪਸ ਸੱਦਣ ਲਈ ਤਿਆਰ ਹਨ।

ਨੈਸ਼ਨਲ ਰਜਿਸਟਰ ਆਫ ਸਿਟੀਜਨਸਿਪ (ਐੱਨ ਆਰ ਸੀ) ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਇਹ ਗੱਲ ਕਹੀ। ਮੋਮਨ ਨੇ ਪਿਛਲੇ ਵੀਰਵਾਰ ਦੀ ਆਪਣੀ ਭਾਰਤ ਯਾਤਰਾ ਇਹ ਕਹਿ ਕੇ ਰੱਦ ਕਰ ਦਿੱਤੀ ਸੀ ਕਿ ਉਹ ਕਾਫੀ ਬਿੱਜੀ ਹਨ। ਅੱਜ ਉਨ੍ਹਾਂ ਨੇ ਕਿਹਾ ਕਿ ਬੰਗਲਾ ਦੇਸ਼-ਭਾਰਤ ਦੇ ਰਿਸ਼ਤੇ ਵਧੀਆ ਹਨ ਅਤੇ ਉਨ੍ਹਾਂ ਉੱਤੇ ਕੋਈ ਪ੍ਰਭਾਵ ਨਹੀਂ ਪਿਆ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਨੇ ਐੱਨ ਆਰ ਸੀ ਪ੍ਰਕਿਰਿਆ ਨੂੰ ਆਪਣਾ ਅੰਦਰੂਨੀ ਮੁੱਦਾ ਕਿਹਾ ਅਤੇ ਬੰਗਲਾ ਦੇਸ਼ ਨੂੰ ਇਸ ਦਾ ਭਰੋਸਾ ਦਿੱਤਾ ਹੈ ਕਿ ਇਸ ਨਾਲ ਬੰਗਲਾ ਦੇਸ਼ ਨੂੰ ਫਰਕ ਨਹੀਂ ਪਵੇਗਾ। ਮੋਮਨ ਨੇ ਉਨ੍ਹਾਂ ਅਟਕਲਾਂ ਨੂੰ ਵੀ ਰੱਦ ਕੀਤਾ, ਜਿਨ੍ਹਾਂ ਵਿਚ ਕਿਹਾ ਜਾ ਰਿਹਾ ਸੀ ਕਿ ਕੁਝ ਭਾਰਤੀ ਗੈਰ ਕਾਨੂੰਨੀ ਤਰੀਕੇ ਨਾਲ ਬੰਗਲਾ ਦੇਸ਼ ਆ ਹੋ ਰਹੇ ਹਨ। ਉਹ ਮਾੜੀ ਅਰਥ ਵਿਵਸਥਾ ਕਾਰਨ ਦਲਾਲਾਂ ਰਾਹੀਂ ਬੰਗਲਾ ਦੇਸ਼ ਆ ਰਹੇ ਹਨ। ਉਨ੍ਹਾਂ ਨੇ ਮੀਡੀਆ ਨਾਲ ਗੱਲਬਾਤ ਦੇ ਦੌਰਾਨ ਦੱਸਿਆ ਕਿ ਸਾਡੇ ਨਾਗਰਿਕਾਂ ਦੇ ਇਲਾਵਾ ਜਿਹੜਾ ਵੀ ਬੰਗਲਾ ਦੇਸ਼ ਵਿਚ ਆਵੇਗਾ, ਅਸੀਂ ਵਾਪਸ ਭੇਜ ਦੇਵਾਂਗੇ। ਵਿਦੇਸ਼ ਮੰਤਰੀ ਨੇ ਭਾਰਤ ਨੂੰ ਅਪੀਲ ਕੀਤੀ ਕਿ ਉਹ ਭਾਰਤ ਵਿਚ ਗੈਰ ਕਾਨੂੰਨੀ ਢੰਗ ਨਾਲ ਰਹਿ ਰਹੇ ਬੰਗਲਾ ਦੇਸ਼ੀਆਂ ਦੀ ਸੂਚੀ ਦੇਵੇ ਤਾਂ ਜੋ ਕਿ ਉਹ ਉਨ੍ਹਾਂ ਨੂੰ ਵਾਪਸ ਆਪਣੇ ਦੇਸ਼ ਸੱਦ ਸਕਣ। ਉਨ੍ਹਾਂ ਨੇ ਕਿਹਾ, 'ਅਸੀਂ ਬੰਗਲਾ ਦੇਸ਼ੀ ਨਾਗਰਿਕਾਂ ਨੂੰ ਸੱਦ ਲਵਾਂਗੇ, ਕਿਉਂਕਿ ਉਨ੍ਹਾਂ ਕੋਲ ਆਪਣੇ ਦੇਸ਼ ਵਿਚ ਦਾਖਲ ਹੋਣ ਦਾ ਅਧਿਕਾਰ ਹੈ।'

## 2017 ਤੋਂ ਬਾਅਦ ਦੀਆਂ ਕਿਸਾਨ ਖ਼ੁਦਕੁਸ਼ੀਆਂ ਦਾ ਰਿਕਾਰਡ ਹੀ ਨਹੀਂ

ਨਵੀਂ ਦਿੱਲੀ, 16 ਦਸੰਬਰ (ਪੋਸਟ ਬਿਊਰੋ)- ਖੇਤੀ ਖੇਤਰ ਨਾਲ ਜੁੜੇ ਕੁੱਲ 11,379 ਵਿਅਕਤੀਆਂ ਨੇ 2016 ਦੌਰਾਨ ਖ਼ੁਦਕੁਸ਼ੀ ਕੀਤੀ ਸੀ, ਪਰ ਉਸ ਤੋਂ ਬਾਅਦ ਕਿਸਾਨਾਂ ਵੱਲੋਂ ਖ਼ੁਦਕੁਸ਼ੀ ਕਰਨ ਬਾਰੇ ਸਰਕਾਰ ਨੇ ਰਿਪੋਰਟ ਪਕਾਸ਼ਿਤ ਨਹੀਂ ਕੀਤੀ। ਕੇਂਦਰ ਸਰਕਾਰ ਦੇ ਇੱਕ ਮੰਤਰੀ ਨੇ ਖ਼ੁਦ ਪਾਰਲੀਮੈਂਟ ਵਿੱਚ ਇਹ ਜਵਾਬ ਦਿੱਤਾ ਹੈ। ਪਾਰਲੀਮੈਂਟ ਦੇ ਪਿਛਲੇ ਦਿਨੀਂ ਸਮਾਪਤ ਹੋਏ ਸਰਦ ਰੁੱਤ ਸੈਸ਼ਨ ਮੌਕੇ ਇੱਕ ਸਵਾਲ ਦੇ ਲਿਖਤੀ ਜਵਾਬ ਵਿੱਚ ਖੇਤੀ ਤੇ ਕਿਸਾਨ ਭਲਾਈ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਦੱਸਿਆ ਕਿ ਖੇਤੀ ਖੇਤਰ ਵਿੱਚ ਸ਼ਾਮਲ ਕੁੱਲ 11,379 ਲੋਕਾਂ ਨੇ ਆਤਮ ਹੱਤਿਆ ਕੀਤੀ ਹੈ। ਮੰਤਰੀ ਨੇ ਦੱਸਿਆ ਕਿ ਖ਼ੁਦਕੁਸ਼ੀਆਂ ਸਬੰਧੀ ਸਾਲ 2016 ਤੱਕ ਦੀ ਸੂਚਨਾ ਬਿਊਰੋ ਦੀ ਵੈਬਸਾਈਟ ਉੱਤੇ ਹੈ, ਪਰ ਸਾਲ 2017 ਤੋਂ ਬਾਅਦ ਇਹ ਰਿਪੋਰਟ ਜਾਰੀ ਨਹੀਂ ਹੋਈ ਹੈ।

## ਗੁਰੂ ਕੀ ਗੋਲਕ ਨੂੰ ਅਦਾਲਤੀ ਖਰਚੇ ਲਈ ਵਰਤਣ ਤੋਂ ਵਿਵਾਦ

ਸਿਡਨੀ, 16 ਦਸੰਬਰ (ਪੋਸਟ ਬਿਊਰੋ)- ਇੱਥੇ ਗੁਰਦੁਆਰਾ ਸਾਹਿਬ, ਰਿਵਰਸਬੀ ਕਮੇਟੀ ਦੀ ਚੋਣ ਬਾਰੇ ਤਲਖੀ ਪੈਦਾ ਹੋ ਗਈ ਹੈ। ਹਾਲਾਤ ਨੂੰ ਕਾਬੂ ਹੇਠ ਕਰਨ ਲਈ ਪ੍ਰਬੰਧਕਾਂ ਨੂੰ ਸੁਰੱਖਿਆ ਸਟਾਫ਼ ਲਾਉਣ ਪਿਆ। ਵਿਵਾਦ ਦਾ ਮੁੱਖ ਕਾਰਨ ਗੁਰਦੁਆਰੇ ਦੀ ਕਰੀਬ ਡੇਢ ਲੱਖ ਡਾਲਰ ਤੋਂ ਵੱਧ ਦੀ ਰਕਮ ਅਦਾਲਤੀ ਖਰਚੇ ਉਤੇ ਲੱਗਣਾ ਹੈ। ਗੁਰਦੁਆਰਾ ਕਮੇਟੀ ਦੀ ਮੈਬਰਸ਼ਿਪ ਬਾਰੇ ਦੋਵਾਂ ਧੜਿਆਂ ਦੀ ਵੱਖੋ-ਵੱਖਰੀ ਰਾਏ ਹੈ। ਗੁਰਦੁਆਰੇ ਦੇ ਨਵੇਂ ਪ੍ਰਧਾਨ ਅਵਤਾਰ ਸਿੰਘ ਸਿੱਧੂ ਦੀ ਅਗਵਾਈ ਹੇਠ ਨੌ ਮੈਂਬਰੀ ਵਰਕਿੰਗ ਕਮੇਟੀ ਬਣੀ ਹੈ ਜਿਸ ਦਾ ਤਿੱਖਾ ਵਿਰੋਧ ਹੋਇਆ ਹੈ। ਸਹਾਇਕ ਸਕੱਤਰ ਨਰਿੰਦਰ ਸਿੰਘ ਗਰੇਵਾਲ ਨੇ ਜਨਰਲ ਮੀਟਿੰਗ ਦੌਰਾਨ ਗੁਰਦੁਆਰੇ ਦੀ ਸਾਲਾਨਾ ਲੇਖਾ ਜੋਖਾ ਰਿਪੋਰਟ ਪੜ੍ਹੀ। ਉਨ੍ਹਾਂ ਤੇ ਹੋਰਨਾਂ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗੁਰਦੁਆਰੇ ਪ੍ਰਬੰਧ ਨੂੰ ਸਾਂਭਣ ਲਈ ਸੰਗਤ ਨੂੰ ਧੋਖੇ ਵਿੱਚ ਰੱਖਿਆ ਜਾ ਰਿਹਾ ਹੈ। ਦੋ ਧੜੇ ਪਿੱਛਲੇ ਤਿੰਨ ਸਾਲ ਤੋਂ ਇੱਕ-ਦੂਜੇ ਵਿਰੁੱਧ ਅਦਾਲਤ ਵਿੱਚ ਕੇਸ ਲੜ ਕੇ ਆਏ ਹਨ ਜਿਸ ਵਿੱਚ ਗੋਲਕ ਦਾ ਡੇਢ ਲੱਖ ਡਾਲਰ ਅਜਾਈਂ ਚਲਾ ਗਿਆ ਅਤੇ ਫਿਰ ਉਹ ਆਪਸ 'ਚ ਸੁਲ੍ਹਾ ਕਰ ਕੇ ਸੰਗਤ ਨੂੰ ਗੁਮਰਾਹ ਕਰਦੇ ਹਨ।

## ਦੇਸ਼ ਧ੍ਰੋਹ ਕੇਸ ਵਿੱਚ ਲਾਹੌਰ ਹਾਈ ਕੋਰਟ ਵਿੱਚੋਂ ਮੁਸ਼ੱਰਫ ਨੂੰ ਵੱਡੀ ਰਾਹਤ



ਇਸਲਾਮਾਬਾਦ, 16 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਨੂੰ ਲਾਹੌਰ ਦੀ ਹਾਈ ਕੋਰਟ ਨੇ ਅੱਜ ਸੋਮਵਾਰ ਨੂੰ ਵੱਡੀ ਰਾਹਤ ਦਿੱਤੀ ਹੈ। ਅੱਜ ਲਾਹੌਰ ਹਾਈ ਕੋਰਟ ਨੇ ਜਨਰਲ ਮੁਸ਼ੱਰਫ ਦੀ ਪਟੀਸ਼ਨ ਉੱਤੇ ਪਾਕਿ-ਸਤਾਨ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਨਿਰਦੇਸ਼ ਦਿੱਤਾ ਹੈ ਕਿ ਉਹ ਇਸਲਾਮਾਬਾਦ ਦੀ ਵਿਸ਼ੇਸ਼ ਅਦਾਲਤ ਕੋਲ ਪੈਂਡਿੰਗ ਦੇਸ਼ ਧ੍ਰੋਹ ਦੀ ਕਾਰਵਾਈ ਉੱਤੇ ਰੋਕ ਲਾ ਦੇਵੇ। ਆਪਣੀ ਪਟੀਸ਼ਨ ਵਿਚ ਜਨਰਲ ਮੁਸ਼ੱਰਫ ਨੇ ਹਾਈ ਕੋਰਟ ਨੂੰ ਇਸ ਬਾਰੇ ਅਪੀਲ ਕੀਤੀ ਸੀ ਕਿ ਉਹ ਵਿਸ਼ੇਸ਼ ਅਦਾਲਤ ਵਿਚ ਉਨ੍ਹਾਂ ਵਿਰੁੱਧ ਦੇਸ਼ ਧ੍ਰੋਹ ਦੇ ਕੇਸ ਵਿਚ ਪੈਂਡਿੰਗ ਸਾਰੀਆਂ ਕਾਰਵਾਈਆਂ ਨੂੰ ਗੈਰ ਸੰਵਿਧਾਨਕ ਕਰਾਰ ਦੇਵੇ। ਅਖਬਾਰ ਡਾਨ ਨੇ ਆਪਣੀ ਰਿਪੋਰਟ ਵਿਚ ਇਹ ਜਾਣਕਾਰੀ ਦਿੱਤੀ ਹੈ।

ਵਰਨਣ ਯੋਗ ਹੈ ਕਿ 3 ਮੈਂਬਰੀ ਵਿਸ਼ੇਸ਼ ਅਦਾਲਤ ਇਸ ਚਰਚਿਤ ਤੇ ਬਹੁਤ ਲੰਬੇ ਸਮੇਂ ਤੋਂ ਸੁਣਵਾਈ ਦੀ ਉਡੀਕ ਵਾਲੇ ਦੇਸ਼ ਧ੍ਰੋਹ ਦੇ ਕੇਸ ਵਿਚ ਮੰਗਲਵਾਰ ਆਪਣਾ ਫੈਸਲਾ ਸੁਣਾਉਣ ਵਾਲੀ ਸੀ, ਪਰ ਹਾਈ ਕੋਰਟ ਦੇ ਇਸ ਨਿਰਦੇਸ਼ ਦੇ ਬਾਅਦ ਇਸ ਵਿਚ ਨਵਾਂ ਮੋੜ ਆ ਗਿਆ ਹੈ। ਓਦੋਂ ਪਹਿਲਾਂ ਇਸਲਾਮਾਬਾਦ ਹਾਈ ਕੋਰਟ ਨੇ ਵਿਸ਼ੇਸ਼ ਅਦਾਲਤ ਨੂੰ ਹਾਲੇ ਫੈਸਲਾ ਨਾ ਸੁਣਾਉਣ ਦਾ ਆਦੇਸ਼ ਦਿੱਤਾ ਸੀ। ਵਿਸ਼ੇਸ਼ ਅਦਾਲਤ ਜਨਰਲ ਮੁਸ਼ੱਰਫ ਵਿਰੁੱਧ ਚੱਲ ਰਹੇ ਦੇਸ਼ ਧ੍ਰੋਹ ਕੇਸ ਵਿਚ 28 ਨਵੰਬਰ ਨੂੰ ਆਪਣਾ ਫੈਸਲਾ ਸੁਣਾਉਣ ਵਾਲੀ ਸੀ, ਪਰ ਇਸ ਤੋਂ ਇਕ ਦਿਨ ਪਹਿਲਾਂ ਇਸਲਾਮਾਬਾਦ ਹਾਈ ਕੋਰਟ ਨੇ ਵਿਸ਼ੇਸ਼ ਅਦਾਲਤ ਨੂੰ ਫੈਸਲਾ ਸੁਣਾਉਣ ਤੋਂ ਰੋਕ ਦਿੱਤਾ ਸੀ।

## ਪ੍ਰਦਰਸ਼ਨਾਂ ਦੇ ਦੌਰਾਨ ਹਾਂਗਕਾਂਗ ਪੁਲਸ ਨੂੰ 12 ਕਰੋੜ ਡਾਲਰ ਦਾ ਓਵਰ ਟਾਈਮ ਮਿਲਿਆ

ਹਾਂਗਕਾਂਗ, 16 ਦਸੰਬਰ (ਪੋਸਟ ਬਿਊਰੋ)- ਹਾਂਗਕਾਂਗ ਵਿੱਚ ਲੋਕਤੰਤਰ ਸਮਰਥਕਾਂ ਵਲੋਂ 6 ਮਹੀਨਿਆਂ ਤੋਂ ਜਾਰੀ ਵਿਰੋਧ ਪ੍ਰਦਰਸ਼ਨ ਬਾਰੇ ਚੀਨ ਸਰਕਾਰ ਅਤੇ ਕਾਰੋਬਾਰੀ ਲੋਕ ਭਾਵੇਂ ਪ੍ਰੇਸ਼ਾਨ ਹੋਣ, ਪੁਲਸ ਦੀ ਚਾਂਦੀ ਹੋ ਗਈ। ਹਾਂਗਕਾਂਗ ਪੁਲਸ ਨੂੰ ਪ੍ਰਦਰਸ਼ਨਕਾਰੀਆਂ ਉੱਤੇ ਕਾਬੂ ਪਾਉਣ ਲਈ 12 ਕਰੋੜ ਡਾਲਰ ਦਾ ਓਵਰਟਾਈਮ ਮਿਲਿਆ ਹੈ। ਵਿਧਾਨ ਸਭਾ ਦੀ ਵਿੱਤੀ ਕਮੇਟੀ ਮੁਤਾ-ਬਕ ਏਸ਼ੀਆ ਦੇ ਸਭ ਤੋਂ ਵੱਡੇ ਵਿੱਤੀ ਹੱਬ ਹਾਂਗਕਾਂਗ ਵਿੱਚ ਚੀਨ ਵਿਰੋਧੀ ਪ੍ਰਦਰਸ਼ਨ ਕਰਦੇ ਲੋਕਾਂ ਨੂੰ ਕੰਟਰੋਲ ਕਰਨ ਲਈ ਦੇਸ਼ ਦੀ ਪੁਲਸ ਨੂੰ ਦੇਰ ਰਾਤ ਤਕ ਕੰਮ ਕਰਨਾ ਪਿਆ। ਸੈਲਰੀ ਨੂੰ ਛੱਡ ਦਿੱਤਾ ਜਾਵੇ ਤਾਂ ਸ਼ਹਿਰ ਦੇ ਕਰੀਬ 11,000 ਪੁਲਸ ਕਰਮਚਾਰੀਆਂ ਵਿੱਚੋਂ ਹਰੇਕ ਨੂੰ ਜੂਨ ਤੋਂ ਨਵੰਬਰ ਵਿਚਕਾਰ 8 ਲੱਖ ਰੁਪਏ ਦੀ ਕਮਾਈ ਹੋਈ ਹੈ। ਸੈਲਰੀ, ਭੱਤਿਆਂ ਤੇ ਹੋਰ ਖਰਚਿਆਂ ਨੂੰ ਮਿਲਾ ਲਿਆ ਜਾਵੇ ਤਾਂ ਪੁਲਸ ਦਾ ਬਜਟ ਇਸ ਸਾਲ ਸਿਖਰਾਂ ਛੋਹ ਗਿਆ ਹੈ। ਪੁਲਸ ਨੇ 900 ਪ੍ਰਦਰਸ਼ਨਾਂ, ਜਲੂਸਾਂ ਅਤੇ ਸਭਾਵਾਂ ਨੂੰ ਸੰਭਾਲਿਆ।

ਮਨੁੱਖੀ ਅਧਿਕਾਰ ਸੰਗਠਨ ਪ੍ਰਦਰਸ਼ਨਾਂ ਦੌਰਾਨ ਪੁਲਸ ਦੀ ਜ਼ਿਆਦਤੀ ਦੀ ਨਿੰਦਾ ਕਰਦੇ ਹਨ। ਕੱਲ੍ਹ ਫਿਰ ਪ੍ਰਦਰਸ਼ਨ ਦੌਰਾਨ ਪੁਲਸ ਨੇ 2 ਜਣਿਆਂ ਨੂੰ ਹਿਰਾ-ਸਤ ਵਿੱਚ ਲਿਆ। ਹਾਂਗਕਾਂਗ ਦੇ ਇਸ ਇਤਿਹਾਸਕ ਵਿਰੋਧ ਦੌਰਾਨ ਕਾਰੋਬਾਰ ਠੱਪ ਜਿਹਾ ਹੋ ਗਿਆ ਅਤੇ ਸੈਲਾਨੀਆਂ ਦੀ ਗਿਣਤੀ ਪਿਛਲੇ ਸਾਲ 5 ਕਰੋੜ ਦੇ ਮੁਕਾਬਲੇ ਇਸ ਸਾਲ 3 ਕਰੋੜ ਤੋਂ ਘੱਟ ਰਹਿ ਗਈ ਹੈ। ਕਰੀਬ 40 ਦੇਸ਼ਾਂ ਨੇ ਆਪਣੇ ਨਾਗਰਿਕਾਂ ਨੂੰ ਹਾਂਗਕਾਂਗ ਨਾ ਜਾਣ ਦੀ ਟ੍ਰੈਵਲ ਐਡਵਾਇਜ਼ਰੀ ਜਾਰੀ ਕਰ ਦਿੱਤੀ ਹੈ। ਹਾਂਗਕਾਂਗ ਵਿੱਚ ਪ੍ਰਦਰਸ਼ਨਾਂ ਤੇ ਹਿੰਸਾ ਕਾਰਨ ਵਿਕਰੀ 30 ਫੀਸਦੀ ਤਕ ਡਿੱਗੀ ਹੈ। ਅਰਥ ਵਿਵਸਥਾ ਸਾਲ 2004 ਦੇ ਬਾਅਦ ਪਹਿਲੀ ਵਾਰ ਘਾਟੇ ਵਿੱਚ ਰਹਿ ਸਕਦੀ ਹੈ। ਵੱਡੀਆਂ ਕੰਪਨੀਆਂ ਸ਼ਹਿਰ ਛੱਡ ਕੇ ਭਾਰਤ ਅਤੇ ਹੋਰ ਦੱਖਣ ਪੂਰਬੀ ਏਸ਼ੀਆਈ ਦੇਸ਼ਾਂ ਨੂੰ ਟਿਕਾਣਾ ਬਣਾ ਰਹੀਆਂ ਹਨ।

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

## ਪਾਕਿਸਤਾਨੀ ਕੁੜੀਆਂ ਨੂੰ ਚੀਨ ਵਿਚ ਲਾੜੀਆਂ ਵਜੋਂ ਵੇਚਣ ਉੱਤੇ ਇਮਰਾਨ ਸਰਕਾਰ ਘਿਰੀ



ਇਸਲਾਮਾਬਾਦ, 16 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨੀ ਕੁੜੀਆਂ ਨੂੰ ਚੀਨ ਵਿਚ ਲਾੜੀਆਂ ਦੇ ਰੂਪ ਵਿਚ ਵੇਚਣ ਦੇ ਮਾਮਲੇ ਵਿਚ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਅਗਵਾਈ ਵਾਲੀ ਸਰਕਾਰ ਘਿਰਦੀ ਜਾ ਰਹੀ ਹੈ।

ਪਤਾ ਲੱਗਾ ਹੈ ਕਿ ਪਾਕਿਸਤਾਨ ਦੇ ਉੱਘੇ ਵਕੀਲ ਅਤੇ ਮਨੁੱਖੀ ਅਧਿਕਾਰ ਵਰਕਰ ਰਾਹਤ ਜਾਨ ਆਸਟਿਨ ਨੇ ਇਮਰਾਨ ਸਰਕਾਰ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਉਹ ਉਨ੍ਹਾਂ ਚੀਨੀ ਨਾਗਰਿਕਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕਰਦੀ, ਜਿਹੜੇ ਪਾਕਿਸਤਾਨੀ ਕੁੜੀਆਂ ਨੂੰ ਵਿਆਹ ਪਿੱਛੋਂ ਵੇਸਵਾਪੁਣੇ ਵਿਚ ਧੱਕ ਦਿੰਦੇ ਹਨ। ਪਿੱਛੇ ਜਿਹੇ ਖ਼ਬਰ ਆਈ ਹੈ ਕਿ ਸਾਲ 2018 ਤੋਂ ਅੱਜ ਤਕ 629 ਪਾਕਿਸਤਾਨੀ ਕੁੜੀਆਂ ਨੂੰ ਲਾੜੀਆਂ ਵਜੋਂ ਚੀਨੀ ਨਾਗਰਿਕਾਂ ਨੂੰ ਵੇਚਿਆ ਗਿਆ ਹੈ, ਪ੍ਰੰਤੂ ਚੀਨ ਨਾਲ ਆਪਣੇ ਗੂੜ੍ਹੇ ਸਬੰਧਾਂ ਕਾਰਨ ਪਾਕਿ-ਸਤਾਨ ਇਸ ਬਾਰੇ ਕੁਝ ਨਹੀਂ ਕਰ ਰਿਹਾ।

ਇਕ ਟੀ ਵੀ ਚੈਨਲ ਉੱਤੇ ਚਰਚਾ ਦੌਰਾਨ ਆਸਟਿਨ ਨੇ ਕਿਹਾ ਕਿ ਪਾਕਿ-ਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਇਸ ਭਿਆਨਕ ਸੱਚਾਈ ਨੂੰ ਨਜ਼ਰ ਅੰਦਾਜ ਕਰ ਰਹੇ ਹਨ। ਉਹ ਕਹਿੰਦੇ ਹਨ ਕਿ ਇਹ ਵਿਦੇਸ਼ੀ ਏਜੰਡਾ ਹੈ, ਇਹ ਪਾਕਿ-ਸਤਾਨ-ਚੀਨ ਦੀ ਰਣਨੀਤਕ ਭਾਈਵਾਲੀ ਦੇ ਖ਼ਿਲਾਫ਼ ਸਾਜ਼ਿਸ਼ ਹੈ। ਉਨ੍ਹਾਂ ਨੇ ਚੀਨੀ ਨਾਗਰਿਕਾਂ ਦੇ ਹੱਥਾਂ ਵਿਚ 600 ਤੋਂ ਵੱਧ ਪਾਕਿਸਤਾਨੀ ਕੁੜੀਆਂ ਨੂੰ ਵੇਚਣ ਦੇ ਸਰਕਾਰੀ ਅੰਕੜਿਆਂ ਨੂੰ ਰੱਦ ਕਰਦੇ ਹੋਏ ਕਿਹਾ ਕਿ ਇਹ ਗਿਣਤੀ ਇਸ ਤੋਂ ਕਿਤੇ ਵੱਧ ਹੈ। ਆਸਟਿਨ ਨੇ ਦੱਸਿਆ ਕਿ ਪਾਕਿਸਤਾਨੀ ਕੁੜੀ ਨੂੰ ਵੇਚਣ ਦਾ ਪਹਿਲਾ ਮਾਮਲਾ ਤਿੰਨ ਸਾਲ ਪਹਿਲੇ ਸਾਹਮਣੇ ਆਇਆ ਸੀ। ਓਦੋਂ ਸਲੀਮ ਇਕਬਾਲ ਨਾਮਕ ਈਸਾਈ ਕੁੜੀ ਨੇ ਦੱਸਿਆ ਸੀ ਕਿ ਉਸ ਨੂੰ ਵੇਸਵਾਪੁਣੇ ਵਿਚ ਧੱਕ ਦਿੱਤਾ ਗਿਆ ਸੀ, ਪ੍ਰੰਤੂ ਇਸ ਨੂੰ ਕਿਸੇ ਨੇ ਗੰਭੀਰਤਾ ਨਾਲ ਨਹੀਂ ਲਿਆ। ਆਸਟਿਨ ਨੇ ਕਿਹਾ ਕਿ ਕੁਝ ਪੱਤਰਕਾਰਾਂ ਨੇ ਇਸ ਤਰ੍ਹਾਂ ਦੇ ਕੇਸਾਂ ਨੂੰ ਜ਼ਾਹਰ ਕਰਨ ਦਾ ਯਤਨ ਕੀਤਾ, ਪ੍ਰੰਤੂ ਉਨ੍ਹਾਂ ਨੂੰ ਏਡੇ ਦਬਾਅ ਦਾ ਸਾਹਮਣਾ ਕਰਨਾ ਪਿਆ ਜਿਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਸਾਡੇ ਉੱਤੇ ਪਾਕਿਸਤਾਨ ਤੇ ਚੀਨ ਦੇ ਸਬੰਧਾਂ ਅਤੇ ਸੀ ਪੀ ਈ ਸੀ ਪ੍ਰਾਜੈਕਟ ਨੂੰ ਖ਼ਰਾਬ ਕਰਨ ਦਾ ਦੋਸ਼ ਲਾਇਆ ਜਾਂਦਾ ਹੈ। ਲੋਕ ਸਾਡੇ ਉੱਤੇ ਇਹ ਦੋਸ਼ ਵੀ ਲਾਉਂਦੇ ਹਨ ਕਿ ਜੇ ਕੋਈ ਹਿੰਦੂ ਹੈ ਤਾਂ ਉਹ ਭਾਰਤ ਲਈ ਜਾਸੂਸੀ ਕਰ ਰਿਹਾ ਹੈ ਅਤੇ ਈਸਾਈ ਹੈ ਤਾਂ ਇਜ਼ਰਾਈਲ ਜਾਂ ਅਮਰੀਕਾ ਲਈ ਜਾਸੂਸੀ ਦਾ ਕਰਦਾ ਹੈ।

ਵਰਨਣ ਯੋਗ ਹੈ ਕਿ ਮਨੁੱਖੀ ਸਮੱਗਲਿੰਗ ਵਿੱਚ ਫੜੇ ਗਏ 31 ਚੀਨੀ ਨਾਗਰਿਕ ਅਕਤੂਬਰ ਵਿਚ ਫੈਸਲਾਬਾਦ ਦੀ ਇਕ ਅਦਾਲਤ ਤੋਂ ਬਰੀ ਹੋ ਗਏ ਸਨ। ਇਕ ਜਾਂਚ ਕਰਤਾ ਨੇ ਦੱਸਿਆ ਕਿ ਪੁਲਿਸ ਕੋਲ ਮੂੰਹ ਖੋਲ੍ਹਣ ਵਾਲੀਆਂ ਕੁੜੀਆਂ ਨੇ ਬਾਅਦ ਵਿਚ ਅਦਾਲਤ ਨੂੰ ਬਿਆਨ ਦੇਣ ਤੋਂ ਮਨ੍ਹਾਂ ਕਰ ਦਿੱਤਾ, ਕਿਉਂਕਿ ਉਨ੍ਹਾਂ ਨੂੰ ਧਮਕਾਇਆ ਗਿਆ ਜਾਂ ਪੈਸੇ ਦੇ ਕੇ ਮੂੰਹ ਬੰਦ ਕਰਵਾ ਦਿੱਤਾ ਗਿਆ ਸੀ। ਪਾਕਿਸਤਾਨ ਵਿੱਚ ਗ਼ਰੀਬ ਪਰਿਵਾਰਾਂ ਤੇ ਖ਼ਾਸ ਤੌਰ ਉੱਤੇ ਈਸਾਈ ਭਾਈਚਾਰੇ ਦੀਆਂ ਲੜਕੀਆਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਉਨ੍ਹਾਂ ਦੇ ਪਰਿਵਾਰਾਂ ਨੂੰ ਮੋਟੀ ਰਕਮ ਦਾ ਝਾਂਸਾ ਦੇ ਕੇ ਜਾਲ ਵਿਚ ਫਸਾਇਆ ਜਾਂਦਾ ਹੈ। ਉਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਵਿਆਹ ਪਿੱਛੋਂ ਉਨ੍ਹਾਂ ਦੀ ਧੀ ਦੀ ਜ਼ਿੰਦਗੀ ਸੁਧਰ ਜਾਏਗੀ।

## ਯੂ ਐੱਨ ਵਾਤਾਵਰਣ ਕਾਨਫਰੰਸ ਫਿਰ ਅਸਫਲ ਹੋਈ, ਕੋਈ ਠੋਸ ਹੱਲ ਨਹੀਂ ਲੱਭਿਆ




ਮੈਡਰਿਡ, 16 ਦਸੰਬਰ (ਪੋਸਟ ਬਿਊਰੋ)- ਮੈਡਰਿਡ ਵਿੱਚ ਵਾਤਾਵਰਣ ਬਾਰੇ ਯੂ ਐਨ ਸਿਖਰ ਸੰਮੇਲਨ ਇੱਕ ਵਾਰ ਫਿਰ ਬਿਨਾਂ ਠੋਸ ਨਤੀਜੇ ਦੇ ਖਤਮ ਹੋ ਗਿਆ। ਦੇਸ਼ਾਂ ਵਿਚਕਾਰ ਲੰਬੀ ਗੱਲਬਾਤ 'ਚ ਗਲੋਬਲ ਵਾਰਮਿੰਗ ਐਮਰਜੈਂਸੀ ਨੂੰ ਟਾਲਣ ਦੀ ਯੋਜਨਾ ਬਣਾਉਣ 'ਤੇ ਅਮਲ ਬਾਰੇ ਉਨ੍ਹਾਂ ਵਿਚਕਾਰ ਪਹਿਲਾਂ ਤੋਂ ਕਿਤੇ ਵਧੇਰੇ ਮਤਭੇਦ ਨਜ਼ਰ ਆਏ।

ਗੱਲਬਾਤ ਖਤਮ ਹੋਣ ਦੀ ਤੈਅ ਸੀਮਾ ਦੇ 36 ਘੰਟੇ ਬਾਅਦ ਪ੍ਰਤੀਨਿਧੀ ਵਿਵਾਦਤ ਮੁੱਦਿਆਂ 'ਤੇ ਸਮਝੌਤੇ ਦੇ ਨੇੜੇ ਸਨ। ਇਨ੍ਹਾਂ ਚੋਂ ਇੱਕ ਮੁੱਦਾ ਸੀ ਕਿ ਜਲਵਾਯੂ ਪਰਿਵਰਤਨ ਨਾਲ ਲੜਨ ਲਈ ਹਰੇਕ ਦੇਸ਼ ਆਪਣੀ ਯੋਜਨਾ ਬਾਰੇ ਕਿੰਨਾ ਕੁ ਉਤਸ਼ਾਹੀ ਹੈ। ਵਿਗਿਆਨ ਰਾਹੀਂ ਮਿਲੀਆਂ ਚਿਤਾਵਨੀਆਂ, ਜਲਵਾਯੂ ਪਰਿਵਰਤਨ ਕਾਰਨ ਪੈਦਾ ਹੋਈਆਂ ਗੰਭੀਰ ਮੌਸਮੀ ਸਥਿਤੀਆਂ ਤੇ ਲੱਖਾਂ ਨੌਜਵਾਨਾਂ ਵੱਲੋਂ ਕੀਤੀਆਂ ਜਾਂਦੀਆਂ ਹਫਤਾਵਾਰ ਹੜਤਾਲਾਂ ਵਿਚਕਾਰ ਮੈਡਰਿਡ ਵਿਖੇ ਹੋਈ ਗੱਲਬਾਤ 'ਤੇ ਕਾਫੀ ਦਬਾਅ ਸੀ ਕਿ ਉਹ ਸਾਫ ਸੰਕੇਤ ਦੇਣ ਕਿ ਸਰਕਾਰਾਂ ਇਸ ਸੰਕਟ ਨਾਲ ਨਜਿੱਠਣ ਲਈ ਆਪਣੀਆਂ ਕੋਸ਼ਿਸ਼ਾਂ ਨੂੰ ਹੋਰ ਤੇਜ਼ ਕਰਨ ਦੀਆਂ ਇਛੁੱਕ ਹਨ, ਪਰ ਜਲਵਾਯੂ ਸੰਬੰਧੀ ਆਫਤਾਂ ਦੀ ਮਾਰ ਪਹਿਲਾਂ ਤੋਂ ਝੱਲ ਰਹੇ ਦੇਸ਼ਾਂ ਦੇ ਪ੍ਰਤੀਨਿਧਾਂ ਨੇ ਕਿਹਾ ਕਿ ਮੈਡਰਿਡ ਦਾ ਕਾਪ 25 ਆਪਣੇ ਹੀ ਨਾਅਰੇ ਟਾਈਮ ਫਾਰ ਐਕਸ਼ਨ 'ਚ ਅਸਫਲ ਰਿਹਾ।

ਗ੍ਰੇਨੇਡਾ ਦੇ ਰਾਜਦੂਤ ਸਿਮੋਨ ਸਟੀਲ ਨੇ ਕਿਹਾ, ਅਸੀਂ ਪੈਰਿਸ ਸਮਝੌਤੇ 'ਚ ਮੌਜੂਦ ਪ੍ਰਬੰਧਾਂ ਨੂੰ ਬਰਕਰਾਰ ਰੱਖਣਾ ਚਾਹੁੰਦੇ ਹਾਂ ਅਤੇ ਅਸੀਂ ਹਰੇਕ ਕਾਪ ਵਿੱਚ ਦੇਖਦੇ ਹਾਂ ਕਿ ਇਸ ਨੂੰ ਉਨ੍ਹਾਂ ਕਾਨੂੰਨਾਂ ਨੂੰ ਨਸ਼ਟ ਕਰਨ ਦੇ ਹੋਰ ਮੌਕੇ ਦੇ ਰੂਪ ਵਜੋਂ ਦੇਖਿਆ ਜਾਂਦਾ ਹੈ। ਮੈਡਰਿਡ ਵਿੱਚ ਕਰੀਬ 200 ਰਾਸ਼ਟਰਾਂ ਦੇ ਪ੍ਰਤੀਨਿਧੀ 2015 'ਚ ਪਾਸ ਹੋਏ ਪੈਰਿਸ ਸਮਝੌਤੇ ਲਈ ਨਿਯਮ ਪੁਸਤਕ ਨੂੰ ਆਖਰੀ ਰੂਪ ਦੇਣ ਲਈ ਇਕੱਠੇ ਹੋਏ ਸਨ। ਇਸ 'ਤੇ ਅਗਲੇ ਸਾਲ ਤੋਂ ਅਮਲ ਕਰਨਾ ਹੈ।

# ਨਰਿੰਦਰ ਮੋਦੀ ਦਾ ਵਿਰੋਧੀਆਂ ਉਤੇ ਹਮਲਾ, ਪਾਕਿਸਤਾਨੀਆਂ ਵਾਂਗ ਹਨ ਕਾਂਗਰਸ ਦੇ ਲੱਛਣ



ਰਾਂਚੀ, 16 ਦਸੰਬਰ (ਪੋਸਟ ਬਿਊਰੋ)- ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਬਾਰੇ ਦੇਸ਼ ਦੇ ਕੁਝ ਹਿੱਸਿਆਂ ਵਿੱਚ ਹੋਈ ਹਿੰਸਾ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿੱਧਾ ਕਾਂਗਰਸ ਨੂੰ ਜ਼ਿੰਮੇਵਾਰ ਆਖਿਆ ਹੈ। ਉਨ੍ਹਾਂ ਕਿਹਾ ਕਿ ਸਾਡਾ ਵਿਰੋਧ ਕਰਦਿਆਂ-ਕਰਦਿਆਂ ਕਾਂਗਰਸ ਦੇਸ਼ ਦਾ ਹੀ ਵਿਰੋਧ ਕਰਨ ਲੱਗੀ ਹੈ।

ਵਰਨਣ ਯੋਗ ਹੈ ਕਿ ਨਰਿੰਦਰ ਮੋਦੀ ਝਾਰਖੰਡ ਰਾਜ ਦੇ ਦੁਮਕਾ ਵਿੱਚ ਕੱਲ੍ਹ ਚੋਣ ਜਲਸੇ ਨੂੰ ਸੰਬੋਧਨ ਕਰ ਰਹੇ ਸਨ। ਲੰਡਨ ਵਿੱਚ ਭਾਰਤੀ ਦੂਤਘਰ ਦੇ ਸਾਹਮਣੇ ਹੋਏ ਪ੍ਰਦਰਸ਼ਨ 'ਤੇ ਟਿੱਪਣੀ ਕਰਦਿਆਂ ਮੋਦੀ ਨੇ ਕਿਹਾ, 'ਅੱਜ ਤੱਕ ਇਹ ਕੰਮ ਪਾਕਿਸਤਾਨੀ ਨਾਗਰਿਕ ਅਤੇ ਪਾਕਿਸਤਾਨੀ ਪੈਸਿਆਂ ਉਤੇ ਪਲਣ ਵਾਲੇ ਲੋਕ ਕਰਦੇ ਰਹੇ ਹਨ ਪਰ ਅੱਜਕੱਲ੍ਹ ਕਾਂਗਰਸ ਵੀ ਇਹ ਕੰਮ ਕਰਨ ਲੱਗੀ ਹੈ। ਕਾਂਗਰਸ ਜਿਸ ਤਰ੍ਹਾਂ ਨਾਗਰਿਕਤਾ ਕਾਨੂੰਨ ਦਾ ਵਿਰੋਧ ਕਰ ਰਹੀ ਹੈ ਉਸ ਤੋਂ ਇਹੀ ਲੱਗਦਾ ਹੈ ਕਿ ਸਾਡਾ ਫ਼ੈਸਲਾ ਹਜ਼ਾਰ ਫ਼ੀਸਦੀ ਸਹੀ ਹੈ। ਕਾਂਗਰਸ ਵਾਲਿਆਂ ਤੋਂ ਕੋਈ ਆਸ ਨਹੀਂ ਬਚੀ। ਉਹ ਸਿਰਫ ਅਤੇ ਸਿਰਫ ਆਪਣੇ ਪਰਿਵਾਰ ਲਈ ਜਨਤਕ ਜੀਵਨ ਵਿੱਚ ਆਏ ਹਨ। ਦੇਸ਼ ਅਤੇ ਸਮਾਜ ਦੇ ਹਿੱਤ 'ਚ ਕੰਮ ਕਰਨ ਵਾਲਿਆਂ ਨੂੰ ਕਦੇ ਸਵੀਕਾਰ ਨਹੀਂ ਕਰਦੇ।' ਪ੍ਰਧਾਨ ਮੰਤਰੀ ਨੇ ਕਿਹਾ ਕਿ ਲੰਡਨ ਵਿੱਚ ਪ੍ਰਦਰਸ਼ਨ ਨਾਲ ਹਿੰਦੋਸਤਾਨ ਨੂੰ ਬਦਨਾਮ ਕਰਨ ਦਾ ਕੰਮ ਹੋ ਰਿਹਾ ਹੈ। ਅਸਾਮ ਅਤੇ ਉੱਤਰ-ਪੱਛਮ ਅੱਜ ਕੱਲ੍ਹ ਅਜਿਹਾ ਵਿਹਾਰ ਕਰ ਰਿਹਾ ਹੈ ਜਿਸ ਨਾਲ ਦੇਸ਼ ਦਾ ਮਾਨ-ਸਨਮਾਨ ਵਧੇ। ਇਹੀ ਲੋਕਤੰਤਰ ਹੈ। ਲੰਡਨ ਵਿੱਚ ਭਾਰਤੀ ਦੂਤਘਰ ਸਾਹਮਣੇ ਪਾਕਿਸਤਾਨ ਵਾਲਿਆਂ ਨੇ ਓਦੋਂ ਪ੍ਰਦਰਸ਼ਨ ਕੀਤਾ ਜਦੋਂ ਸੁਪਰੀਮ ਕੋਰਟ ਨੇ ਰਾਮ ਜਨਮਭੂਮੀ 'ਤੇ ਫ਼ੈਸਲਾ ਦਿੱਤਾ ਹੈ।

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
- 7 Days Work
- All Shifts Available

Toronto ਤੋਂ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

# ਇੱਕ ਰੁਪਿਆ ਵੀ ਖ਼ਰਚ ਨਹੀਂ ਕੀਤਾ ਤਾਂ ਔਰਤਾਂ ਨਿਰਭੈ ਕਿਵੇਂ ਹੋਣ



ਨਵੀਂ ਦਿੱਲੀ, 16 ਦਸੰਬਰ (ਪੋਸਟ ਬਿਊਰੋ)- ਮਹਿਲਾ ਸੁਰੱਖਿਆ ਲਈ ਸਾਲ 2013 ਵਿੱਚ ਕੇਂਦਰ ਸਰਕਾਰ ਵੱਲੋਂ ਦਿੱਤੇ ਜਾਣ ਵਾਲੇ ਨਿਰਭੈਆ ਫੰਡ ਦਾ ਰਾਜਾਂ ਨੇ ਸਿਰਫ਼ ਨੌਂ ਫੀਸਦੀ ਵਰਤਿਆ ਹੈ। ਦੇਸ਼ ਵਿੱਚ ਵੱਧਦੇ ਬਲਾਤਕਾਰ ਦੇ ਕੇਸਾਂ ਦੀ ਗਿਣਤੀ ਦੌਰਾਨ ਮਹਾਰਾਸ਼ਟਰ ਅਤੇ ਮੇਘਾਲਿਆ ਵਰਗੇ ਰਾਜਾਂ ਨੇ ਇਸ ਮਦ ਦਾ ਇੱਕ ਰੁਪਇਆ ਵੀ ਖਰਚ ਨਹੀਂ ਕੀਤਾ। ਸਰਕਾਰੀ ਅੰਕੜਿਆਂ ਮੁਤਾਬਕ ਕੇਂਦਰ ਸਰਕਾਰ ਨੇ ਰਾਜਾਂ ਅਤੇ ਕੇਂਦਰ ਸ਼ਾਸਤ ਰਾਜਾਂ ਨੂੰ ਇਸ ਫੰਡ ਤਹਿਤ 1649 ਕਰੋੜ ਰੁਪਏ ਵੰਡੇ ਸਨ, ਜਿਸ ਵਿੱਚੋਂ ਰਾਜਾਂ ਨੇ ਸਿਰਫ਼ 147 ਕਰੋੜ ਰੁਪਏ ਖਰਚ ਕੀਤੇ ਹਨ।

ਪਿੱਛੇ ਜਿਹੇ ਉੱਤਰ ਪ੍ਰਦੇਸ਼ ਅਤੇ ਤੇਲੰਗਾਨਾ ਵਿੱਚ ਬਲਾਤਕਾਰ ਅਤੇ ਕਤਲ ਦੀਆਂ ਭਿਆਨਕ ਘਟਨਾਵਾਂ ਦੌਰਾਨ ਮਹਿਲ ਅਤੇ ਬਾਲ ਵਿਕਾਸ ਮੰਤਰੀ ਸਮ੍ਰਿਤੀ ਇਰਾਨੀ ਨੇ ਲੋਕ ਸਭਾ ਨੂੰ ਦੱਸਿਆ ਸੀ ਕਿ ਨਿਰਭੈਆ ਫੰਡ ਦੀ ਸਭ ਤੋਂ ਵੱਡੀ ਰਕਮ ਹਾਸਲ ਕਰਨ ਵਾਲੇ ਰਾਜਾਂ ਵਿੱਚ ਕਰਨਾਟਕ, ਤਾਮਿਲ ਨਾਡੂ ਅਤੇ ਦਿੱਲੀ ਸ਼ਾਮਲ ਹਨ। ਕੇਂਦਰ ਤੋਂ ਮਿਲੇ ਇਸ ਫੰਡ ਦਾ ਕਰਨਾਟਕ ਨੇ ਸੱਤ ਫੀਸਦੀ ਹੀ ਵਰਤਿਆ ਹੈ। ਕਰਨਾਟਕ ਨੂੰ 191 ਕਰੋੜ ਰੁਪਏ ਦਿੱਤੇ ਗਏ, ਜਿਸ ਵਿੱਚੋਂ ਸਿਰਫ਼ 13.68 ਕਰੋੜ ਦੀ ਵਰਤੋਂ ਕੀਤੀ ਸੀ। ਕੇਂਦਰੀ ਮੰਤਰੀ ਨੇ ਪਾਰਲੀਮੈਂਟ ਵਿੱਚ ਦਿੱਤੇ ਅੰਕੜਿਆਂ ਵਿੱਚ ਦੱਸਿਆ ਸੀ ਕਿ ਛੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਮਹਾਰਾਸ਼ਟਰ, ਮਣੀਪੁਰ, ਮੇਘਾਲਿਆ, ਸਿੱਕਮ, ਤ੍ਰਿਪੁਰਾ ਅਤੇ ਦਮਨ ਅਤੇ ਦਿਵੂ ਨੇ ਕੇਂਦਰ ਤੋਂ ਮਿਲੀ ਰਕਮ ਵਿੱਚੋਂ ਇੱਕ ਰੁਪਇਆ ਵੀ ਖਰਚ ਨਹੀਂ ਕੀਤਾ। ਇਨ੍ਹਾਂ ਅੰਕੜਿਆਂ ਮੁਤਾਬਕ ਰਾਸ਼ਟਰੀ ਰਾਜਧਾਨੀ ਦਿੱਲੀ ਨੂੰ 390 ਕਰੋੜ ਰੁਪਏ ਮਿਲੇ ਸਨ, ਜਿਸ ਵਿੱਚੋਂ ਸਿਰਫ਼ 19.41 ਕਰੋੜ ਰੁਪਏ ਸੂਬਾ ਸਰਕਾਰ ਨੇ ਵਰਤੇ ਹਨ।

ਇਸ ਬਾਰੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਕਹਿਣਾ ਹੈ ਕਿ ਕੇਂਦਰ ਨੇ ਦਿੱਲੀ ਸਰਕਾਰ ਦੀ ਉਸ ਤਜਵੀਜ਼ ਨੂੰ ਠੁਕਰਾ ਦਿੱਤਾ, ਜਿਸ ਵਿੱਚ ਨਿਰਭੈਆ ਫੰਡ ਦੀ ਵਰਤੋਂ 5500 ਡੀ ਟੀ ਸੀ ਅਤੇ ਕਲੱਸਟਰ ਬੱਸਾਂ ਵਿੱਚ ਸੀ ਸੀ ਟੀ ਵੀ ਕੈਮਰੇ ਅਤੇ ਪੈਨਿਕ ਬਟਨ ਲਾਉਣ ਲਈ ਕੀਤੀ ਜਾਣੀ ਸੀ। ਮੁੱਖ ਮੰਤਰੀ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੂੰ 390 ਕਰੋੜ ਰੁਪਏ ਦੀ ਰਕਮ ਹੀ ਨਹੀਂ ਮਿਲੀ। ਕੇਂਦਰ ਸਰਕਾਰ ਤੋਂ ਨਿਰਭੈਆ ਫੰਡ ਹੇਠ ਮਿਲੇ ਪੈਸੇ ਦੀ ਵਰਤੋਂ ਐਮਰਜੈਂਸੀ ਰਿਸਪਾਂਸ ਸਕੀਮ ਸਮੇਤ 13 ਯੋਜਨਾਵਾਂ 'ਤੇ ਖਰਚ ਕੀਤੀ ਜਾਣੀ ਹੈ। ਕੇਂਦਰ ਨੇ ਫੰਡ ਦੀ ਵਰਤੋਂ ਨਾ ਹੋਣ ਦਾ ਦੋਸ਼ ਸੂਬਾ ਸਰਕਾਰਾਂ 'ਤੇ ਲਾਇਆ ਹੈ ਜਦ ਕਿ ਰਾਜਾਂ ਦਾ ਦੋਸ਼ ਹੈ ਕਿ ਉਨ੍ਹਾਂ ਦੇ ਤਜਵੀਜ਼ ਸ਼ੁਦਾ ਪ੍ਰੋਗਰਾਮਾਂ ਨੂੰ ਕੇਂਦਰ ਨੇ ਮਨਜ਼ੂਰੀ ਹੀ ਨਹੀਂ ਦਿੱਤੀ।

# ਛੁੱਟੀ ਵਾਲੇ ਦਿਨ ਚਲਾਨ ਪੇਸ਼ ਕਰਨ ਗਈ ਪੁਲਸ ਜੱਜ ਨੇ ਵਾਪਸ ਮੋੜੀ

ਇੰਦੌਰ, 16 ਦਸੰਬਰ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਬਹੁ-ਚਰਚਿਤ ਹਨੀਟ੍ਰੈਪ ਮਾਮਲੇ ਵਿੱਚ ਕੱਲ੍ਹ ਚਲਾਨ (ਦੋਸ਼ ਪੱਤਰ) ਪੇਸ਼ ਕਰਨ ਪਹੁੰਚੀ ਇੰਦੌਰ ਪੁਲਸ ਨੂੰ ਕੋਰਟ ਨੇ ਬੈਰੰਗ ਮੋੜ ਦਿੱਤਾ।

ਛੁੱਟੀ ਵਾਲੇ ਦਿਨ ਖਾਸ ਤੌਰ 'ਤੇ ਖੁੱਲ੍ਹਣ ਵਾਲੀ ਰਿਮਾਂਡ ਕੋਰਟ ਵਿੱਚ ਸ਼ਹਿਰ ਦੀ ਪਲਾਸੀਆ ਥਾਣਾ ਪੁਲਸ ਸ਼ਾਮ ਨੂੰ ਕਰੀਬ ਪੌਣੇ ਪੰਜ ਵਜੇ ਚਲਾਨ ਲੈ ਕੇ ਪਹੁੰਚੀ ਸੀ। ਕੋਰਟ ਨੇ ਉਸ ਨੂੰ ਇਨਕਾਰ ਕਰ ਕੇ ਕਹਿ ਦਿੱਤਾ ਕਿ ਇਸ ਨੂੰ ਕੰਮ ਵਾਲੇ ਦਿਨ ਕੋਰਟ ਵਿੱਚ ਪੇਸ਼ ਕਰਨ। ਇਹ ਸਵਾਲ ਵੀ ਕੀਤਾ ਕਿ ਚਲਾਨ ਪੇਸ਼ ਕਰਨ ਦੀ ਇੰਨੀ ਜਲਦੀ ਕਿਉਂ ਹੈ? ਪੁਲਸ ਨੇ 450 ਸਫਿਆਂ ਦਾ ਚਲਾਨ ਤਿਆਰ ਕੀਤਾ ਹੈ।

ਬਲੈਕਮੇਲਿੰਗ ਦੇ ਇਸ ਚਰਚਿਤ ਹਨੀ ਟ੍ਰੈਪ ਕੇਸ ਵਿੱਚ ਫਰਿਆਦੀ ਬਣੇ ਇੰਦੌਰ ਨਗਰ ਨਿਗਮ ਦੇ ਬਰਖਾਸਤ ਹੋਏ ਇੰਜੀਨੀਅਰ ਹਰਭਜਨ ਸਿੰਘ ਦੀ ਸ਼ਿਕਾਇਤ 'ਤੇ ਦਰਜ ਛੇ ਦੋਸ਼ੀਆਂ ਦੇ ਖਿਲਾਫ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਸੀਖਾਂ ਪਿੱਛੇ ਪਹੁੰਚਾਇਆ ਜਾ ਚੁੱਕਾ ਹੈ। ਇਨ੍ਹਾਂ ਦੇ ਖਿਲਾਫ ਦੋਸ਼ ਪੱਤਰ ਦੇ ਕੇ ਪਲਾਸੀਆ ਥਾਣੇ ਦੇ ਇੰਚਾਰਜ ਵਿਨੋਦ ਦੀਕਸ਼ਿਤ ਕੱਲ੍ਹ ਕੋਰਟ ਪਹੁੰਚੇ ਸਨ। ਰਿਮਾਂਡ ਕੋਰਟ ਦੇ ਸਾਹਮਣੇ ਉਨ੍ਹਾਂ ਨੇ ਜਦੋਂ ਚਲਾਨ ਰੱਖਿਆ ਤਾਂ ਮੈਜਿਸਟਰੇਟ ਸੰਜੇ ਭਰਾਵੀ ਨੇ ਮਿਆਦ ਦੀ ਗਣਨਾ ਕੀਤੀ ਤੇ ਕਿਹਾ ਕਿ ਗ੍ਰਿਫਤਾਰੀ ਦੇ ਬਾਅਦ ਨੱਬੇ ਦਿਨ ਦੀ ਮਿਆਦ ਪੂਰੀ ਹੋਣ ਵਿੱਚ ਅਜੇ ਸਮਾਂ ਹੈ। ਕੋਰਟ ਨੇ ਸਵਾਲ ਉਠਾਇਆ ਕਿ ਅਜਿਹਾ ਕੋਈ ਕਾਰਨ ਨਜ਼ਰ ਨਹੀਂ ਆਉਂਦਾ ਕਿ ਛੁੱਟੀ ਵਾਲੇ ਦਿਨ ਰਿਮਾਂਡ ਕੇਸਾਂ ਦੀ ਸੁਣਵਾਈ ਦੇ ਲਈ ਖੁੱਲ੍ਹਣ ਵਾਲੀ ਕੋਰਟ ਵਿੱਚ ਚਲਾਨ ਪੇਸ਼ ਕੀਤਾ ਜਾਏ?

ਵਰਣਨ ਯੋਗ ਹੈ ਕਿ 18 ਸਤੰਬਰ ਨੂੰ ਪਲਾਸੀਆ ਥਾਣੇ ਵਿੱਚ ਹਨੀਟ੍ਰੈਪ ਕੇਸ ਵਿੱਚ ਸ਼ਿਕਾਇਤ ਦਰਜ ਹੋਈ ਸੀ। ਅਸ਼ਲੀਲ ਵੀਡੀਓ ਕਲਿਪ ਦੇ ਰਾਹੀਂ ਨਗਰ ਨਿਗਮ ਦੇ ਇੰਜੀਨੀਅਰ ਹਰਭਜਨ ਸਿੰਘ ਤੋਂ ਤਿੰਨ ਕਰੋੜ ਰੁਪਏ ਦੀ ਮੰਗ ਕੀਤੀ ਗਈ ਸੀ। ਇਸ ਕੇਸ ਵਿੱਚ ਬਲੈਕਮੇਲਿੰਗ ਤੋਂ ਲੈ ਕੇ ਆਈ ਟੀ ਐਕਟ ਅਤੇ ਹੋਰ ਧਾਰਾਵਾਂ ਵਿੱਚ ਸ਼ਵੇਤਾ ਵਿਜੇ ਜੈਨ, ਸ਼ਵੇਤਾ ਸਵਪਨਿਲ ਜਦੈਨ, ਆਰਤੀ ਯਾਦਵ, ਡਰਾਈਵਰ ਓਮ ਪ੍ਰਕਾਸ਼ ਅਤੇ ਹੋਰਨਾਂ ਦੇ ਖਿਲਾਫ ਮਾਮਲਾ ਦਰਜ ਕਰ ਕੇ ਉਨ੍ਹਾਂ ਦੀ ਗ੍ਰਿਫਤਾਰੀ ਕੀਤੀ ਗਈ ਸੀ। ਨਿਯਮਾਂ ਅਨੁਸਾਰ ਦੋਸ਼ੀਆਂ ਦੀ ਗ੍ਰਿਫਤਾਰੀ ਦੇ ਬਾਅਦ ਦੋਸ਼ ਪੱਤਰ ਪੇਸ਼ ਕਰਨ ਦੇ ਲਈ ਨੱਬੇ ਦਿਨ ਸਮਾਂ ਮਿਲਦਾ ਹੈ। ਇਸ ਦੌਰਾਨ ਚਲਾਨ ਪੇਸ਼ ਨਹੀਂ ਹੁੰਦਾ ਹੈ ਤਾਂ ਦੋਸ਼ੀਆਂ ਨੂੰ ਜ਼ਮਾਨ ਮਿਲ ਜਾਂਦੀ ਹੈ।

# ਚੋਰ ਨੇ ਪੁਲਸ ਨੂੰ ਫੋਨ ਕਰ ਕੇ ਅਪਰਾਧ ਮੰਨਿਆ ਅਤੇ ਗ੍ਰਿਫਤਾਰੀ ਦਿੱਤੀ

ਵਾਸ਼ਿੰਗਟਨ, 16 ਦਸੰਬਰ (ਪੋਸਟ ਬਿਊਰੋ)- ਅਮਰੀਕਾ ਵਿਚ ਇਕ ਸ਼ਖਸ ਨੂੰ ਕਾਨੂੰਨ ਤੋੜਨ ਦੇ ਬਾਅਦ ਇੰਨਾ ਬੁਰਾ ਲੱਗਾ ਕਿ ਉਸ ਨੇ ਖੁਦ ਹੀ ਗ੍ਰਿਫਤਾਰੀ ਦੇ ਦਿੱਤੀ। ਇਸ ਸ਼ਖਸ ਨੇ ਅਪਰਾਧ ਕਰਨ ਦੇ ਬਾਅਦ ਖੁਦ ਪੁਲਸ ਨੂੰ ਤਿੰਨ ਵਾਰ ਫੋਨ ਕੀਤਾ ਅਤੇ ਗ੍ਰਿਫਤਾਰ ਕੀਤੇ ਜਾਣ ਦੀ ਮੰਗ ਕੀਤੀ।

ਜਾਰਜੀਆ ਵਿਚ ਪੁਲਸ ਨੇ ਖੁਦ ਇਸ ਘਟਨਾ ਦੀ ਜਾਣਕਾਰੀ ਸਥਾਨਕ ਮੀਡੀਆ ਨੂੰ ਦਿੱਤੀ ਹੈ। ਘਟਨਾ ਸ਼ੁੱਕਰਵਾਰ ਦੀ ਹੈ, ਜਦੋਂ ਥਾਮਸ ਕਾਊਂਟੀ ਦੇ ਸ਼ੈਰਿਫ ਪੁਲਸ ਦੇ ਅਧਿਕਾਰੀਆਂ ਨੂੰ ਇਕ ਸ਼ਖਸ ਦਾ ਫੋਨ ਆਇਆ, ਜਿਸ ਨੇ ਕਿਹਾ ਕਿ ਉਸ ਨੇ ਕਾਰ ਚੋਰੀ ਕੀਤੀ ਹੈ, ਉਸ ਨੂੰ ਆ ਕੇ ਗ੍ਰਿਫਤਾਰ ਕਰ ਲਿਆ ਜਾਵੇ। ਪੁਲਸ ਟੀਮ ਨੇ ਦੱਸਿਆ, 'ਸ਼ੁੱਕਰਵਾਰ ਸਾਡੇ ਕੋਲ ਇਕ ਫੋਨ ਆਇਆ ਤੇ ਦੂਜੇ ਪਾਸੇ ਮੌਜੂਦ ਸ਼ਖਸ ਨੇ ਦੱਸਿਆ ਕਿ ਉਸ ਨੇ ਇਕ ਕਾਰ ਚੋਰੀ ਕੀਤੀ ਹੈ। ਉਹ ਬੋਸਟਨ ਤੋਂ ਕਰੀਬ 20 ਕਿਲੋਮੀਟਰ ਦੂਰ ਹੈ। ਉਸ ਨੂੰ ਆ ਕੇ ਗ੍ਰਿਫਤਾਰ ਕਰ ਲਿਆ ਜਾਵੇ।' ਇਸ ਸੂਚਨਾ ਪਿੱਛੋਂ ਬੋਸਟਨ ਪੁਲਸ ਨੇ 29 ਸਾਲਾ ਕਾਰ ਚੋਰ ਰਸ਼ੀਦ ਲੈਂਕਫੋਰਡ ਦੀ ਤਲਾਸ਼ ਵੀ ਕੀਤੀ, ਪਰ ਉਹ ਓਥੇ ਨਹੀਂ ਮਿਲਿਆ। ਲੈਂਕਫੋਰਡ ਨੇ ਇਸ ਦੇ ਕੁਝ ਦੇਰ ਬਾਅਦ ਪੁਲਸ ਨੂੰ ਫਿਰ ਫੋਨ ਕੀਤਾ ਤੇ ਗ੍ਰਿਫਤਾਰ ਕਰਨ ਲਈ ਸੱਦਿਆ। ਤੀਜੀ ਵਾਰ ਉਸ ਨੇ ਬੀਅਰ ਦੀ ਇਕ ਦੁਕਾਨ ਤੋਂ ਪੁਲਸ ਨੂੰ ਫੋਨ ਕੀਤਾ ਅਤੇ ਕਿਹਾ ਕਿ ਉਸ ਨੂੰ ਗ੍ਰਿਫਤਾਰ ਕੀਤਾ ਜਾਵੇ। ਇਸ ਮਗਰੋਂ ਪੁਲਸ ਨੇ ਆਖਰ ਬੀਅਰ ਦੀ ਦੁਕਾਨ ਤੋਂ ਉਸ ਨੂੰ ਗ੍ਰਿਫਤਾਰ ਕਰ ਲਿਆ। ਲੈਂਕਫੋਰਡ ਨੇ ਪੁਲਸ ਨੂੰ ਕਿਹਾ ਕਿ ਉਸ ਨੇ ਬੀਅਰ ਦੀ ਦੁਕਾਨ ਤੋੜ ਦਿੱਤੀ ਤੇ ਉਸ ਵਿਚ ਦਾਖਲ ਹੋਇਆ ਅਤੇ ਬੀਅਰ ਵੀ ਚੋਰੀ ਕੀਤੀ ਹੈ।

# ਕਪੂਰਥਲਾ ਜੇਲ੍ਹ ਵਿੱਚ ਬੰਦ ਨਸ਼ਿਆਂ ਦੇ ਦੋਸ਼ੀ ਨੌਜਵਾਨ ਦੀ ਮੌਤ

ਆਦਮਪੁਰ, 16 ਦਸੰਬਰ (ਪੋਸਟ ਬਿਊਰੋ)- ਚੂਰਾ ਪੋਸਤ ਦੀ ਤਸਕਰੀ ਦੇ ਲਈ ਫੜੇ ਗਏ ਦੋਸ਼ੀ ਦੀ ਮੌਤ ਦੇ ਬਾਅਦ ਪਰਵਾਰ ਨੇ ਆਦਮਪੁਰ ਪੁਲਸ 'ਤੇ ਤਸ਼ੱਦਦ ਦਾ ਦੋਸ਼ ਲਾ ਕੇ ਸੰਬੰਧਤ ਪੁਲਸ ਵਾਲਿਆਂ 'ਤੇ ਧਾਰਾ 302 ਦਾ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ, ਜਿਸ ਬਾਰੇ ਜਾਂਚ ਕੀਤੀ ਜਾ ਰਹੀ ਹੈ।

ਆਦਮਪੁਰ ਪੁਲਸ ਦੇ ਏ ਐੱਸ ਆਈ ਆਮਿਰ ਸਿੰਘ ਨੇ ਪਿੰਡ ਲੇਸੜੀਵਾਲ ਦੇ ਨਰੇਸ਼ ਪੁੱਤਰ ਫਤਿਹ ਚੰਦ ਨੂੰ ਪਿੰਡ ਚੂਹੜਵਾਲੀ ਤੋਂ ਬਾਈਕ 'ਤੇ ਚੂਰਾ ਪੋਸਤ ਸਮੇਤ ਗ੍ਰਿਫਤਾਰ ਕੀਤਾ ਅਤੇ 13 ਅਕਤੂਬਰ ਨੂੰ ਕੇਸ ਦਰਜ ਕਰ ਕੇ ਮਾਡਰਨ ਜੇਲ੍ਹ ਕਪੂਰਥਲਾ ਭੇਜ ਦਿੱਤਾ ਗਿਆ, ਜਿੱਥੇ ਉਸ ਦੀ ਤਬੀਅਤ ਜ਼ਿਆਦਾ ਖਰਾਬ ਹੋ ਗਈ। ਉਸ ਨੂੰ ਗੁਰੂ ਨਾਨਕ ਹਸਪਤਾਲ ਅੰਮ੍ਰਿਤਸਰ ਭਰਤੀ ਕਰਾਇਆ ਗਿਆ ਤਾਂ ਸਿਹਤ ਵਿਗੜਦੀ ਦੇਖ ਕੇ ਅਦਾਲਤ ਨੇ 10 ਦਸੰਬਰ ਨੂੰ ਉਸ ਨੂੰ ਜ਼ਮਾਨਤ 'ਤੇ ਛੱਡ ਦਿੱਤਾ ਸੀ। ਉਸ ਨੂੰ 11 ਦਸੰਬਰ ਦੀ ਰਾਤ ਆਦਮਪੁਰ ਸਰਕਾਰੀ ਹਸਪਤਾਲ ਲਿਆਂਦਾ ਗਿਆ, ਜਿੱਥੇ ਉਸ ਨੇ ਦਮ ਤੋੜ ਦਿੱਤਾ। ਇਸ ਬਾਰੇ ਮ੍ਰਿਤਕ ਨਰੇਸ਼ ਦੇ ਭਰਾ ਕਮਲ ਕੁਮਾਰ ਚੋਡਾ ਨੇ ਏ ਐੱਸ ਆਈ ਆਮਿਰ ਸਿੰਘ ਤੇ ਹੌਲਦਾਰ ਰੇਸ਼ਮ ਸਿੰਘ ਉੱਤੇ ਦੋਸ਼ ਲਾਇਆ ਕਿ ਉਨ੍ਹਾਂ ਨੇ ਨਰੇਸ਼ 'ਤੇ ਥਰਡ ਡਿਗਰੀ ਵਰਤੀ ਸੀ ਅਤੇ ਜਿਸ ਦਿਨ ਨਰੇਸ਼ ਫੜਿਆ ਗਿਆ, ਓਦੋਂ ਤੋਂ ਉਹ ਠੀਕ ਤਰ੍ਹਾਂ ਚਲ ਨਹੀਂ ਰਿਹਾ ਸੀ। ਜੇਲ੍ਹ ਵਿੱਚ ਉਸ ਨੂੰ ਸਹੀ ਇਲਾਜ ਨਹੀਂ ਮਿਲਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਮ੍ਰਿਤਕ ਦੇ ਪਰਵਾਰ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਦੋਸ਼ੀ ਪੁਲਸ ਮੁਲਾਜ਼ਮਾਂ ਉਤੇ ਕਤਲ ਦਾ ਕੇਸ ਦਰਜ ਨਹੀਂ ਕੀਤਾ ਗਿਆ ਤਾਂ ਆਦਮਪੁਰ ਥਾਣੇ ਦਾ ਘਿਰਾਓ ਕੀਤਾ ਜਾਏਗਾ



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ ਫ੍ਰ ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710


UPPAL LAW
AVTAR UPPAL Manager
IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters


AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
7 Days A Week
ਹਰ ਤਰ੍ਹਾਂ ਦੀ ਵਧੀਆ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

# ਕਾਰਪੋਵ ਦੇ ਤਾਅਨੇ ਨੇ ਝੰਜੋੜ ਕੇ ਰੱਖ ਦਿੱਤਾ ਸੀ ਆਨੰਦ ਨੂੰ

ਨਵੀਂ ਦਿੱਲੀ, 16 ਦਸੰਬਰ (ਪੋਸਟ ਬਿਊਰੋ)- ਸਟਾਰ ਸ਼ਤਰੰਜ ਖਿਡਾਰੀ ਵਿਸ਼ਵਨਾਥਨ ਆਨੰਦ ਨੇ ਦੱਸਿਆ ਕਿ ਅਨਾਤੋਲੀ ਕਾਰਪੋਵ ਨੇ ਇੱਕ ਵਾਰ ਉਸ 'ਤੇ ਤਾਅਨਾ ਮਾਰਦੇ ਹੋਏ ਕਿਹਾ ਸੀ ਕਿ ਇਸ ਭਾਰਤੀ ਖਿਡਾਰੀ ਵਿੱਚ ਵੱਡੇ ਮੈਚ ਜਿੱਤਣ ਦਾ ਜਜ਼ਬਾ ਨਹੀਂ ਹੈ, ਜਿਸ ਦਾ ਉਸ 'ਤੇ ਡੂੰਘਾ ਅਸਰ ਪਿਆ ਸੀ। ਇਸ ਤੋਂ ਬਾਅਦ ਉਹ ਸ਼ਤਰੰਜ ਦੀ ਦੁਨੀਆ ਵਿੱਚ ਰੂਸ ਦੇ ਖਿਡਾਰੀ ਜਿੰਨਾ ਵੀ ਵੱਡਾ ਨਾਂਅ ਬਣਿਆ।



ਵਰਨਣ ਯੋਗ ਹੈ ਕਿ ਵਿਸ਼ਵ ਚੈਂਪੀਅਨਸ਼ਿਪ 1998 ਦੇ ਫਾਈਨਲ ਵਿੱਚ ਆਨੰਦ ਨੂੰ ਹਰਾਉਣ ਤੋਂ ਬਾਅਦ ਕਾਰਪੋਵ ਨੇ ਕਿਹਾ ਸੀ ਕਿ ਵਿਸ਼ੀ (ਵਿਸ਼ਵਨਾਥ ਆਨੰਦ) ਚੰਗਾ ਵਿਅਕਤੀ ਹੈ, ਪਰ ਉਸ ਵਿੱਚ ਵੱਡੇ ਮੈਚ ਜਿੱਤਣ ਦਾ ਜਜ਼ਬਾ ਨਹੀਂ ਹੈ। ਆਨੰਦ ਨੇ ਪਿੱਛੇ ਜਿਹੇ ਜਾਰੀ ਕੀਤੀ ਆਪਣੀ ਆਤਮ ਕਥਾ 'ਮਾਈਂਡ ਮਾਸਟਰ-ਵਿਨਿੰਗ ਲੈਸਨ ਫਰਾਮ ਏ ਚੈਂਪੀਅਨ ਲਾਈਫ' ਵਿੱਚ ਇਸ ਟਿੱਪਣੀ ਦਾ ਜ਼ਿਕਰ ਕੀਤਾ ਹੈ। ਕਾਰਪੋਵ ਨੇ ਇੱਕ ਪੱਤਰਕਾਰ ਕੋਲ ਇਹ ਟਿੱਪਣੀ ਕੀਤੀ ਸੀ, ਜਦ ਕਿ ਆਨੰਦ ਤੇ ਉਸ ਦੀ ਪਤਨੀ ਉਸ ਸਮੇਂ ਫਾਈਨਲ ਮੁਕਾਬਲੇ ਦੌਰਾਨ ਉਸ ਦੇ ਨਾਲ ਵਾਲੀ ਟੇਬਲ 'ਤੇ ਬੈਠੇ ਸਨ। ਆਨੰਦ ਨੇ ਕਿਤਾਬ ਵਿੱਚ ਲਿਖਿਆ, ਉਸ ਦੇ ਸ਼ਬਦਾਂ ਨੇ ਮੈਨੂੰ ਝੰਜੋੜ ਦਿੱਤਾ। ਇਹ ਬੇਹੱਦ ਘਟੀਆ ਅਹਿਸਾਸ ਸੀ ਕਿ ਮੈਨੂੰ ਅਜਿਹੇ ਖਿਡਾਰੀ ਵਜੋਂ ਦੇਖਿਆ ਜਾ ਰਿਹਾ ਹੈ ਜਿਹੜਾ ਚੰਗਾ ਹੈ, ਪਰ ਉਸ ਵਿੱਚ ਵੱਡੇ ਮੈਚ ਜਿੱਤਣ ਲਈ ਦ੍ਰਿੜ੍ਹ ਵਿਸ਼ਵਾਸ ਦੀ ਕਮੀ ਹੈ। ਉਸ ਨੇ ਕਿਹਾ, ਮੈਂ ਆਪਣੀ ਸਮਰੱਥਾ ਦਿਖਾਉਣ ਲਈ ਸਖਤ ਮਿਹਨਤ ਕਰ ਰਿਹਾ ਸੀ ਅਤੇ ਇਸ ਤਾਅਨੇ ਨੇ ਮੇਰੇ ਅੰਦਰ ਮੌਜੂਦ ਉਸ ਦ੍ਰਿੜ ਵਿਸ਼ਵਾਸ ਨੂੰ ਹੋਰ ਵੀ ਮਜ਼ਬੂਤ ਕਰ ਦਿੱਤਾ, ਉਹ ਕੋਈ ਚੀਜ਼ ਮਾਇਨੇ ਨਹੀਂ ਰੱਖਦੀ ਸੀ, ਮੈਂ ਖਿਤਾਬ ਜਿੱਤਣਾ ਸੀ। ਇਸ ਘਟਨਾ ਤੋਂ ਬਾਅਦ ਭਰਤੀ ਗ੍ਰੈਂਡਮਾਸਟਰ ਨੇ ਆਪਣੇ ਕਰੀਅਰ ਨੂੰ ਲੈ ਕੇ ਆਤਮ ਮੰਥਨ ਕੀਤਾ। ਆਨੰਦ ਨੇ ਲਿਖਿਆ, ਇਹ ਸਹੀ ਸੀ ਕਿ ਮੇਰੇ ਅੰਦਰ ਜਜ਼ਬੇ ਦੀ ਕਮੀ ਸੀ ਅਤੇ ਵਿਸ਼ਵ ਚੈਂਪੀਅਨਸ਼ਿਪ ਖਿਤਾਬ ਜਿੱਤਣ ਲਈ ਮਾਨਸਿਕ ਤੌਰ 'ਤੇ ਨਾਲ ਮਜਬੂਤ ਨਹੀਂ ਸੀ। ਆਪਣੇ ਕਰੀਅਰ ਵਿੱਚ ਲੰਬੇ ਸਮੇਂ ਤੱਕ ਵਿਸ਼ਵ ਚੈਂਪੀਅਨ ਬਣਨ ਦੇ ਜਜ਼ਬਾਤ ਨੂੰ ਲੈ ਕੇ ਮੇਰੇ ਅੰਦਰ ਜਨੂੰਨ ਨਹੀਂ ਸੀ। ਸਾਲ 2000 ਵਿੱਚ ਫਿਡੇ ਚੈਂਪੀਅਨਸ਼ਿਪ ਦਾ ਪਹਿਲਾ ਗੇੜ ਨਵੀਂ ਦਿੱਲੀ ਵਿੱਚ ਖੇਡਿਆ ਗਿਆ ਅਤੇ ਆਨੰਦ ਨੇ ਘਰੇਲੂ ਹਾਲਾਤ ਦਾ ਪੂਰਾ ਫਾਇਦਾ ਚੁੱਕਦੇ ਹੋਏ ਫਾਈਨਲ ਵਿੱਚ ਜਗ੍ਹਾ ਬਣਾਈ, ਜਿਹੜਾ ਤਹਿਰਾਨ ਵਿੱਚ ਖੇਡਿਆ ਜਾਣਾ ਸੀ। ਫਾਈਨਲ ਵਿੱਚ ਆਨੰਦ ਦਾ ਰਸਤਾ ਆਸਾਨ ਰਿਹਾ। ਪਹਿਲੀ ਬਾਜ਼ੀ ਡਰਾਅ ਖੇਡਣ ਤੋਂ ਬਾਅਦ ਆਨੰਦ ਨੇ ਅਗਲੀਆਂ ਤਿੰਨ ਬਾਜ਼ੀਆਂ ਜਿੱਤ ਕੇ ਖਿਤਾਬ ਆਪਣੇ ਨਾਂਅ ਕੀਤਾ। ਆਨੰਦ ਨੇ ਕਿਹਾ, ਅੰਤ ਵਿੱਚ ਮੈਂ ਵਿਸ਼ਵ ਚੈਂਪੀਅਨ ਬਣ ਗਿਆ ਸੀ।

# ਟਿਊਮਰ ਦੇ ਇਲਾਜ ਪਿੱਛੋਂ ਵਾਪਸੀ ਕਰ ਰਹੀ ਬੰਗਾਲ ਦੀ ਕੁੜੀ ਸ਼ਯਾਮਲੀ ਨੇ ਚਾਂਦੀ ਤਮਗਾ ਜਿੱਤਿਆ

ਕੋਲਕਾਤਾ, 16 ਦਸੰਬਰ (ਪੋਸਟ ਬਿਊਰੋ)- ਲੰਬੀ ਦੂਰੀ ਦੇ ਦੌੜਾਕਾਂ ਨੂੰ ਕਈ ਅੜਿੱਕਿਆਂ ਨੂੰ ਤੋੜਨਾ ਪੈਂਦਾ ਹੈ ਤੇ ਪੱਛਮੀ ਬੰਗਾਲ ਦੇ ਮਿਦਨਾਪੁਰ ਦੀ ਸ਼ਯਾਮਲੀ ਸਿੰਘ ਨੇ ਅਜਿਹੀਆਂ ਕਈ ਚੁਣੌਤੀਆਂ ਤੋਂ ਪਾਰ ਪਾ ਕੇ ਟਾਟਾ ਸਟੀਲ ਕੋਲਕਾਤਾ 25 ਕੇ (25 ਕਿਲੋਮੀਟਰ) ਦੌੜ ਵਿੱਚ ਕੱਲ੍ਹ ਭਾਰਤੀ ਮਹਿਲਾ ਖਿਡਾਰੀਆਂ ਵਿਚਾਲੇ ਚਾਂਦੀ ਤਮਗਾ ਹਾਸਲ ਕੀਤਾ।



ਬੇਹੱਦ ਗਰੀਬ ਕਿਸਾਨ ਪਰਵਾਰ ਨਾਲ ਸੰਬੰਧ ਰੱਖਣ ਵਾਲੀ ਸ਼ਯਾਮਲੀ ਨੂੰ ਦੋ ਸਾਲ ਪਹਿਲਾਂ ਟਿਊਮਰ (ਕੈਂਸਰ) ਦਾ ਪਤਾ ਲੱਗਾ ਸੀ, ਪਰ ਇਸ ਨੇ ਉਸ ਦੇ ਹੌਸਲੇ ਨੂੰ ਢਹਿਣ ਨਹੀਂ ਦਿੱਤਾ। ਆਪਣੇ ਕੋਚ ਪਤੀ ਦੀ ਮਦਦ ਨਾਲ ਉਸ ਨੇ 2017 'ਚ ਮੁੰਬਈ ਮੈਰਾਥਨ 'ਚ ਹਿੱਸਾ ਲਿਆ ਅਤੇ ਤਿੰਨ ਘੰਟੇ ਅੱਠ ਮਿੰਟ 41 ਸੈਕਿੰਡ ਦੇ ਸਮੇਂ ਦੇ ਨਾਲ ਦੂਜੇ ਸਥਾਨ 'ਤੇ ਰਹੀ। ਇਸ ਤੋਂ ਉਸ ਨੂੰ ਇਨਾਮੀ ਰਾਸ਼ੀ ਵਜੋਂ ਚਾਰ ਲੱਖ ਰੁਪਏ ਮਿਲੇ, ਜਿਸ ਦੀ ਵਰਤੋਂ ਉਸ ਨੇ ਆਪਣੇ ਇਲਾਜ ਲਈ ਕੀਤੀ। ਦੋ ਸਾਲ ਬਾਅਦ ਕੈਂਸਰ 'ਤੇ ਜਿੱਤ ਦਰਜ ਕਰ ਕੇ ਉਸ ਨੇ ਧਮਾਕੇਦਾਰ ਵਾਪਸੀ ਕੀਤੀ ਅਤੇ ਕੋਲਕਾਤਾ 25 ਕੇ 'ਚ ਮਹਿਲਾ ਵਰਗ ਵਿੱਚ ਕਿਰਨਜੀਤ ਕੌਰ ਤੋਂ ਬਾਅਦ ਦੂਜੇ ਸਥਾਨ (ਇੱਕ ਘੰਟੇ 39 ਮਿੰਟ ਅਤੇ ਦੋ ਸੈਕਿੰਡ) ਉਤੇ ਰਹੀ।

ਆਪਣੇ ਸੰਘਰਸ਼ ਨੂੰ ਯਾਦ ਕਰਦੇ ਹੋਏ ਸ਼ਯਾਮਲੀ ਨੇ ਕਿਹਾ, ਸਾਡੀ ਸਥਿਤੀ ਚੰਗੀ ਨਹੀਂ ਸੀ। ਮੇਰਾ ਪਤੀ ਸੰਤੋਸ਼ ਮੇਰਾ ਕੋਚ ਵੀ ਹੈ। ਸਾਨੂੰ ਇਲਾਜ ਲਈ ਪੈਸਿਆਂ ਦੀ ਲੋੜ ਸੀ। ਇਸ ਲਈ ਮਿਲ ਕੇ ਸੰਘਰਸ਼ ਕਰਨ ਦਾ ਫੈਸਲਾ ਕੀਤਾ। ਮੈਂ ਮੁੰਬਈ ਮੈਰਾਥਨ ਵਿੱਚ ਹਿੱਸਾ ਲਿਆ। ਮੈਂ ਇਸ ਵਿੱਚ ਟਾਪ-3 ਵਿੱਚ ਰਹਿਣ ਬਾਰੇ ਵਚਨਬੱਧ ਸੀ, ਜਿਸ ਕਰ ਕੇ ਇਲਾਜ ਲਈ ਪੈਸੇ ਮਿਲ ਸਕੇ। ਕੱਲ੍ਹ ਉਹ ਇਥੇ 17 ਕਿਲੋਮੀਟਰ ਤੱਕ ਭਾਰਤੀ ਮਹਿਲਾ ਦੌੜਾਕਾਂ 'ਚ ਚੋਟੀ 'ਤੇ ਸੀ, ਪਰ ਪੇਟ ਦੀਆਂ ਮਾਸਪੇਸ਼ੀਆਂ ਵਿੱਚ ਖਿਚਾਅ ਆਉਣ ਕਾਰਨ ਉਸ ਨੂੰ ਆਪਣੀ ਰਫਤਾਰ ਹੌਲੀ ਕਰਨੀ ਪਈ। ਇਸ ਦੌਰਾਨ ਉਸ ਦੇ ਸਰੀਰ 'ਚ ਪਾਣੀ ਦੀ ਕਮੀ ਹੋ ਗਈ। ਉਸ ਨੇ ਕਿਹਾ, ਮੈਂ ਮੈਡੀਕਲ ਸਲਾਹ ਲੈਣੀ ਪਈ, ਪਰ ਮੈਂ ਪੰਜ ਹਜ਼ਾਰ ਮੀਟਰ ਦੇ ਨਾਲ 25 ਕੇ, ਹਾਫ ਅਤੇ ਫੁੱਲ ਮੈਰਾਥਨ 'ਚ ਦੌੜਨਾ ਜਾਰੀ ਰੱਖਾਂਗੇ।

# ਕੰਪਨੀ ਸੰਚਾਲਕਾ ਦੀ ਲਾਸ਼ ਦਫਤਰ ਵਿੱਚ ਭੇਦ ਭਰੀ ਮਿਲੀ

ਮੋਹਾਲੀ, 16 ਦਸੰਬਰ (ਪੋਸਟ ਬਿਊਰੋ)- ਖਰੜ ਸਥਿਤ ਦੇਸੂਮਾਜਰਾ ਵਿੱਚ ਦੀ ਇਮੀਗਰੇਸ਼ਨ ਕੰਪਨੀ ਚਲਾਉਣ ਵਾਲੀ ਮਹਿਲਾ ਦੀ ਲਾਸ਼ ਉਸ ਦੇ ਦਫਤਰ ਦੀ ਟੇਬਲ ਦੇ ਹੇਠਾਂ ਸ਼ੱਕੀ ਹਾਲਤ ਵਿੱਚ ਮਿਲੀ ਹੈ। ਉਸ ਦੇ ਮੂੰਹ ਅਤੇ ਨੱਕ 'ਚੋਂ ਖ਼ੂਨ ਨਿਕਲਿਆ ਹੋਇਆ ਅਤੇ ਅੱਧਾ ਸਰੀਰ ਟੇਬਲ ਦੇ ਹੇਠਾਂ ਅਤੇ ਖ਼ੂਨ ਨਾਲ ਲਥਪਥ ਮੂੰਹ ਟੇਬਲ ਤੋਂ ਬਾਹਰ ਸੀ। ਉਸ ਦੀ ਪਛਾਣ ਸ਼ਰਨਜੀਤ ਕੌਰ (37) ਵਾਸੀ ਰਸੂਲਪੁਰ (ਚਮਕੌਰ ਸਾਹਿਬ) ਵਜੋਂ ਹੋਈ ਹੈ। ਮ੍ਰਿਤਕਾ ਦੇ ਘਰਦਿਆਂ ਦਾ ਦੋਸ਼ ਹੈ ਕਿ ਸ਼ਰਨਜੀਤ ਦਾ ਕਤਲ ਕੀਤਾ ਗਿਆ ਹੈ।

ਸ਼ਰਨਜੀਤ ਕੌਰ ਨੇ ਕੁਝ ਦਿਨ ਪਹਿਲਾਂ ਆਪਣੇ ਭਾਈਵਾਲ ਗੁਰਪ੍ਰੀਤ ਸਿੰਘ ਰਾਏ ਵਾਸੀ ਫਾਜ਼ਿਲਕਾ ਨਾਲ ਖਰੜ ਰੋਡ 'ਤੇ ਬੈਸਟ ਸਰਵਿਸ ਆਫ ਸਕਸੈੱਸ ਇਮੀਗਰੇਸ਼ਨ ਤੇ ਵੀਜ਼ਾ ਕੰਸਲਟੈਂਟ ਕੰਪਨੀ ਖੋਲ੍ਹੀ ਸੀ। ਉਸ ਕੋਲ ਕੰਮ ਕਰਨ ਵਾਲੇ ਕਰਮਚਾਰੀ ਗੁਰਦੀਪ ਅਤੇ ਈਸ਼ਾ ਕੱਲ੍ਹ ਸਵੇਰੇ ਤੋਂ ਸ਼ਰਨਜੀਤ ਕੌਰ ਨੂੰ ਫੋਨ ਕਰ ਰਹੇ ਸਨ। ਗੁਰਦੀਪ ਨੇ ਦੱਸਿਆ ਕਿ ਸਵੇਰੇ ਪੌਣੇ 12 ਵਜੇ ਸ਼ਰਨਜੀਤ ਕੌਰ ਨਾਲ ਉਨ੍ਹਾਂ ਦੀ ਫੋਨ 'ਤੇ ਗੱਲ ਹੋਈ ਸੀ ਤਾਂ ਉਨ੍ਹਾਂ ਕਿਹਾ ਕਿ ਗੁਰਪ੍ਰੀਤ ਸਿੰਘ ਦਫਤਰ ਆਇਆ ਹੋਇਆ ਹੈ ਤੇ ਉਹ ਉਸ ਨਾਲ ਥਾਣੇ ਚੱਲੀ ਹੈ। ਉਸ ਪਿੱਛੋਂ ਉਹ ਸ਼ਰਨਜੀਤ ਦੇ ਫੋਨ 'ਤੇ ਲਗਾਤਾਰ ਸੰਪਰਕ ਕਰਦੇ ਰਹੇ, ਪਰ ਫੋਨ ਨਹੀਂ ਚੁੱਕਿਆ। ਸ਼ਾਮ ਨੂੰ ਜਦ ਦਫਤਰ ਪਹੁੰਚੇ ਤਾਂ ਸ਼ਰਨਜੀਤ ਦੀ ਐਕਟਿਵਾ ਦਫਤਰ ਦੇ ਹੇਠਾਂ ਖੜ੍ਹੀ ਅਤੇ ਦਫਤਰ ਦੇ ਬਾਹਰ ਤਾਲਾ ਲੱਗਾ ਸੀ। ਉਨ੍ਹਾਂ ਨੂੰ ਸ਼ੱਕ ਹੋਇਆ ਤਾਂ ਉਨ੍ਹਾਂ ਨੇ ਦਫਤਰ ਦਾ ਤਾਲਾ ਤੋੜ ਦਿੱਤਾ। ਜਦ ਉਹ ਮੇਨ ਕੈਬਿਨ ਵਿੱਚ ਟੇਬਲ ਦੇ ਨੇੜੇ ਪਹੁੰਚੇ ਤਾਂ ਉਸ ਦੇ ਹੇਠਾਂ ਸ਼ਰਨਜੀਤ ਕੌਰ ਦੀ ਲਾਸ਼ ਪਈ ਸੀ। ਗਲੇ ਵਿੱਚ ਦੁਪੱਟੇ ਦੇ ਗਹਿਰੇ ਨਿਸ਼ਾਨ ਪਏ ਹੋਏ ਸਨ ਅਤੇ ਜੀਭ ਮੂੰਹ ਤੋਂ ਬਾਹਰ ਆਈ ਹੋਈ ਸੀ।

# ਭਾਰ ਘਟਾਉਣ ਤੋਂ ਲੈ ਕੇ ਡਾਇਬਿਟੀਜ਼ ਤਕ ਦੂਰ ਕਰਦੈ ਬੈਂਗਨ ਦਾ ਜੂਸ

ਨਵੀਂ ਦਿੱਲੀ, 16 ਦਸੰਬਰ (ਪੋਸਟ ਬਿਊਰੋ)- ਬੈਂਗਨ ਬੜੀ ਆਮ ਸਬਜ਼ੀ ਮੰਨਿਆ ਜਾਂਦਾ ਹੈ ਕਿਉਂਕਿ ਇਸ ਦੇ ਲਾਭਾ ਦੇ ਬਾਰੇ ਬਹੁਤ ਘੱਟ ਲੋਕ ਜਾਣਦੇ ਹਨ। ਬੈਂਗਨ (ਬਤਾਊਂ) ਵਿੱਚ ਮੌਜੂਦ ਮਿਨਰਵਲ, ਏਂਟੀਆਕਸੀਡੈਂਟਸ ਅਤੇ ਵਿਟਾਮਿਨ ਸਰੀਰ ਦੇ ਵਿਕਾਸ ਵਿੱਚ ਮਹੱਤਵ ਪੂਰਨ ਭੂਮਿਕਾ ਨਿਭਾਉਂਦੇ ਹਨ।

ਇਸ ਸੰਬੰਧ ਵਿੱਚ ਹੋਈ ਇੱਕ ਰਿਸਰਚ ਦੱਸਦੀ ਹੈ ਕਿ ਬੈਂਗਨ ਵਿੱਚ ਅਜਿਹੇ ਬਹੁਤ ਸਾਰੇ ਪੋਸ਼ਕ ਤੱਤ ਹੁੰਦੇ ਹਨ ਜੋ ਸਾਡੀ ਬਾਡੀ ਦੇ ਫੰਕਸ਼ਨ ਨੂੰ ਬੇਹਤਰ ਬਣਾਉਂਦੇ ਹਨ। ਹੈਲਥ ਦੇ ਮਾਹਰ ਦੱਸਦੇ ਹਨ ਕਿ ਬੈਂਗਨ ਦੀ ਸਬਜ਼ੀ ਜਾਂ ਹੋਰ ਡਿਸ਼ ਬਣਾਉਣ ਨਾਲ ਕਈ ਗੁਣਾ



ਜ਼ਿਆਦਾ ਫਾਇਦੇਮੰਦ ਉਸ ਦਾ ਜੂਸ ਹੋ ਸਕਦਾ ਹੈ। ਜੇ ਤੁਸੀਂ ਪਹਿਲਾ ਕਦੀ ਬੈਂਗਨ ਦੇ ਜੂਸ ਬਾਰੇ ਨਹੀਂ ਸੁਣਿਆ ਤਾਂ ਤੁਹਾਨੂੰ ਹੈਰਾਨੀ ਹੋ ਸਕਦੀ ਹੈ। ਬੈਂਗਨ ਕਈ ਲੋਕਾਂ ਦੀ ਪਸੰਦ ਦੀ ਸਬਜ਼ੀ ਨਹੀਂ ਹੁੰਦੀ, ਪਰ ਇਸ ਦੇ ਲਾਭ ਦੇਖ ਕੇ ਇਸ ਨੂੰ ਡਾਇਟ ਵਿੱਚ ਸ਼ਾਮਲ ਕਰਨਾ ਸਹੀ ਫੈਸਲਾ ਹੈ। ਇਹੀ ਨਹੀਂ ਰੋਜ਼ ਇੱਕ ਕੱਪ ਬੈਂਗਨ ਜੂਸ ਪੀ ਕੇ ਤੁਸੀ ਆਪਣਾ ਵਜਨ ਘਟਾ ਸਕਦੇ ਹੋ। ਬੈਂਗਨ ਤੁਹਾਡੀ ਬਾਡੀ ਫੈਟ ਨੂੰ ਬਰਨ ਕਰਨ ਦੀ ਮਦਦ ਕਰਦਾ ਅਤੇ ਤੁਹਾਡੇ ਮੈਟਾਬਾਵਿਜਮ ਨੂੰ ਤੇਜ਼ ਕਰਦਾ ਹੈ। ਬੈਂਗਨ ਵਿੱਚ ਫਾਇਬਰ ਵੀ ਚੋਖੀ ਹੁੰਦੀ ਹੈ ਤੇ ਬਹੁਤ ਘੱਟ ਮਾਤਰਾ ਵਿੱਚ ਘੁਲਨਸ਼ੀਲ ਕਾਰਬੋਹਾਈਡ੍ਰੇਟ ਹੁੰਦਾ ਹੈ ਇਸ ਲਈ ਬੈਂਗਨ ਡਾਇਬਿਟੀਜੇ ਦੇ ਮਰੀਜ਼ਾਂ ਲਈ ਲਾਹੇਮੰਦ ਹੋ ਸਕਦੇ ਹਨ। ਡਾਇਬਿਟੀਜ਼ ਦੇ ਮਰੀਜ਼ ਚਾਹੇ ਬੈਂਗਨ ਦੀ ਸਬਜ਼ੀ ਜਾ ਜੂਸ ਪੀਓ, ਇਸ ਨਾਲ ਉਨ੍ਹਾਂ ਦਾ ਬਲਡ ਸ਼ੂਗਰ ਕੰਟ੍ਰੋਲ ਰਹੇਗਾ।

# ਬਾਦਾਮ ਦਿਲ ਦੇ ਰੋਗਾਂ ਦੇ ਜੋਖਮ ਘਟਾਉਂਦੈ

ਨਵੀਂ ਦਿੱਲੀ, 16 ਦਸੰਬਰ (ਪੋਸਟ ਬਿਊਰੋ)- ਸਰਦੀ ਦੇ ਆਉਣ ਨਾਲ ਹੀ ਕ੍ਰਿਸਮਸ ਤੇ ਨਵੇਂ ਸਾਲ ਦਾ ਜਸ਼ਨ ਮਨਾਉਣ ਦੀ ਤਿਆਰੀ ਸ਼ੁਰੂ ਹੋ ਗਈ ਹੈ ਤੇ ਇਸ ਦੌਰਾਨ ਸਿਹਤ ਤੇ ਡਾਇਟੈਟਿਕਸ ਨੇ ਸਲਾਹ ਦਿੱਤੀ ਕਿ ਤਿਉਹਾਰਾਂ ਦੀ ਮੌਜ ਨਾਲ ਜੇ ਨਾਸ਼ਤੇ ਵਿੱਚ ਬਾਦਾਮ ਦਾ ਇਸਤੇਮਾਲ ਕੀਤਾ ਜਾਏ ਤਾਂ ਇਹ ਐੱਲ ਡੀ ਐੱਲ ਕੋਲੇਸਟ੍ਰਾਲ ਘੱਟ ਕਰਨ ਅਤੇ ਦਿਲ ਦੀਆਂ ਸਾਰੀਆਂ ਬਿਮਾਰੀਆਂ ਦੇ ਖਤਰੇ ਨੂੰ ਘੱਟ ਕਰਨ ਵਿੱਚ ਸਹਾਇਕ ਹੋ ਸਕਦਾ ਹੈ।



ਦਿੱਲੀ ਮੈਕਸ ਹੈਲਥਕੇਅਰ ਦੀ ਡਾਇਟੈਟਿਕਸ ਦੀ ਖੇਤਰੀ ਮੁਖੀ ਰਿਤਿਕਾ ਸਮਦਾਰ ਦਾ ਕਹਿਣਾ ਹੈ ਕਿ ਕ੍ਰਿਸਮਸ ਦੀ ਸ਼ੁਰੂਆਤ ਦੇ ਨਾਲ ਸਾਲ ਦੇ ਖਤਮ ਹੋਣ ਤੇ ਨਵੇਂ ਸਾਲ ਦੇ ਜਸ਼ਨ ਸ਼ੁਰੂ ਹੋ ਜਾਂਦੇ ਹਨ। ਇਸ ਦੌਰਾਨ ਬਹੁਤੇ ਲੋਕ ਖ਼ੂਬ ਮਠਿਆਈਆਂ ਖਾਂਦੇ ਹਨ ਅਤੇ ਇਸ ਦਾ ਜ਼ਰਾ ਖਿਆਲ ਨਹੀਂ ਰੱਖਦੇ ਕਿ ਜ਼ਿਆਦਾ ਮਠਿਆਈ ਖਾਣਾ ਸਾਡੀ ਸਿਹਤ ਅਤੇ ਮਾੜਾ ਪ੍ਰਭਾਵ ਪਾ ਸਕਦਾ ਹੈ। ਜੀਵਨ ਸ਼ੈਲੀ ਦੇ ਬਦਲਾਅ ਕਾਰਨ ਕੋਲੇਸਟ੍ਰਾਲ ਦਾ ਵਧਣਾ ਤੇ ਦਿਲ ਦੀਆਂ ਬਿਮਾਰੀਆਂ ਵਿੱਚ ਕਾਫੀ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਅਜਿਹੇ ਵਿੱਚ ਤਿਉਹਾਰਾਂ ਦੇ ਸਮੇਂ ਮਠਿਆਈ ਦੀ ਥਾ ਬਾਦਾਮ ਵਰਗੇ ਹੋਰ ਮੇਵਿਆਂ ਤੋਂ ਬਣੀਆਂ ਮਠਿਆਈਆਂ ਤੇ ਭੋਜਨ ਦੀ ਵਰਤੋਂ ਕੀਤੀ ਜਾਏ ਤਾਂ ਇਸ ਨਾਲ ਸਵਾਦ ਦੇ ਨਾਲ ਸਰੀਰ ਨੂੰ ਖੁਰਾਕ ਵੀ ਚੰਗੀ ਮਿਲੇਗੀ ਅਤੇ ਸਿਹਤ 'ਤੇ ਕਿਸੇ ਤਰ੍ਹਾਂ ਦਾ ਮਾੜਾ ਪ੍ਰਭਾਵ ਨਹੀਂ ਪਵੇਗਾ ਅਤੇ ਅੱਗੇ ਲਈ ਸਕਾਰਾਤਮਕ ਅਸਰ ਰਹੇਗਾ।

ਉਨ੍ਹਾਂ ਨੇ ਕਿਹਾ ਕਿ ਹਾਲ ਦੇ ਇੱਕ ਸਰਵੇ ਵਿੱਚ ਤੋਂ ਸਪੱਸ਼ਟ ਹੋਇਆ ਹੈ ਕਿ ਜੇ ਹਰੇਕ ਦਿਨ 42 ਗਰਾਮ ਬਾਦਾਮ ਦੀ ਵਰਤੋਂ ਕੀਤੀ ਜਾਏ ਤਾਂ ਪੇਟ ਦੀ ਚਰਬੀ ਅਤੇ ਕਮਰ ਦਾ ਮੋਟਾਪਾ ਘੱਟ ਹੋਣ ਦੇ ਨਾਲ ਹੀ ਐੱਲ ਡੀ ਐੱਲ ਕੋਲੇਸਟ੍ਰਾਲ ਘੱਟ ਕਰਨ ਵਿੱਚ ਮਦਦ ਮਿਲਦੀ ਹੈ ਅਤੇ ਇਹ ਦਿਲ ਦੀਆਂ ਸਾਰੀਆਂ ਬਿਮਾਰੀਆਂ ਦੇ ਖਤਰੇ ਨੂੰ ਘੱਟ ਕਰਨ ਵਿੱਚ ਵੀ ਸਹਾਇਕ ਹੈ। ਪੋਸ਼ਣ ਅਤੇ ਕਲਿਆਣ ਸਲਾਹਕਾਰ ਸ਼ੀਲਾ ਕ੍ਰਿਸ਼ਨਾਸਵਾਮੀ ਵੀ ਸਰਦੀਆਂ ਦੇ ਤਿਉਹਾਰਾਂ ਦੇ ਦੌਰਾਨ ਬਾਦਾਮ ਅਤੇ ਹੋਰ ਸੁੱਕੇ ਮੇਵਿਆਂ ਦੇ ਇਸਤੇਮਾਲ 'ਤੇ ਜ਼ਿਆਦਾਰ ਜ਼ੋਰ ਦਿੰਦੇ ਹਨ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
• 1 yr Home Warranty
• We Help to get mortgage
Free valuation & Lowest Commission
• Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca
HiraRandhawa.com
Dhillonbhupendra@hotmail.com

For SUPER-VISA INSURANCE, TRAVEL INSURANCE, RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟਰੱਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ
• Biweekly payment
• Homely Environment
• ਵਧੀਆ ਤਨਖ਼ਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE TEMS
CANADIAN RED CROSS Training Partner

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
○ Free Evaluation of your Property
○ Special Packages for First Time Buyer
○ Arrangement of Low Mortgage rate Lawyer
○ Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

FOR LEASE
Lease: $2,599
Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।

FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।

SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators
○ AZ-DZ Drivers
○ Forklift Driver
○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਸਿੱਖ-ਚੇਤਿਆਂ 'ਚੋਂ ਕਿਰ ਗਿਆ ਭਾਈ ਮਰਦਾਨਾ

-ਡਾ ਗੁਰਬਖ਼ਸ਼ ਸਿੰਘ ਭੰਡਾਲ

ਭਾਈ ਮਰਦਾਨਾ, ਬਾਬਾ ਨਾਨਕ ਦਾਬਚਪਨ ਦਾ ਸਾਥੀ, ਉਸਦਾ ਗਰਾਈਂ, ਮਹਾਂ-ਰਬਾਬੀ, ਅਤੇ ਜਾਤ ਦਾ ਮੀਰਾਸੀ। ਪਰ ਮਹਾਨ ਵਿਅਕਤੀ। ਪਾਕ ਸੋਚ ਵਿਚੋਂ ਬਾਬਾ ਨਾਨਕ ਅਤੇ ਭਾਈ ਮਰਦਾਨਾ ਦੇ ਜੀਵਨ-ਭਰ ਦੇ ਸਾਥ ਦਾ ਅਗਾਜ਼। ਭਾਈ ਮਰਦਾਨਾ, ਸੰਗੀਤ ਦਾ ਭਰ ਵਗਦਾ ਦਰਿਆ ਜਿਸਨੇ ਬਾਬਾ ਨਾਨਕ ਦੇ ਬਾਣੀ-ਬੋਲਾਂ ਦੀ ਰੂਹਾਨੀਅਤ ਨੂੰ ਰਬਾਬੀ ਰੰਗਤ ਨਾਲ ਐਸਾ ਰੰਗਿਆ ਕਿ ਅਨੂਠਾ ਰਸ, ਗੁਰ-ਪ੍ਰਵਚਨਾਂ 'ਚ ਰਮ ਗਿਆ।

ਭਾਈ ਮਰਦਾਨੇ ਨੇ ਸਭ ਤੋਂ ਵੱਧ ਬਾਬਾ ਨਾਨਕ ਦਾ ਸਾਥ ਮਾਣਿਆ, ਗੁਰਬਾਣੀ ਨੂੰ ਉਗਮਦਿਆਂ, ਉਚਾਰਦਿਆਂ, ਗਾਉਂਦਿਆ ਵੀ ਦੇਖਿਆ ਅਤੇ ਸੁਣਿਆ ਵੀ। ਖੁਦ ਵੀ ਇਸਦੀ ਰੂਹਾਨੀਅਤ ਵਿਚ ਰੰਗਿਆ ਗਿਆ ਅਤੇ ਨਾਲ ਹੀ ਦੁਨੀਆਂ ਨੂੰ ਇਸ 'ਚ ਰੰਗੇ ਜਾਣ ਦੇ ਅਲੌਕਿੱਕ ਦ੍ਰਿਸ਼ ਨੂੰ ਵੀ ਆਪਣੇ ਦੀਦਿਆਂ ਵਿਚ ਕੈਦ ਕੀਤਾ।

ਭਾਈ ਮਰਦਾਨੇ ਜੀ ਦੀ ਮਹਾਨਤਾ, ਵਿਲੱਖਣਤਾ ਅਤੇ ਮਹਿਮਾਬਾਰੇ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਵਿਚ ਵੀ ਉਚਾਰਿਆ ਹੈ, "ਜਾ ਕਉ ਮਿਹਰ ਮਿਹਰ ਮਿਹਰਵਾਨਾ। ਸੋਈ ਮਰਦੁ ਮਰਦੁ ਮਰਦਾਨਾ।" ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿਚ ਉਚਾਰਿਆ ਹੈ, "ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ।"ਅਜੇਹਾ ਭਾਈ ਮਰਦਾਨਾ ਅੱਜ ਕੱਲ ਸਿੱਖ-ਚੇਤਿਆਂ ਵਿਚੋਂ ਗੁੰਮ ਹੈ ਕਿਉਂਕਿ ਕੋਈ ਵੀ ਭਾਈ ਮਰਦਾਨੇ ਵਰਗਾ ਬਣਨਾ ਹੀ ਨਹੀਂ ਚਾਹੁੰਦਾ।

ਭਾਈ ਮਰਦਾਨਾ ਕਿਸੇ ਨੂੰ ਯਾਦ ਨਹੀਂ। ਕੋਈ ਨਹੀਂ ਉਸਦੀਆਂ ਬਾਤਾਂ ਪਾਉਂਦਾ। ਕੋਈ ਸੋਚਦਾ ਹੀ ਨਹੀਂ ਕਿ ਬਾਬਾ ਨਾਨਕ ਦੇ ਸਭ ਤੋਂ ਕਰੀਬੀ ਸਾਥੀ ਨੂੰ ਲੋਕ-ਮਨਾਂ ਵਿਚੋਂ ਕਿਸਨੇ, ਕਦੋਂ ਅਤੇ ਕਿਹੜੀ ਤਰਕੀਬ ਨਾਲ ਅਲੋਪ ਕੀਤਾ? ਇਸਦੇ ਕੀ ਕਾਰਨ ਨੇ?ਕਿਹੜੀਮੰਦ-ਭਾਵਨਾ ਨਾਲ ਭਾਈ ਮਰਦਾਨਾ ਦੀ ਜੀਵਨ-ਸਾਧਨਾ ਨੂੰ ਬੀਤੇ ਵਕਤ ਦਾ ਪਾਟਿਆ ਵਰਕਾ ਬਣਾਇਆ ਗਿਆ?

ਸਿਰਫ਼ ਭਾਈ ਮਰਦਾਨਾ ਹੀ ਗੁੰਮ ਨਹੀਂ ਹੋਇਆ। ਇਸ ਨਾਲ ਬਹੁਤ ਕੁਝ ਅਸੀਂ ਵੀ ਗਵਾ ਲਿਆ ਏ। ਬਹੁਤ ਕੁਝ ਅਚੇਤ ਤੇ ਸੁਚੇਤ ਰੂਪ ਵਿਚ ਸਾਡੀ ਸੋਚ ਵਿਚੋਂ ਖੁਦ ਹੀ ਅਲੋਪ ਹੋ ਗਿਆ ਅਤੇ ਇਸਦਾ ਸਾਨੂੰ ਅਹਿਸਾਸ ਹੀ ਨਹੀਂ ਹੋਇਆ। ਇਸ ਅਹਿਸਾਸ-ਹੀਣਤਾ ਦਾ ਰੋਗ ਹੀ ਮਨੁੱਖੀ ਮਾਨਸਿਕਤਾ ਦੇ ਵਿਗਾੜਾਂ ਦਾ ਕਾਰਨ ਅਤੇ ਇਸਦਾ ਖ਼ਮਿਆਜ਼ਾ ਅਜੋਕਾ ਸਿੱਖ ਭੁੱਗਤ ਰਿਹਾ।

ਭਾਈ ਮਰਦਾਨਾ ਗੁੰਮ ਹੋਇਆ ਤਾਂ ਉਸ ਸਾਂਝ ਦਾ ਮਰਸੀਆਵੀ ਪੜ੍ਹਿਆ ਗਿਆ ਜੋ ਬਾਬੇ ਨਾਨਕ ਨੇ ਨੀਵੀਂ ਜਾਤ ਦੇ ਬਚਪਨੀ ਸਾਥੀ ਨਾਲ ਨਿਭਾਈ ਸੀ। ਜਾਤ-ਪਾਤ ਦੀ ਵਲਗਣ ਨੂੰ ਤੋੜਿਆ ਅਤੇ ਇਸ ਵਿਚੋਂ ਹੀ ਪਰਮ ਮਨੁੱਖ ਦੇ ਆਪਣੇ ਵਰਗੇ ਪਾਕ-ਮਨੁੱਖ ਨਾਲ ਪਾਕ ਸਬੰਧਾਂ ਦਾ ਮੁੱਢ ਬੰਨਿਆ ਸੀ। ਪਰ ਅਸੀਂ ਇਸ ਮਿਟਾਏ ਹੋਏ ਪਾੜੇ ਨੂੰ ਮੁੜ ਸਿਰਜਣ ਦੇ ਰਾਹ ਤੁੱਰ ਪਏ ਹਾਂ। ਸਿੱਖੀ-ਸੰਦੇਸ਼ ਤਾਂ ਜੋੜਨ ਅਤੇ ਫੈਲਰਣ ਦਾ ਨਾਮ ਸੀ।ਪਰ ਇਹ ਕੇਹੀ ਤਰਾਸਦੀ ਹੈ ਕਿ ਸਿੱਖੀ, ਹੁਣ ਡੇਰਿਆਂ, ਵੱਖ-ਵੱਖ ਫਿਰਕਿਆਂ ਅਤੇ ਜਾਤਾਂ ਦੇ ਗੁਰਦੁਆਰਿਆਂ ਵਿਚ ਤਕਸੀਮ ਹੋ ਗਈ ਹੈ। ਹਰੇਕ ਦਾ ਆਪੋ-ਆਪਣਾ ਮੁਫ਼ਾਦ, ਆਪੋ ਆਪਣੀ ਡੱਫ਼ਲੀ ਤੇ ਆਪੋ-ਆਪਣਾ ਰਾਗ। ਗਾਇਬ ਹੋਈ ਸਰਬ-ਸਮੁੱਚਤਾ ਕਾਰਨ, ਸਿੱਖੀ-ਸੋਚ ਦੇ ਘਾਣ ਦਾ ਕੌਣ ਏ ਕਸੂਰਵਾਰ?

ਭਾਈ ਮਰਦਾਨਾ ਜਦਸਿੱਖ-ਮਨਾਂ ਵਿਚੋਂ ਗਾਇਬ ਹੋਇਆ ਤਾਂ ਉਸ ਦਾਈਆ ਅਤੇ ਵਿਸ਼ਵਾਸ਼ ਨੇ ਆਤਮਘਾਤ ਕਰ ਲਿਆ ਜਿਸ ਦਾਈਏ ਕਾਰਨ ਬਾਬੇ ਨਾਨਕ ਨੇ ਭਾਈ ਮਰਦਾਨੇ ਨੂੰ ਉਦਾਸੀਆਂ ਦਾ ਸਾਥੀ ਬਣਾਇਆ ਸੀ। ਹੁਣ ਤਾਂ ਕਿਸੇ 'ਤੇ ਦਾਈਆ ਹੀ ਨਹੀਂ ਰਿਹਾ। ਅਸੀਂ ਤਾਂ ਆਪਣਿਆਂ 'ਤੇ ਵੀ ਵਿਸ਼ਵਾਸ਼ ਕਰਨ ਤੋਂ ਡਰਦੇ ਹਾਂ ਕਿਉਂਕਿ ਆਪਣੇ ਹੀ ਪਿੱਠ ਵਿਚ ਛੁਰੀ ਮਾਰਨ ਤੋਂ ਵੇਲਾ ਨਹੀਂ ਖੁੰਝਾਉਂਦੇ। ਬਾਬਾਨਾਨਕ ਦਾ ਉਹ ਵਿਸ਼ਵਾਸ਼ ਜੋ ਉਹਨਾਂ ਭਾਈ ਮਰਦਾਨੇ 'ਤੇ ਕੀਤਾ ਸੀ ਕਿਧਰੇ ਵੀ ਨਜ਼ਰ ਨਹੀਂ ਆਉਂਦਾ। ਹੁਣ ਕੋਈ ਵੀ ਭਾਈ ਮਰਦਾਨਾ ਬਣਨ ਲਈ ਤਿਆਰ ਨਹੀਂ। ਅਜੋਕੇ ਮਖੌਟਾਧਾਰੀ ਆਪਣੀਆਂ ਗਿਣਤੀਆਂ-ਮਿਣਤੀਆਂ ਵਿਚ ਹੀ ਉਲਝੇ, ਮਨਾਂ ਵਿਚ ਭਾਈ ਮਰਦਾਨੇ ਵਰਗੀ ਸਮਰਪਿੱਤ ਸੋਚ ਦਾ ਸੂਰਜ ਕਿਵੇਂ ਉਗਾ ਸਕਦੇ?ਸਾਡੇ ਮਨਾਂ 'ਚੋਂ ਗੁੰਮ ਗਿਆ ਸੂਰਜ ਸਿਰਫ਼ ਸਾਨੂੰ ਹਨੇਰ ਢੋਣ ਲਈ ਹੀ ਮਜ਼ਬੂਰ ਕਰੇਗਾ ਜੋ ਅਸੀਂ ਕਰ ਰਹੇ ਹਾਂ।

ਭਾਈ ਮਰਦਾਨੇ ਜਦਅਜੋਕੇ ਦੁਨਿਆਵੀ ਦਾਇਰੇ ਵਿਚੋਂ ਮਨਫ਼ੀ ਹੁੰਦਾ ਏ ਤਾਂ ਗਾਇਬ ਹੁੰਦੀ ਉਸਦੀ ਰਬਾਬ, ਸਰੋਦੀਪਣ, ਸੰਗੀਤ ਤੇ ਗੁਰਬਾਣੀ ਦਾ ਸੁੰਦਰ ਸਾਥ, ਅਲਾਹੀ ਬੋਲਾਂ ਵਿਚੋਂ ਉਗਮਦੀ ਅੰਬਰੀਂ ਪ੍ਰਵਾਜ਼ ਅਤੇ ਅਨੂਠਾ ਅੰਦਾਜ਼। ਸਰੋਤਿਆਂ ਦੇ ਮਨਾਂ ਵਿਚ ਪੈਂਦਾ ਅਮਿੱਟ ਪ੍ਰਭਾਵ ਜਿਸਨੇ ਸਿੱਖ-ਸੋਚ ਨੂੰ ਸਾਰੇ ਪਾਸੇ ਫੈਲਾਉਣ ਵਿਚ ਅਹਿਮ ਰੋਲ ਨਿਭਾਇਆ ਅਤੇ ਬੋਧ-ਬੋਲਾਂ ਨੇ ਸਦੀਵੀ ਪ੍ਰਭਾਵ ਪਾਇਆ। ਰਬਾਬ ਨੇ ਸੰਗੀਤ ਨੂੰ ਸ਼ੋਰ ਤੋਂ ਦੂਰ ਰੱਖਿਆ। ਇਸਦੀ ਪਾਕੀਜ਼ਗੀ ਤੇ ਪਹਿਚਾਣ ਨੂੰ ਕਦੇ ਆਂਚ ਨਹੀਂ ਆਉਣ ਦਿਤੀ। ਰਬਾਬ ਨੂੰ ਗਵਾ ਕੇ ਅਜੋਕੇ ਸੰਗੀਤ ਨੇ ਸਾਨੂੰ ਸ਼ੋਰ, ਸੰਤਾਪ ਅਤੇ ਸਹਿਮ ਹੀ ਦਿਤਾ ਜਿਸਨੇ ਸਮਾਜਿਕ ਤਾਣੇ-ਬਾਣੇ ਨੂੰ ਨਹਿਸ਼ ਕਰ ਦਿਤਾ ਏ।

ਭਾਈ ਮਰਦਾਨੇ ਦੀ ਗੈਰ-ਹਾਜ਼ਰੀ ਕਾਰਨ, ਮਰਦਾਨੇ ਵਾਲੀ ਨਿਰ-ਸੁਆਰਥ ਸੋਚ ਵੀ ਤਿਲਾਂਜਲੀ ਦੇ ਗਈ ਹੈ। ਭਾਈ ਮਰਦਾਨੇ ਨੇ ਬਾਬਾ ਨਾਨਕ ਦੇ ਸਾਥ ਨੂੰ ਅੰਤਰੀਵ ਵਿਚ ਮਾਣਿਆ। ਇਸਦੇ ਸੁਖਨ ਅਤੇ ਆਤਮਿਕ ਰਸ ਵਿਚ ਖੁਦ ਨੂੰ ਰੰਗ ਲਿਆ। ਕੋਈਂ ਨਹੀਂ ਸੀ ਉਸਦੀ ਮਾਇਕ ਲੋੜ, ਮੰਗ ਜਾਂ ਅੜ੍ਹੀ। ਸਿਰਫ਼ ਦੋਸਤੀ ਅਤੇ ਸਾਂਝ ਦਾ ਸੀ



ਮਾਣ। ਪਰ ਅੱਜ ਕੱਲ ਤਾਂ ਰਬਾਬੀ-ਰੰਗਤ ਵਿਕਦੀ, ਕੀਰਤਨ ਤੇ ਕਥਾ ਵਿਕਾਉ ਅਤੇ ਬਾਣੀ-ਬੋਲਾਂ ਨੂੰ ਉਚਾਰਣ ਦੀ ਵੀ ਬੋਲੀ ਲੱਗਦੀ। ਗੁਰ-ਸ਼ਬਦ ਦੀ ਲੋਰ ਨੂੰ ਭਾਈ ਮਰਦਾਨਾ ਵਰਗੀ ਸ਼ਰਧਾ ਤੇ ਸਮਰਪਿੱਤਾ ਨਾਲਮਨ ਦੀ ਤਰਜ਼ੀਹ ਬਣਾਉਣਾ, ਹੁਣ ਤਰਜ਼ੀਹ ਨਹੀਂ ਰਿਹਾ। ਹੁਣ ਸਿਰਫ਼ ਇਕ ਕਿੱਤਾ। ਇਸ 'ਚੋਂ ਮੋਟੀ ਕਮਾਈ ਕਰਨਾ, ਜ਼ਿਆਦਾਤਰ ਲੋਕਾਂ ਦਾ ਕਸਬ ਤੇ ਵਪਾਰ?

ਭਾਈ ਮਰਦਾਨਾ ਦੇ ਗੁੰਮ ਹੋਣ ਨਾਲ ਬੇਬੇ ਨਾਨਕੀ ਦੀ ਬੇਫ਼ਿਕਰੀ ਨੂੰ ਵੀ ਘੁੱਣ ਖਾ ਗਿਆ ਕਿਉਂਕਿ ਭਾਈ ਮਰਦਾਨਾ ਸਦਕਾ ਹੀ ਬੇਬੇ ਨਾਨਕੀ ਬੇਫ਼ਿਕਰ ਹੋ ਗਈ ਸੀ ਜਦ ਬਾਬਾ ਨਾਨਕ ਉਦਾਸੀ 'ਤੇ ਤੁੱਰਨ ਲੱਗਾ ਸੀ। ਉਸਨੂੰ ਪਤਾ ਸੀ ਕਿ ਵੀਰ ਨਾਨਕ ਨਾਲ ਉਸਦਾ ਸਾਥੀ ਭਾਈ ਮਰਦਾਨਾ ਸਦਾ ਪ੍ਰਛਾਂਵੇਂ ਵਾਂਗ ਰਹੇਗਾ। ਉਹਨਾਂ ਦੀਆਂ ਕਠਿਨਾਈਆਂ ਅਤੇ ਦੁੱਖ ਸਾਂਝੇ ਹੋਣਗੇ। ਉਹ ਸਫ਼ਰ ਨੂੰ ਸੁਖਾਵਾਂ ਬਣਾਈ ਰੱਖੇਗਾ। ਉਹ ਇਕ ਜੋਤ ਦੂਏ ਮੂਰਤੀ ਵਾਂਗ ਉਦਾਸੀ ਦੇ ਸਫ਼ਰ ਨੂੰ ਨਵੀਂ ਬੁਲੰਦਗੀ ਦੇਣਗੇ। ਬੇਬੇ ਨਾਨਕੀ ਦੀ ਬੇਫ਼ਿਕਰੀ ਨੂੰ ਖੋਹਣ ਲਈ ਕੌਣ ਨੇ ਕਸੂਰ ਵਾਰ? ਕੌਣ ਨੇ ਜਿਹਨਾਂ ਨੇ ਭਾਈ ਮਰਦਾਨੇ ਨੂੰ ਸਿੱਖੀ ਵਿਰਾਸਤ ਤੋਂ ਗਾਇਬ ਕੀਤਾ?ਧਾਰਮਿਕ ਸਮਾਗਮਾਂ ਵਿਚੋਂਜਦ ਭਾਈ ਮਰਦਾਨਾ ਹੀ ਗਾਇਬ ਕਰ ਦਿਤਾ ਜਾਵੇ ਤਾਂ ਨਾਨਕ ਸੋਚ ਅਤੇ ਉਸਦੇ ਸਾਥ ਵਿਚੋਂ ਉਗਮਿਆ ਬਹੁਤ ਕੁਝ ਖੁਦ-ਬ-ਖੁਦ ਹੀ ਖਤਮ ਹੋ ਜਾਂਦਾ ਏ। ਅਜੇਹਾ ਹੀ ਅਜੋਕੇ ਜਸ਼ਨਾਂ ਵਿਚ ਹੋਇਆ।ਅਜੇਹਾ ਵਰਤਾਰਾ ਆਉਣ ਵਾਲੀਆਂ ਪੀੜ੍ਹੀਆਂ ਨੇ ਵੀ ਜਾਰੀ ਰੱਖਣਾ ਏ ਜੇ ਇਸਨੂੰ ਸੁਚੇਤ ਹੋ ਕੇ ਰੋਕਿਆ ਨਾ ਗਿਆ। ਹੁਣ ਨਹੀਂ ਕਿੱਧਰੇ ਮਿਲਦਾ ਭਾਈ ਮਰਦਾਨੇ ਵਰਗਾ ਸਫ਼ਰ ਦਾ ਸਾਥੀ ਜਿਸਦੇ ਸਾਥ ਵਿਚੋਂ ਅਲਹਾਮ ਅਤੇ ਬੰਦਗੀ ਨੂੰ ਨਵੀਆਂ ਬੁਲੰਦੀਆਂ ਮਿਲੀਆਂ ਹੋਣ। ਜਿਸਦੀ ਮੌਜੂਦਗੀ ਨਾਲ ਮਨ 'ਚ ਉਪਜੀ ਬੇਫ਼ਿਕਰੀ, ਨਵੀਆਂ ਪੈੜਾਂ ਸਿਰਜਣ ਅਤੇ ਨਵੇਂ ਕੀਰਤੀਮਾਨ ਸਥਾਪਤ ਕਰਨ ਵਿਚ ਪਹਿਲ ਬਣੇ।

ਭਾਈ ਮਰਦਾਨਾ ਜੇ ਗੁੰਮ ਜਾਵੇ ਤਾਂ ਬਾਬਾ ਨਾਨਕ ਦੀ ਬਾਣੀ ਲਈ ਰਬਾਬ ਦੀ ਤਰੰਗਾਂ 'ਚ ਪੈਦਾ ਹੋਇਆ ਸਰੋਦੀਪਣ, ਸੋਗ ਹੀ ਬਣ ਸਕਦਾ। ਭਾਈ ਮਰਦਾਨਾ ਨੂੰ ਵਿਸਾਰਨਾ, ਇਕ ਚਸ਼ਮਦੀਦ ਨੂੰ ਚੇਤਿਆਂ ਵਿਚੋਂ ਵਿਸਾਰਨ ਦੇ ਗੁਨਾਹਗਾਰ।ਸਾਕੀ ਅਤੇ ਸਖੀ ਨੂੰ ਯਾਦ ਨਾ ਕਰਨ ਲਈ ਤਨਖਾਹਦਾਰ ਜਿਸਨੇ ਸਿੱਧ-ਗੋਸ਼ਟਿ ਨੂੰ ਆਪਣੇ ਕੰਨਾਂ ਨਾਲ ਸੁਣਿਆ,ਕਾਜ਼ੀ ਦਸਤਗੀਰ ਨਾਲ ਰਚਾਈ ਗੁਫ਼ਤਗੂ ਨੂੰ ਅੱਖੀਂ ਡਿੱਠਾ ਅਤੇ ਪੰਡਤਾਂ ਨਾਲ ਕੀਤੇ ਨਾਨਕ-ਪ੍ਰਵਚਨਾਂ ਨੂੰ ਰੂਹ ਵਿਚ ਸਮੋਇਆ।ਜੋ ਭੁੱਖ, ਪਿਆਸ, ਕਸ਼ਟ ਅਤੇ ਦੁੱਖਾਂ ਤੋਂ ਨਿਰਲੇਪ ਰਹਿ, ਬਾਬਾ ਨਾਨਕ ਦਾ ਸਾਥ ਨਿਭਾਉਂਦਾ ਰਿਹਾ। ਬਹੁਤ ਕੁਝ ਆਪਣੀ ਝੋਲੀ ਵਿਚ ਪਵਾਉਂਦਾ ਰਿਹਾ ਜੋ ਸਿਰਫ਼ ਉਸਦਾ ਹੀ ਹਾਸਲ ਸੀ, ਹਾਸਲ ਹੈ ਅਤੇ ਸਦੀਵੀ ਰਹੇਗਾ। ਭਾਈ ਮਰਦਾਨੇ ਨੂੰਬਾਬਾ ਨਾਨਕ ਦੇ ਨਾਲ ਉਹਨਾਂ ਰਾਹਾਂ, ਥਾਵਾਂ, ਤੀਰਥਾਂ, ਮੰਦਰਾਂ, ਮੱਠਾਂ, ਮਸਜਦਾਂ ਆਦਿ 'ਤੇ ਜਾਣ, ਵੱਖੋ-ਵੱਖਰੇ ਖਿੱਤੇ ਦੇ ਲੋਕਾਂ ਨੂੰ ਉਹਨਾਂ ਦੀਆਂ ਬੋਲੀਆਂ ਵਿਚ ਗੱਲਾਂ ਕਰਨ, ਉਹਨਾਂ ਵਰਗੇ ਹੋਣ, ਉਹਨਾਂ 'ਚ ਰਚਣ-ਮਿਚਣ ਅਤੇ ਉਹਨਾਂ ਨੂੰ ਆਪਣਾ ਬਣਾਉਣਦਾ ਕੇਹਾ ਮਾਣ ਸੀ ਕਿ ਉਹ ਉਹਨਾਂ ਵਿਚ ਉਹਨਾਂ ਦੇ ਆਪਣੇ ਹੀ ਬਣ ਜਾਂਦੇ ਸਨ। ਇਸ ਕਰਕੇ ਨਾਨਕ-ਸੋਚ ਨੂੰ ਹਰ ਫਿਰਕੇ, ਕਬੀਲੇ ਅਤੇ ਖਿੱਤੇ ਦੇ ਲੋਕਾਂ ਨੇ ਰੂਹ ਨਾਲ ਅਪਨਾਇਆ। ਇਸ ਸੋਚ ਦੇ ਚਿਰਾਗ ਹੁਣ ਤੀਕਵੀ ਜਗ ਰਹੇ ਨੇ। ਪਰ ਭਾਈ ਮਰਦਾਨੇ ਨੂੰ ਭੁਲਾ ਕੇ ਅਸੀਂ ਇਹਨਾਂ ਨੂੰ ਬੁਝਾਉਣ ਵੱਲ ਉਲਾਰ ਤਾਂ ਹੋਏ ਹਾਂ। ਪਰ ਨਾਨਕ-ਜੋਤ ਨੇ ਕਦੇ ਨਹੀਂ ਬੁਝਣਾ।ਸਗੋਂ ਸਦੀਵੀ ਜਗਦੇ ਰਹਿਣਾ ਕਿਉਂਕਿ ਸੂਰਜ ਕਦੇ ਵੀ ਠੰਡੇ ਨਹੀਂ ਹੁੰਦੇ ਅਤੇ ਇਹਨਾਂ ਦੀ ਤਾਸੀਰ ਹੀ ਚਾਨਣ ਵੰਡਦੇ ਰਹਿਣਾ ਹੁੰਦੀ।

ਭਾਈ ਮਰਦਾਨੇ ਨੂੰ ਭੁਲਾ ਕੇ ਅਸੀਂ ਉਸ ਪ੍ਰਣ ਨੂੰ ਵੀ ਤੋੜ ਰਹੇ ਹਾਂ ਜੋ ਪ੍ਰਣ ਭਾਈ ਮਰਦਾਨੇ ਨੇ ਉਦਾਸੀ ਤੋਂ ਪਰਤ ਕੇ, ਰਾਏ ਭੋਇ ਦੀ ਤਲਵੰਡੀ ਵਿਚ ਪਹੁੰਚਣ 'ਤੇ ਬਾਬਾ ਨਾਨਕ ਨਾਲ ਕੀਤਾ ਸੀ ਕਿ ਤਲਵੰਡੀ ਜਾ ਕੇ ਉਹ ਆਪਣੇ ਸਾਥੀ ਬਾਬਾ ਨਾਨਕ ਬਾਰੇ ਕੁਝ ਨਹੀਂ ਦੱਸੇਗਾ। ਮਾਈ ਤ੍ਰਿਪਤਾ ਨੇ ਹੀ ਭਾਈ ਮਰਦਾਨੇ ਦੇ ਨੈਣਾਂ ਵਿਚ ਆਪਣੇ ਪੁੱਤ ਦਾ ਅਕਸ ਦੇਖ ਲਿਆ ਸੀ ਅਤੇ ਹੌਲੀ ਹੌਲੀ ਉਸਦੇ ਪਿੱਛੇ ਤੁਰਦੀ ਆਪਣੇ ਨਾਨਕ ਪੁੱਤਰ ਨੂੰ ਮਿਲਣ ਤੁੱਰ ਪਈ ਸੀ। ਪਰ ਭਾਈ ਮਰਦਾਨੇ ਨੇ ਪ੍ਰਣ ਨਹੀਂ ਸੀ ਤੋੜਿਆ। ਪਰ ਅਸੀਂ ਤਾਂ ਨਿੱਕੇ ਜਹੇ ਲਾਲਚ, ਮਾਇਕ ਫ਼ਾਇਦਾ ਜਾਂ ਰੁੱਤਬਾ ਪ੍ਰਾਪਤੀ ਖਾਤਰ, ਕੀਤੇ ਵਚਨ ਤੋੜਨ ਜਾਂ ਮੁੱਕਰਨ ਵਿਚ ਪਲ ਵੀ ਨਹੀਂ ਲਾਉਂਦੇ। ਕਦੇ ਭਾਈ ਮਰਦਾਨੇ ਵਰਗੀ ਪ੍ਰਣ-ਪਕਿਆਈ ਨੂੰ ਮਨ-ਦ੍ਰਿੜਤਾ ਬਣਾਉਣਾ, ਬਾਬਾ ਨਾਨਕ ਦੀਆਂ ਰਹਿਮਤਾਂ ਦੀ ਬਖਸ਼ਿਸ਼ ਹੋਵੇਗੀ। ਮਨ ਦੀ ਤਕੜਾਈ ਅਤੇ ਪਕਿਆਈ ਮਨੁੱਖੀ ਸਖਸੀਅਤ ਦਾ ਅਜੇਹਾ ਮਜੀਠ ਰੰਗ ਏ ਜਿਸਦੇ ਫ਼ਿੱਕੇ ਹੋਣ ਦੀ ਕਦੇ ਵੀ ਸੰਭਾਵਨਾ ਨਹੀਂਹੁੰਦੀ। ਇਹ ਰੰਗ ਸਦਾ ਸਦੀਵ। ਭਾਈ ਮਰਦਾਨੇ ਨੂੰ ਭੁਲਾਉਣ ਦੀ ਬਜਾਏ, ਲੋੜ ਹੈ ਕਿ ਹੁਣ ਵੀ ਵਾਪਸ ਪਰਤੀਏ। ਆਪਣੇ ਪੁਰਖਿਆਂ ਦੇ ਬੋਲਾਂ ਤੇ ਕੀਰਤੀਆਂ 'ਤੇ ਮਾਣ ਕਰੀਏ ਅਤੇ ਉਹਨਾਂ ਦੇ ਪੈਰ-ਚਿੰਨਾਂ 'ਤੇ ਚੱਲਣ ਦਾ ਉਦਮ ਕਰੀਏ।

ਭਾਈ ਮਰਦਾਨਾ ਜਦ ਭੁੱਲਦਾ ਤਾਂ ਅਸੀਂ ਉਸ ਦਾਤ ਤੋਂ ਮਹਿਰੂਮ ਹੋ ਜਾਂਦੇ ਜਿਹੜੇ ਭਾਈ ਮਰਦਾਨੇ ਨੇ ਆਪਣੇ ਆਖਰੀ ਵਕਤ ਬਾਬਾ ਨਾਨਕ ਦੀ ਰਹਿਮਤ'ਚੋਂ ਪਾਈ ਸੀ ਜਦ ਬਾਬੇ ਨਾਨਕ ਦੀ ਬੁੱਕਲ ਵਿਚ ਉਸਨੇ ਸਾਹਾਂ ਨੂੰ ਆਖ਼ਰੀ ਅਲਵਿਦਾ ਕਹੀ। ਉਸ ਸਾਥ ਨੂੰ ਨਵਾਂ ਅੰਜਾਮ ਦਿਤਾ ਕਿ ਜਦ ਦਿਲਾਂ ਦੀ ਸਾਂਝ ਹੁੰਦੀ ਤਾਂ ਸਾਹਾਂ ਦਾ ਸਫ਼ਰ, ਸਾਥੀ ਦੇ ਸਾਥ ਵਿਚ ਪੂਰਨ ਕਰਨ ਲੱਗਿਆਂ ਅਕਹਿ ਅਨੰਦ ਤੇ ਸੰਤੁਸ਼ਟੀ ਹਾਸਲ ਹੁੰਦੀ। ਇਕ ਸੁਖਨ ਤੇ ਸਕੂਨ ਦੀ ਪ੍ਰਾਪਤੀ। ਭਟਕਣਾ ਤੋਂ ਨਿਜ਼ਾਤ। ਮਨ ਦੀ ਤ੍ਰਿਪਤੀ ਦਾ ਅਹਿਸਾਸ। ਇਹ ਸਿਰਫ਼ ਭਾਈ ਮਰਦਾਨਾ ਵਰਗੀ ਰੱਬੀ ਰੂਹ ਹੀ ਪ੍ਰਾਪਤ ਕਰ ਸਕੀ ਜਿਸਨੂੰ ਬਾਬਾ ਨਾਨਕ ਦੀ ਨੇੜਤਾ ਨਸੀਬ ਹੋਈ। ਕਿਥੇ ਹੈ ਅਜੇਹੀ ਨੇੜਤਾ? ਕੌਣ ਨਿਭਾਉਂਦਾ ਏ ਅਜੇਹੀ ਦੋਸਤੀਆਂ? ਕਿਸਨੂੰਪਤਾ ਹੈ ਅਜੇਹੇ ਸਬੰਧਾਂ ਦੀ ਸਾਰਥਿਕਤਾ ਅਤੇ ਸਦੀਵਤਾ ਦੀ ਸਾਰ ਦਾ? ਕੌਣ ਨੇ ਜਿਹਨਾਂ ਨੂੰ ਬਾਬਾ ਨਾਨਕ ਅਤੇ ਭਾਈ ਮਰਦਾਨਾ ਦੀ ਆਪਸੀ ਗੁਫ਼ਤਗੂ ਵਿਚ ਅਧਿਆਤਮਿਕਤਾ ਅਤੇ ਰੂਹਾਨੀਅਤ ਦੇ ਦੀਦਾਰੇ ਨਹੀਂ ਹੁੰਦੇ? ਕੀ ਉਹ ਲੋਕ ਇਸ ਦ੍ਰਿਸ਼ ਨੂੰ ਆਪਣੇ ਮਨ-ਮੰਦਰ ਵਿਚ ਸਾਖਸ਼ਾਤ ਕਰ ਸਕਣਗੇ ਜਿਹਨਾਂ ਦੀ ਮਾਨਸਿਕਤਾ ਵਿਚ ਲਾਲਚ ਅਤੇ ਨਿੱਜ-ਪ੍ਰਸਤੀ ਹਾਵੀ ਹੋਵੇ? ਭਾਈ ਮਰਦਾਨਾ ਵਰਗੀ ਅਪਣੱਤ ਅਤੇ ਮੋਹ ਦੀ ਦਾਸਤਾਨ, ਇਕ ਸਦੀਵੀ ਮਿਸਾਲ। ਅਸੀਂ ਇਸ ਮਿਸਾਲ ਨੂੰ ਸਮਝਣ ਤੋਂ ਹੀਣੇ।ਮਿਸਾਲ ਬਣਨਾ ਤਾਂ ਦੂਰ ਦੀ ਗੱਲ।

ਭਾਈ ਮਰਦਾਨਾ ਨੂੰ ਭੁਲਾ ਕੇ ਅਸੀਂ ਬਾਬੇ ਨਾਨਕ ਦੇ ਉਸ ਸਬੱਬ ਨੂੰ ਵੀ ਭੁੱਲ ਬੈਠੈ ਹਾਂ ਜਿਸ ਰਾਹੀਂ ਬਾਬਾ ਨਾਨਕ ਨੇ ਸੱਜਣ ਠੱਗ ਨੂੰ ਨੇਕਨੀਤੀ ਦਾ ਪਾਠ ਪੜਾਇਆ ਅਤੇ ਮਾਨਵਤਾ ਦੇ ਮਾਰਗ ਤੋਰਿਆ ਸੀ। ਜਿਸ ਰਾਹੀਂ ਵਲੀ ਕੰਧਾਰੀ ਦਾ ਹੰਕਾਰ ਤੋੜਿਆ ਅਤੇ ਉਸਦੇ ਮਨ ਵਿਚ ਕੋਮਲਤਾ ਤੇ ਅਪਣੱਤ ਦੀਆਂ ਭਾਵਨਾਵਾਂ ਪੈਦਾ ਕਰਨ ਵਿਚ ਸਕਾਰਤਮਿਕ ਰੋਲ ਨਿਭਾਇਆ। ਭਾਈ ਮਰਦਾਨਾ, ਬਾਬਾ ਨਾਨਕ ਦੀ ਹਰੇਕ ਉਦਾਸੀ ਵਿਚ ਨਵੀਆਂ ਪੈੜਾਂ ਸਿਰਜਣ, ਸੁਗਮ ਸੰਦੇਸ਼ ਦੇਣ ਅਤੇ ਸਮਾਜਿਕ ਸੁਹਜ ਤੇ ਸੱਦਭਾਵਨਾ ਦੇ ਪੈਗ਼ਾਮ ਦਾ ਸਬੱਬ ਬਣਿਆ। ਅਸੀਂ ਤਾਂ ਬਾਬਾ ਨਾਨਕ ਦੇ ਉਸ ਅਜ਼ੀਮ ਸਬੱਬ ਨੂੰ ਭੁਲਾ ਕੇ, ਅਜੇਹੇ ਸਬੱਬ ਸਿਰਜਣ ਲਈ ਕਾਹਲੇ ਹਾਂ ਜੋ ਕੁਮੱਤ, ਕਪਟ ਅਤੇ ਕੁਹਜ ਦੀ ਮਾਰਗ-ਦਰਸ਼ਨਾ ਕਰਦੇ, ਜਿਹੜੇ ਕਮੀਨਗੀ, ਕਮੀਆਂ ਅਤੇ ਕੁਤਾਹੀਆਂ ਵੰਨੀਂ ਪ੍ਰੇਰਤ ਕਰਦੇ,ਜੋ ਰਾਹਾਂ ਦੀ ਨਿਸ਼ਾਨਦੇਹੀ ਕਰਨ ਤੇ ਸੁਚਾਰੂ ਸੋਚ ਮਸਤਕ ਦੇ ਨਾਮ ਕਰਨ ਦੀ ਬਜਾਏ ਕਾਲਖਾਂ ਵਣਜਣ ਲਈ ਉਤਸੁੱਕ ਨੇ। ਅਜੇਹੇ ਸਬੱਬਾਂ ਕਾਰਨਾਂ ਅਜੋਕਾ ਮਨੁੱਖ ਰਸਾਤਲ ਵੰਨੀਂ ਗਰਕ ਰਿਹਾ ਏ ਜਿਸ 'ਚੋਂ ਮਨੁੱਖਤਾ ਏ ਮਨਫ਼ੀ। ਕਦੇ ਮਰਦਾਨੇ ਵਰਗਾ ਸਬੱਬ ਸਿਰਜਣਾ, ਤੁਹਾਨੂੰ ਸਬੱਬ ਰਾਹੀਂ ਸੁਗੜ-ਸੰਦੇਸ਼ ਦੇਣ ਦੀ ਸੱਚੀ ਸਾਰਥਿਕਤਾ ਸਮਝ ਆ ਜਾਵੇਗੀ।

ਭਾਈ ਮਰਦਾਨੇ ਨੂੰ ਚੇਤਿਆਂ 'ਚੋਂ ਵਿਸਾਰ ਕੇ, ਅਸੀਂ ਬਾਬਾ ਨਾਨਕ ਦੀ ਉਸ ਉਦਾਸੀ ਨੂੰ ਭੁੱਲ ਗਏ ਜਿਹੜੇ ਉਹਨਾਂ ਨੇ ਆਪਣੇ ਸਾਥੀ ਤੇ ਸਦੀਵੀ ਤੁੱਰ ਜਾਣ ਤੋਂ ਬਾਅਦ ਉਦਾਸ ਪਲਾਂ ਵਿਚ ਆਰੰਭੀ ਸੀ। ਕਿਰਤ ਦੀ ਉਦਾਸੀ। ਕਰਤਾਰਪੁਰ ਵਿਚ ਕਿਰਤ ਕਰਨ ਅਤੇ ਵੰਡ ਛੱਕਣ ਦੇ ਸੰਦੇਸ਼ ਨੂੰ ਅਮਲੀ ਜਾਮਾ ਪਹਿਨਾਉਣ ਦਾ ਉਦਮ ਤੇ ਉਪਰਾਲਾ। ਕਿਰਤ-ਧਰਮ ਵਿਚ ਨਵੀਆਂ ਉਚਾਈਆਂ ਦੇਣ ਵਾਲੇ ਬਾਬੇ ਨਾਨਕ ਦਾ ਕੇਹਾ ਪਿਆਰ ਅਤੇ ਸਬੰਧ ਸੀ ਭਾਈ ਮਰਦਾਨੇ ਨਾਲ ਕਿ ਉਹ ਫਿਰ ਬਾਹਰਲੀ ਉਦਾਸੀ ਤੇ ਨਹੀਂ ਗਏ। ਸਗੋਂਕਿਰਤ-ਉਦਾਸੀ ਵਿਚੋਂ ਜੀਵਨੀ ਸੁਚਮ ਅਤੇ ਉਚਮ ਨੂੰ ਨਵੀਆਂ ਤਰਜ਼ੀਹਾਂ ਦੇ ਕੇ ਸਮੁੱਚੀ ਲੋਕਾਈ ਨੂੰ ਜੀਵਨ-ਸੇਧਾਂ ਨਾਲ ਨਿਵਾਜਿਆ। ਆਮ ਲੋਕਾਂ ਵਿਚ ਆਮ ਜਹੇ ਬਣ ਕੇ, ਮਾਨਵੀ ਸੰਦੇਸ਼ ਨੂੰ ਲੋਕ-ਮਨਾਂ ਵਿਚ ਸਦੀਵੀ ਉਕਰ ਦਿਤਾ ਜੋ ਇਹਨਾਂ ਉਪਦੇਸ਼ਾਂ ਤੋਂ ਬਹੁਤ ਦੂਰ ਸਨ। ਕੌਣ ਤੁਰਦਾ ਹੈ ਅਜੇਹੀ ਉਦਾਸੀ 'ਤੇ? ਅੱਜ ਕੱਲ ਅਸੀਂ ਆਪਣੇ ਪਿਆਰੇ ਦੇ ਤੁੱਰ ਜਾਣ 'ਤੇ, ਕੁਝ ਹੀ ਦਿਨਾਂ ਵਿਚ ਤੁੱਰ ਗਿਆਂ ਨੂੰ ਭੁਲਾ ਕੇ ਫਿਰ ਕਪਟੀ ਚਾਲਾਂ, ਕੂੜ-ਵਪਾਰ ਅਤੇ ਕੁਹਜੀ ਚਾਲਾਂ ਵਿਚ ਖੁਦ ਨੂੰ ਉਲਝਾ ਲੈਂਦੇ ਹਾਂ। ਸਾਨੂੰ ਤਾਂ ਯਾਦ ਹੀ ਨਹੀਂ ਰਹਿੰਦੀ ਕਰਮ-ਧਰਮ ਅਤੇ ਕਿਰਤ ਵਿਚਲੀ ਸੁੱਚਮਤਾ ਅਤੇ ਉਚਮਤਾ ਦੀ ਅਹਿਮੀਅਤ। ਕਿੰਨੇ ਕੁ ਨੇ ਅਜੋਕੇ ਡੇਰੇਦਾਰ ਅਤੇ ਧਾਰਮਿਕ ਰਹਿਨੁਮਾ ਜਿਹਨਾਂ ਨੇ ਹੱਥੀਂ ਕਿਰਤ ਕਰਕੇ ਆਪਣੇ ਜੀਵਨ ਨੂੰ ਸੰਵਾਰਿਆ ਹੋਵੇ ਅਤੇ ਲੋਕਾਂ ਲਈ ਮਿਸਾਲ ਬਣੇ ਹੋਣ? ਭਾਈ ਮਰਦਾਨੇ ਨੂੰ ਭੁਲਾ ਕੇ ਅਸੀਂ ਕਿਰਤ-ਉਦਾਸੀ ਤੋਂ ਹੀ ਦੂਰ ਨਹੀਂ ਹੋਏ ਸਗੋਂ ਖੁਦ ਤੋਂ ਵੀ ਬਹੁਤ ਦੂਰ ਹੋ ਗਏ ਹਾਂ। ਖੁਦ ਤੋਂ ਦੂਰੀ ਹੀ ਮਨੁੱਖੀ-ਮਨ ਵਿਚ ਪੈਦਾ ਹੋਈ ਨੀਚਤਾ ਅਤੇ ਰਸਾਤਲ-ਗਰਕਣੀ ਦਾ ਕਾਰਨ ਏ।

ਅਸੀਂ ਤਾਂ ਭਾਈ ਮਰਦਾਨੇ ਦੀ ਰੂਹ ਨੂੰ ਵੀ ਨਹੀਂ ਬਖ਼ਸ਼ਿਆ। ਉਸਦੀ ਰੂਹ-ਵਿਲਕਣੀ ਸੁਣਨ ਤੋਂ ਇੰਨਕਾਰੀ। ਇਹ ਕੇਹੀ ਵਿਡੰਬਣਾ ਹੈ ਕਿ ਭਾਈ ਮਰਦਾਨਾ ਦੇ ਵਾਰਸਾਂ ਵਿਚ ਵੱਸਦੀ ਉਸ ਰੱਬੀ ਰੂਹ ਨੂੰ ਰਬਾਬ ਦੀਆਂ ਤਰੰਗਾਂ ਛੇੜਨ ਅਤੇ ਗੁਰਬਾਣੀ ਨੂੰ ਰਬਾਬੀ ਰੰਗਤ ਵਿਚ ਰੰਗ ਕੇ ਸ਼ਰਧਾਲੂਆਂ ਤੀਕ ਪਹੁੰਚਾਣ ਦੇ ਪਰਉਪਕਾਰੀ ਕਰਮ ਤੋਂ ਵੀ ਵਰਜ ਦਿਤਾ। ਉਹਨਾਂ ਨੂੰ ਹਰਿਮੰਦਰ ਸਾਹਿਬ ਵਿਚ ਕੀਰਤਨ ਹੀ ਨਹੀਂ ਕਰਨ ਦਿਤਾਜੋਕੀਰਤਨ ਰੂਪੀ ਇਬਾਦਤ ਕਰਨ ਲਈ ਉਚੇਚੇ ਤੌਰ 'ਤੇ ਦੂਸਰੇ ਦੇਸ਼ ਤੋਂ ਆਏ ਹੋਣ। ਇਹ ਕੇਹੀ ਅਕ੍ਰਿਤਘਣਤਾ ਅਤੇ ਖੁਨਾਮੀ ਏ ਜਿਸ ਨੂੰ ਇਤਿਹਾਸ ਕਦੇ ਮੁਆਫ਼ ਨਹੀਂ ਕਰੇਗਾ। ਭਾਈ ਮਰਦਾਨਾ ਦੀ ਰੂਹ, ਉਸ ਕੀਰਤਨ ਤੋਂ ਵਿਰਵੀ ਕਰ ਦਿਤੀ ਗਈ ਜਿਹੜਾ ਕੀਰਤਨ ਉਸਨੇ ਬਾਬਾ ਨਾਨਕ ਦੀ ਸੰਗਤ ਵਿਚ ਸਾਰੀ ਉਮਰ ਕੀਤਾ ਸੀ। ਕੀ ਜਵਾਬ ਦੇਵਾਂਗੇ ਅਸੀਂ ਮਰਦਾਨੇ ਦੀ ਰੂਹ ਨੂੰ? ਮਰਿਯਾਦਾ ਨੂੰ ਬਾਣੀ ਤੋਂ ਉਚਤਮ ਕਿਸਨੇ ਬਣਾਇਆ?ਭਾਈ ਮਰਦਾਨਾ ਦੀ ਰੂਹ ਤਾਂ ਹੁਣ ਬੀਤੇ ਪਲਾਂ ਵਿਚੋਂ ਹੀ ਸੰਤੁਸ਼ਟੀ ਭਾਲਦੀ ਹੋਵੇਗੀ ਜਦ ਉਦਾਸੀਆਂ ਦੌਰਾਨ ਬਾਬਾ ਨਾਨਕ ਕਹਿੰਦੇ ਸਨ ਕਿ ਭਾਈ ਮਰਦਾਨਿਆ ਰਬਾਬ ਛੇੜ, ਬਾਣੀ ਆਈ ਏ। ਭਾਈ ਮਰਦਾਨੇ ਦੀ ਰਬਾਬ ਅਤੇ ਬਾਬਾ ਨਾਨਕ ਦੇ ਬੋਲ ਸਮੁੱਚੀ ਕਾਨਿਤਾਤ ਨੂੰ ਮੰਤਰ-ਮੁਗਧ ਕਰ ਦਿੰਦੇ ਸਨ। ਇਹ ਅਨੂਠਾ ਸੰਗਮ, ਫ਼ਿਜ਼ਾ ਦਾ ਅਜੇਹਾ ਹਾਸਲ ਹੁੰਦਾ ਸੀ ਕਿ ਜੀਵਨ-ਨਾਦ ਨੂੰ ਨਵੇਂ ਅਰਥ, ਅਦਬ ਅਤੇ ਅਕੀਦਤ ਪ੍ਰਾਪਤ ਹੁੰਦੀ ਸੀ।

ਦੇਖ ਬਾਈ ਮਰਦਾਨਿਆ, ਕੇਹੇ ਰੁੱਤਾਂ ਦੇ ਮਿਜ਼ਾਜ਼।ਕਿ ਸ਼ੋਰ ਵਿਚੋਂ ਭਾਲੀਏ, ਸੰਗੀਤ ਦਾ ਰਿਆਜ਼। ਫਿਜ਼ਾ ਵਿਚ ਨਾ ਗੂੰਜਦਾ, ਅਨਹਦ ਅਲਾਪ। ਤੇ ਨਾ ਹੀ ਰਬਾਬ ਕਰੇ, ਜਪੁ ਜੀ ਦਾ ਜਾਪ। ਵਿਕਦੀਆਂ ਨੇ ਸੁਰਾਂ, ਤੇ ਵਿਕਾਊ ਅੰਦਾਜ਼ ਏ। ਹਾਉਕਿਆਂ ਦੇ ਪੱਲੇ, ਮਰੀ ਸੋਚ ਦਾ ਖ਼ੁਆਬ ਏ।

ਭਾਈ ਮਰਦਾਨਾ ਨੂੰ ਭੁੱਲਣ ਵਾਲਿਓ! ਅਜੇਹੇ ਬੇਨਜ਼ੀਰ ਬਜੁਰਗਾਂ ਨੂੰ ਕਦੇ ਨਾ ਭੁਲਾਓ ਜੋ ਸਾਡੀ ਵਿਰਾਸਤ ਨੇ, ਜਿਹਨਾਂ ਦਾ ਇਤਿਹਾਸ ਵਿਚ ਮਾਣ-ਮੱਤਾ ਸਥਾਨ ਏ, ਜਿਹਨਾਂ ਦੇ ਭਰਾਤਰੀ-ਭਾਵ, ਭਗਤੀ ਅਤੇ ਬੰਦਗੀ ਵਿਚੋਂ ਹੀ ਰੱਬੀ ਰੂਹ ਨੂੰ ਮਕਸਦ ਪੂਰਤੀ ਲਈ ਅਜ਼ਲੀ ਸਾਥ ਨਸੀਬ ਹੋਇਆ ਸੀ। ਜਿਸਦੀਆਂ ਸੁਰਾਂ ਵਿਚ ਬਾਣੀ-ਬੋਧ ਨੂੰ ਸੰਗੀਤਕ ਪ੍ਰਵਾਜ਼ ਮਿਲਦੀ ਸੀ।ਬਾਬਾ ਨਾਨਕ ਦੀ ਸਮੁੱਚੀ ਬਾਣੀ ਨੂੰ ਰਬਾਬੀ ਰੰਗਤ ਦੇਣ ਵਾਲੇ ਮਹਾਨ ਰਬਾਬੀ ਨੂੰ ਭੁੱਲਣ ਦੇ ਗੁਨਾਹਗਾਰ ਨਾ ਬਣੋ। ਆਉਣ ਵਾਲੀਆਂ ਪੀਹੜੀਆਂ ਕਦੇ ਮੁਆਫ਼ ਨਹੀਂ ਕਰਨਗੀਆਂ। ਮਰਦਾਨੇ ਦੀ ਵੰਸ਼ ਨੂੰ ਮਾਣ ਸਤਿਕ-ਾਰ ਜਰੂਰ ਦਿਓ। ਉਹਨਾਂ ਦੇ ਕੀਰਤਨ-ਰਸ ਨਾਲ ਆਪਣੀਆਂ ਮਾਲੀਨ ਆਤਮਾਵਾਂ ਧੋਵੋ। ਖੁਦ ਨੂੰ ਆਤਮਿਕ ਦਰ ਵੰਨੀਂ ਤੋਰੋ ਕਿਉਂ ਮਰਦਾਨੇ ਦੀ ਰੂਹ ਤਾਂ ਉਸਦੀ ਰਬਾਬ ਅਤੇ ਉਸਦੀਆਂ ਆਉਣ ਵਾਲੀਆਂ ਨਸਲਾਂ ਵਿਚ ਹੀ ਵੱਸਦੀ ਹੈ ਜਿਹਨਾਂ ਨੇ ਹੁਣ ਤੀਕ ਰਬਾਬ ਅਤੇ ਰਬਾਬੀ ਅੰਦਾਜ਼ ਰਾਹੀਂ ਗੁਰਬਾਣੀ ਕੀਰਤਨ ਨੂੰ ਰੂਹ-ਰੰਗ ਦਾ ਹਿੱਸਾ ਬਣਾਇਆ ਹੈ। ਸ਼ਾਇਦ ਇਹਨਾਂ ਜਸ਼ਨਾਂ ਵਿਚੋਂ ਮਰਦਾਨੇ ਦੀ ਅਲੋਪਤਾ ਨੂੰ ਹੁਣ ਵੀ ਯਾਦ ਕਰਕੇ ਮਨ ਨੂੰ ਕੁਝ ਸਕੂਨ ਤਾਂ ਦਿਤਾ ਹੀ ਜਾ ਸਕਦਾ। ਹੁਣ ਦੇਖਣਾ ਹੋਵੇਗਾ ਕਿ ਕਿੰਨੇ ਕੁ ਸਿੱਖ ਭਾਈ ਮਰਦਾਨੇ ਦੀ ਯਾਦ ਨੂੰ ਨੱਤਮਸਤਕ ਹੁੰਦੇ ਆ?

# ਪੁਰਾਤਨ ਘਰ: ਪੇਂਡੂ ਰਹਿਤਲ ਦਾ ਦਰਪਣ

-ਅੰਮ੍ਰਿਤਪਾਲ ਸਿੰਘ ਸੰਧੂ

ਲੋਕ ਗੀਤ ਸਿਰਫ ਸ਼ੁਗਲ ਦਾ ਸਾਧਨ ਜਾਂ ਖੁਸ਼ੀ ਗਮੀ ਸਮੇਂ ਭਾਵਨਾਵਾਂ ਦਾ ਸੰਗੀਤਕ ਵਹਾਉ ਮਾਤਰ ਹੀ ਨਹੀਂ, ਸਗੋਂ ਅਸਿੱਧੇ ਤੌਰ 'ਤੇ ਪੇਂਡੂ ਰਹਿਤਲ ਦਾ ਦਰਪਣ ਵੀ ਹਨ। ਇਨ੍ਹਾਂ ਵਿੱਚੋਂ ਵਿਆਪਕ ਜੀਵਨ ਜਾਚ ਦੀ ਝਲਕ ਦੇਖੀ ਜਾ ਸਕਦੀ ਹੈ। ਲੋਕ ਗੀਤਾਂ ਵਿੱਚ ਲੋਕਾਂ ਦੇ ਨਿੱਤ ਦਿਨ ਦੇ ਕੰਮ ਧੰਦੇ ਜਾਂ ਆਹਰ ਪਾਹਰ, ਖਾਣ ਪਾਣ, ਤਿੱਥ ਤਿਉਹਾਰ, ਰਸਮਾਂ ਰਿਵਾਜ, ਰਿਸ਼ਤੇ ਨਾਤੇ, ਖੇਤ ਖਲਿਆਣ, ਰਹਿਣ ਸਹਿਣ ਦੇ ਨਾਲ ਪੁਰਾਤਨ ਘਰਾਂ ਦੀ ਨਕਸ਼ ਨੁਹਾਰ ਉਘੜ ਕੇ ਸਾਹਮਣੇ ਆਉਂਦੀ ਹੈ। ਆਧੁਨਿਕਤਾ ਕਾਰਨ ਭਾਵੇਂ ਸਮਾਜਿਕ ਅਤੇ ਸੱਭਿਆਚਾਰਕ ਜੀਵਨ ਵਿੱਚ ਪਰਿਵਰਤਨ ਆਉਣ ਨਾਲ ਘਰਾਂ ਵਿੱਚ ਵੀ ਪਰਿਵਰਤਨ ਆਇਆ ਹੈ, ਪਰ ਅਸੀਂ ਪੰਜਾਬੀ ਸਾਹਿਤ ਪੜ੍ਹਦੇ ਸੁਣਦੇ ਪੁਰਾਤਨ ਘਰਾਂ ਬਾਰੇ ਕਾਫੀ ਕੁਝ ਜਾਣ ਸਕਦੇ ਹਾਂ। ਲੋਕ ਗੀਤ ਅਪ੍ਰਤੱਖ ਰੂਪ ਨਾਲ ਪੁਰਾਣੇ ਘਰਾਂ ਦਾ ਖਾਕਾ ਜਾਂ ਢਾਂਚਾ ਸਿਰਜਦੇ ਹਨ। ਇਹ ਖਾਲੀ ਢਾਂਚੇ ਦੀ ਉਸਾਰੀ ਕਰਕੇ ਸੰਪੂਰਨ ਘਰ ਦੀ ਇਕ ਤਸਵੀਰ ਸ਼ਬਦ ਚਿੱਤਰਾਂ ਨਾਲ ਸਾਡੀਆਂ ਅੱਖਾਂ ਦੇ ਸਾਹਮਣੇ ਲਿਆ ਦਿੰਦੇ ਹਨ। ਲੋਕ ਗੀਤ ਅੱਜ ਕੱਲ੍ਹ ਦੇ ਦਿਖਾਵੇ ਭਰਪੂਰ ਪੱਕਿਆਂ ਘਰਾਂ ਤੇ ਕੱਚੀਆਂ ਸਾਕੇਦਾਰੀਆਂ ਵਿੱਚੋਂ ਬਾਹਰ ਕੱਢ ਕੇ ਕੱਚੇ ਘਰ, ਪਰ ਪੱਕੇ ਰਿਸ਼ਤਿਆਂ ਦੀ ਗੱਲ ਕਰਕੇ ਦਿਲੋ ਦਿਮਾਗ ਨੂੰ ਅਨੋਖਾ ਸਰੂਰ ਦਿੰਦੇ ਹਨ।

ਪੁਰਾਤਨ ਘਰ ਆਪਣੇ ਵਿੱਤ ਦੇ ਹਿਸਾਬ ਨਾਲ ਸਿਰ ਢੱਕਣ ਦਾ ਹੀਲਾ ਸਨ। ਅੰਦਰੂਨੀ ਸਜਾਵਟ ਅਤੇ ਬਾਹਰੀ ਦਿੱਖ ਘਰ ਦੀ ਸੁਆਣੀ ਦੀ ਸਿਆਣਪ ਅਤੇ ਹਸਤ ਕਲਾ ਜਾਂ ਹੱਥ ਦੀ ਸਫਾਈ ਉਤੇ ਨਿਰਭਰ ਸੀ। ਲੋਕ ਗੀਤਾਂ ਵਿੱਚ ਘਰ ਦੇ ਵੱਖ-ਵੱਖ ਹਿੱਸਿਆਂ ਅਤੇ ਅੰਦਰੂਨੀ ਤੇ ਬਾਹਰੀ ਸਜਾਵਟ ਦਾ ਵਰਣਨ ਕੀਤਾ ਗਿਆ ਹੈ। ਜਿਵੇਂ ਵਿਹੜਾ ਹੀ ਲੈ ਲਵੋ, ਜੋ ਪਿੰਡਾਂ ਦੇ ਲੋਕਾਂ ਦੇ ਖੁੱਲ੍ਹੇ ਡੁੱਲ੍ਹੇ ਸੁਭਾਅ ਦੀ ਤਰ੍ਹਾਂ ਖੁੱਲ੍ਹਾ ਡੁੱਲ੍ਹਾ ਸੀ। ਵਿਹੜੇ ਦੀ ਸਾਫ ਸੁਥਰੀ ਥਾਂ ਨੂੰ ਲਿੱਪ ਪੋਚ ਕੇ ਚੁੱਲ੍ਹਾ ਚੌਂਕਾ ਅਤੇ ਇਕ ਹਿੱਸੇ ਕਾੜ੍ਹਨਾ ਬਣਾ ਕੇ ਚੁਫੇਰੇ ਲੰਘਣ ਵਾਲੀ ਜਗ੍ਹਾ ਛੱਡ ਕੇ ਮਿੱਟੀ, ਧੂੜ, ਹਵਾ ਜਾਂ ਓਪਰੀ ਨਜ਼ਰੋਂ ਲੁਕਾਉਣ ਲਈ ਕੰਧੋਲੀ ਜਾਂ ਓਟਾ ਕੀਤਾ ਜਾਂਦਾ ਸੀ। ਕੰਧੋਲੀ ਵੀ ਮਿੱਟੀ ਗੋਹੇ ਨਾਲ ਬੜੀ ਸਫਾਈ ਨਾਲ ਲਿੱਪ ਕੇ ਉਪਰ ਮੋਰ ਘੁੱਗੀਆਂ, ਫੁੱਲ ਬੂਟੇ ਵਾਹੇ ਜਾਂਦੇ ਸਨ। ਆਏ ਗਏ ਨੂੰ ਦੇਖਣ ਲਈ ਵਿੱਚੋਂ ਮਘੋਰੇ ਰੱਖੇ ਜਾਂਦੇ ਸਨ। ਅੱਜ ਵੀ ਪਿੰਡਾਂ ਦੇ ਕਈ ਘਰਾਂ ਦੇ ਵਿਹੜਿਆਂ ਵਿੱਚ ਕੰਧੋਲੀ ਚੁੱਲ੍ਹੇ ਚੌਕਿਆਂ ਦਾ ਬਦਲਵਾ ਰੂਪ ਹੈ। ਵਿਹੜਾ ਅਤੇ ਘਰ ਦੇ ਹੋਰ ਹਿੱਸੇ ਮਿੱਟੀ ਗੋਹੇ ਤੂੜੀ ਨਾਲ ਜਾਂ ਕੱਲੀ ਮਿੱਟੀ ਨਾਲ ਲਿੱਪੇ ਜਾਂਦੇ ਸਨ। ਲਿੱਪਣ ਨੂੰ ਗੋਹਾ ਫੇਰਨਾ ਵੀ ਕਿਹਾ ਜਾਂਦਾ ਸੀ:

*ਪਿਛਲੇ ਅੰਦਰ ਗੋਹਾ ਫੇਰਾਂ,*
*ਉਤੇ ਡਿੱਗ ਪਈ ਗੁੱਡੀ।*
*ਨਣਾਨਾਂ ਸਹੁਰੇ ਤੋਰ ਕੇ,*
*ਭਰਜਾਈਆਂ ਪਾਈ ਲੁੱਡੀ।*

ਖੁਸ਼ੀ ਖੇੜੇ ਦੀ ਖਬਰ ਸਾਰ, ਤਿੱਥ ਤਿਉਹਾਰ ਅਤੇ ਵਿਆਹ ਸ਼ਾਦੀ ਸਮੇਂ ਵਿਹੜਾ ਜ਼ਿਆਦਾ ਲਿਸ਼ਕਿਆ ਪੋਚਿਆ ਜਾਂਦਾ ਸੀ:

*ਅੰਦਰ ਲਿੱਪਾਂ, ਬਾਹਰ ਲਿੱਪਾਂ,*
*ਲਿੱਪਾਂ ਘਰ ਦੀ ਆਲ ਦੁਆਲੀ।*
*ਵੀਰਾ ਮੇਰਾ ਵਿਆਹੁਣ ਚੱਲਿਆ,*
*ਵਹੁਟੀ ਰੱਤੇ ਚੂੜੇ ਵਾਲੀ।*

ਆਧੁਨਿਕਤਾ ਨੇ ਮਨੁੱਖੀ ਝੋਲੀ ਨਿਵੇਕਲੀਆਂ ਆਰਾਮ ਦਾਇਕ ਵਸਤਾਂ ਨਾਲ ਨੱਕੋ ਨੱਕੀ ਭਰ ਦਿੱਤੀ। ਗਰਮੀ ਤੋਂ ਬਚਣ ਲਈ ਪੱਖੀ ਨਹੀਂ ਝੱਲੀ ਜਾਂਦੀ ਅਤੇ ਨਾਂ ਰੁੱਖ ਦੀ ਛਾਂ ਦਾ ਆਨੰਦ ਮਾਣਿਆ ਜਾਂਦਾ ਹੈ, ਪਰ ਪਹਿਲਾਂ ਗਰਮੀਆਂ ਵਿੱਚ ਛਾਂ ਦਾ ਲਾਹਾ ਲੈਣ, ਸੁਆਣੀਆਂ ਵੱਲੋਂ ਨਿੱਕ ਸੁੱਕ ਕਰਨ ਲਈ ਅਤੇ ਮਰਦਾਂ ਦੁਆਰਾ ਗੱਪਾਂ ਮਾਰਨ ਲਈ ਵਿਹੜੇ ਵਿੱਚ ਰੁੱਖ ਜ਼ਰੂਰ ਹੁੰਦੇ ਸਨ। ਉਂਜ ਵੀ ਰੁੱਖ ਸਾਡੇ ਧਾਰਮਿਕ ਤੇ ਸੱਭਿਆਚਾਰਕ ਜੀਵਨ ਦਾ ਅਟੁੱਟ ਅੰਗ ਰਹੇ ਹਨ ਤੇ ਵਿ-ਗਆਨਕ ਤਰਕ ਆਧਾਰਤ ਹਨ। ਨਿੰਮ, ਡੇਕ ਜਾਂ ਧਰੇਕ, ਸ਼ਰੀਂਹ, ਅੰਬ ਦਾ ਵਰਣਨ ਗੀਤਾਂ ਵਿੱਚ ਆਉਂਦਾ ਹੈ:

*ਆ ਵੇ ਦਿਉਰਾ, ਜਾ ਵੇ ਦਿਉਰਾ,*
*ਬੋਤਾ ਬੰਨ੍ਹ ਦਰਵਾਜ਼ੇ।*
*ਬੋਤੇ ਤੇਰੇ ਨੂੰ ਘਾਹ ਦਾ ਟੋਕਰਾ,*
*ਤੈਨੂੰ ਪੰਜ ਪਰਸ਼ਾਦੇ।*
*ਨਿੰਮ ਹੇਠ ਕੱਤਦੀ ਦੀ,*
*ਮੇਰੀ ਗੂੰਜ ਸੁਣੇ ਦਰਵਾਜ਼ੇ।*

ਘਰਾਂ ਨੂੰ ਸੁਰੱਖਿਅਤ ਰੱਖਣ ਲਈ ਘਰ ਦੀ ਹੱਦ ਜਾਂ ਸੀਮਾ ਨਿਸ਼ਚਿਤ ਕਰਨ ਲਈ ਪੁਰਾਣੇ ਸਮੇਂ ਵਿੱਚ ਵੀ ਕੰਧਾਂ ਉਸਾਰੀਆਂ ਜਾਂਦੀਆਂ ਸਨ, ਪਰ ਫਰਕ ਇੰਨਾ ਹੈ ਕਿ ਹੁਣ ਕੰਧਾਂ ਪੱਕੀਆਂ ਅਤੇ ਉਚੀਆਂ ਹਨ, ਪਹਿਲਾਂ ਇਹ ਨੀਵੀਆਂ ਤੇ ਕੱਚੀਆਂ ਹੁੰਦੀਆਂ ਸਨ। ਚੁਫੇਰੇ ਕੰਧਾਂ ਤੋਂ ਇਲਾਵਾ ਕਈ ਥਾਵਾਂ 'ਤੇ ਮਨ ਮੁਟਾਵ ਹੋਣ ਮੌਕੇ ਪਰਵਾਰਕ ਮੈਂਬਰਾਂ ਵੱਲੋਂ ਘਰ ਵਿੱਚ ਕੰਧ ਕੱਢਣ ਦਾ ਜ਼ਿਕਰ ਵੀ ਆਉਂਦਾ ਹੈ।

*ਜਾਂ ਜੇਠਾ ਤੂੰ ਵਿਆਹ ਕਰਵਾ ਲੈ,*
*ਜਾਂ ਕੱਢਵਾ ਲੈ ਕੰਧ ਵੇ।*
*ਮੈਂ ਬੁਰੀ ਕਰੂੰਗੀ*
*ਨੀਵੀਂ ਪਾ ਕੇ ਲੰਘ ਵੇ।*
*ਘਰ ਦੀ ਇਮਾਰਤ ਖੜੀ ਕਰਨ ਲਈ*
*ਇੱਟਾਂ, ਮਿੱਟੀ ਦਾ ਗਾਰਾ, ਚੂਨਾ*
*ਵਰਤਿਆ ਜਾਂਦਾ ਸੀ:*
*ਭਾਬੋ ਮੇਰੀ ਢੋਵੇ ਪਾਣੀ,*
*ਵੀਰ ਦਾ ਪਵੇ ਚੁਬਾਰਾ।*
*ਨੌਂ ਭਾਂਤ ਦਾ ਚੂਨਾ ਲੱਗਦਾ,*
*ਤਿੰਨ ਭਾਂਤ ਦਾ ਗਾਰਾ।*
*ਵੇਖਣ ਜਾਣਾ ਸੀ,*
*ਚੀਨੀ ਦਾ ਗੁਬਾਰਾ।*

ਛੱਤ ਕਾਨੇ, ਸ਼ਤੀਰੀਆਂ, ਬਾਲੇ ਇੱਟਾਂ ਦੀ ਪਾਈ ਜਾਂਦੀ ਸੀ। ਘਰ ਬਣਾਉਣ ਦਾ ਕੰਮ ਪਰਵਾਰਕ ਮੈਂਬਰ ਆਪ ਕਰਦੇ ਸਨ। ਚੁਬਾਰਾ ਵੀ ਕੋਠੇ ਦੀ ਛੱਤ ਦੇ ਕਿਸੇ ਹਿੱਸੇ ਵਿੱਚ ਛੱਤਿਆ ਜਾਂਦਾ ਸੀ:

*ਜੇਠ ਜਠਾਣੀ ਇੱਟਾਂ ਢੋਂਦੇ,*
*ਮੈਂ ਢੋਂਦੀ ਸੀ ਗਾਰਾ।*
*ਮੇਰੀ ਹਾਅ ਵੱਜ ਗਈ,*
*ਸਿਖਰੋਂ ਡਿੱਗਿਆ ਚੁਬਾਰਾ।*

ਘਰ ਤਿਆਰ ਹੋ ਜਾਣ ਤੋਂ ਬਾਅਦ ਘਰਾਂ ਦੀਆਂ ਸੁਆਣੀਆਂ ਘਰਾਂ ਦੀਆਂ ਦੀਵਾਰਾਂ, ਵਿਹੜੇ ਦੀਆਂ ਕੰਧਾਂ ਅਤੇ ਬਨੇਰੇ ਲਿੱਪਦੀਆਂ ਸਨ, ਜੋ ਸੁਖਾਲਾ ਕੰਮ ਨਹੀਂ ਸੀ, ਤਦੇ ਹੀ ਬੇਟੀ ਆਪਣੇ ਬਾਪ ਨੂੰ ਅਜਿਹੇ ਤਰਲੇ ਪਾਉਂਦੀ ਹੈ:

*ਕਿਤੇ ਲਿੱਪਣੇ ਨਾ ਪੈਣ ਬਨੇਰੇ,*
*ਪੱਕਾ ਘਰ ਲੱਭੀਂ ਬਾਬਲਾ।*

******

*ਵੀਰ ਮੇਰੇ ਨੇ ਗੰਨੇ ਲਿਆਂਦੇ,*
*ਭਾਬੋ ਖਿੱਚਦੀ ਆਗ।*
*ਬਨੇਰੇ ਲਿੱਪਦੀ ਦੇ,*
*ਲੜ ਗਿਆ ਕਾਲਾ ਨਾਗ।*

ਘਰਾਂ ਦੀਆਂ ਕੰਧਾਂ ਵਿੱਚ ਹਵਾ ਅਤੇ ਰੌਸ਼ਨੀ ਲਈ ਬਾਰੀਆਂ ਬਣਾਈਆਂ ਜਾਂਦੀਆਂ ਸਨ ਅਤੇ ਚਿੱਤਰਕਾਰੀ ਇਕ ਸਜਾਵਟ ਦਾ ਸਾਧਨ ਸੀ, ਪਰ ਇਸ ਨਾਲ ਧਾਰਮਿਕ ਵਿਸ਼ਵਾਸ ਵੀ ਜੁੜੇ ਹੋਏ ਸਨ। ਦੀਵਾਰਾਂ ਮੁੱਖ ਦਰਵਾਜ਼ੇ ਨੂੰ ਲਿੱਪ ਕੇ ਉਪਰ ਗੇਰੂਏ, ਮਿੱਟੀ, ਗੋਹੇ, ਕਲੀ ਦੀ ਮਦਦ ਨਾਲ ਸੁਆਣੀਆਂ ਆਪਣੇ ਸਿੱਧ ਪੱਧਰੇ ਸੁਭਾਅ ਦੀ ਪੈਰਵੀ ਕਰਦੇ ਸਿੱਧ ਪੱਧਰੇ ਅਤੇ ਸਰਲ ਕਿਸਮ ਦੇ ਰੁੱਖਾਂ, ਪੰਛੀਆਂ, ਵੇਲਾਂ ਬੂਟਿਆਂ, ਦੇਵੀ ਦੇਵਤਿਆਂ ਦੇ ਨਾਲ ਸਬੰਧਤ ਚਿੱਤਰ ਬਣਾਉਂਦੀਆਂ ਸਨ।

ਪੰਜਾਬ ਸ਼ੁਰੂ ਤੋਂ ਖੇਤੀ ਪ੍ਰਧਾਨ ਪ੍ਰਾਂਤ ਰਿਹਾ ਹੈ। ਪੈਦਾ ਹੋਈ ਫਸਲ ਦੀ ਸਾਂਭ ਸੰਭਾਲ ਲਈ ਘਰਾਂ ਵਿੱਚ ਕੋਠੜੀ ਵੀ ਹੁੰਦੀ ਸੀ। ਅਨਾਜ ਤੋਂ ਇਲਾਵਾ ਹੋਰ ਵਾਧੂ ਸਾਮਾਨ ਵੀ ਕੋਠੜੀ ਵਿੱਚ ਰੱਖਿਆ ਜਾਂਦਾ ਸੀ। ਇਹ ਕੋਠੜੀ ਆਧੁਨਿਕ ਘਰਾਂ ਦੇ ਸਟੋਰ ਵਾਂਗੂ ਹੀ ਸੀ।

*ਮੈਂ ਤੈਨੂੰ ਆਖਦੀ ਬਾਬਲਾ,*
*ਮੇਰਾ ਅੱਸੂ ਦਾ ਕਾਜ ਰਚਾ ਵੇ,*
*ਅੰਨ ਨਾ ਤਰੱਕੇ ਕੋਠੜੀ ਤੇਰਾ,*
*ਦਹੀਂ ਨਾ ਅਮਲਾ ਜਾ ਵੇ।*

ਕੱਪੜੇ ਧੋਣ ਜਾਂ ਨਹਾਉਣ ਲਈ ਘਰ ਵਿੱਚ ਕਿਸੇ ਖਾਸ ਥਾਂ ਦਾ ਵਰਣਨ ਲੋਕ ਗੀਤਾਂ ਵਿੱਚ ਘੱਟ ਮਿਲਦਾ ਹੈ। ਨਹਾਉਣ ਅਤੇ ਕੱਪੜੇ ਧੋਣ ਲਈ ਤਲਾਬ, ਨਹਿਰ ਜਾਂ ਸਾਂਝੇ ਖੂਹਾਂ ਆਦਿ ਦਾ ਜ਼ਿਕਰ ਆਉਂਦਾ ਹੈ।

*ਢਾਈਆਂ-ਢਾਈਆਂ-ਢਾਈਆਂ*
*ਵੱਡਿਆਂ ਲੋਕਾਂ ਨੇ*
*ਧੀਆਂ ਪੜ੍ਹਨ ਸਕੂਲੇ ਪਾਈਆਂ*
*ਐਤਵਾਰ ਛੁੱਟੀ ਹੁੰਦੀ*
*ਲੀੜੇ ਧੋਣ ਨਹਿਰ 'ਤੇ ਆਈਆਂ।*

ਲੋਕ ਗੀਤਾਂ ਵਿੱਚ ਅਰਥਚਾਰੇ ਦੇ ਹਿਸਾਬ ਨਾਲ ਜਿਥੇ ਵੱਡੇ ਘਰਾਂ, ਚੁਬਾਰਿਆਂ, ਮਹਿਲਾਂ ਦਾ ਜ਼ਿਕਰ ਹੈ, ਉਥੇ ਛੋਟੇ ਘਰਾਂ ਦਾ ਵਰਣਨ ਵੀ ਆਉਂਦਾ ਹੈ। ਸਮਾਂ ਪਾ ਕੇ ਪੁਰਾਣੇ ਘਰ ਲੋਪ ਹੋ ਚੁੱਕੇ ਹਨ, ਸਾਦਗੀ ਸਮਾਪਤ ਹੋ ਚੁੱਕੀ ਹੈ, ਲੋਕ ਕਲਾਵਾਂ ਖਤਮ ਹੋ ਚੁੱਕੀਆਂ ਹਨ। ਸਮਾਜਿਕ ਅਤੇ ਸੱਭਿਆਚਾਰਕ ਜੀਵਨ ਦਿਖਾਵਾ ਮਾਤਰ ਬਣ ਗਿਆ ਹੈ। ਅਸੀਂ ਸਾਦਗੀ ਭਰਪੂਰ ਅਸਲੀ ਘਰਾਂ ਦੀ ਖੂਬਸੂਰਤ ਤਸਵੀਰ ਲੋਕ ਗੀਤਾਂ ਵਿੱਚ ਦੇਖ ਸਕਦੇ ਹਾਂ।

# Dr. Randhawa Dentistry

*Your own dentist who really cares for you*

**We Provide the following Services:**

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

Mayfield Rd / Mcvean Dr / Gore Rd / Squire Ellis Dr / DENTISTRY / Countryside Dr

**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044



# ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?



Anabela Serra
Sales Representative

ਸੰਪਰਕ ਕਰੋ:
416-400-5825

ROYAL LEPAGE
SUPREME REALTY, BROKERAGE
INDEPENDENTLY OWNED AND OPERATED

You're Invited To..

**OPEN HOUSE**

Saturday/Sunday 2pm to 4pm

"ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ"

1 Lagos Road | Etobicoke, Ontario



This Astounding Fully Renovated 3 Bedroom Home Features Top Quality Materials With Tasteful Finishes, Great Workmanship And Attention To Detail. Gleaming Hardwood Flooring Throughout, And 3 Sparkling New Bathrooms. Brand New Stainless Steel Appliances In Chefs Delight Kitchen. Separate Entrance To Basement, Possibility Of A Bachelor Apartment. Steps Away From Elementary School, Parks, Kipling Plaza And Public Library.

For More listings Visit anabelaserra.com



# NEED A LAWYER ??

Red Seal NOTARY

# KAUR LAW OFFICE



**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



FRANCHISES REQUIRED for Greece, Italy, Austria, Germany, Spain

# PERMANENT IMMIGRATION
Canada within 6-12 Months

We have confirmed job offers from Canadian Employers for:

- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers
- & lots of other Positions

Invest $200,000 (CAD) & Immigrate with family under Business Immigration



**Subhash Punia**
Immigration Counsel

Fast Track Immigration Under INVESTORS CLASS IMMIGRATION

Atlantic Immigration

By Appointment
MON-FRI
9:30AM - 5:30PM

2980 Drew rd. #230, Mississauga, ON L4T 0A7 | 905.362.0202 | 905.362.2158



# ASIAN FOOD CENTRE



## FRESH & LARGE VARIETY

| | | |
|---|---|---|
| Bread , Derry & Eggs | Fruits & Vegetables | Sweet & Samosas |
| Branded Foods | Beverages & Confectionery | Grocery & Staples |

*VEGETARIAN FOOD*
*HEALTHY EATING*



## SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336

284 Orenda Road #13
Brampton ON L6T 5S3
905-450-9167

10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109

